ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਹਾੜ-ਸਾਵਣ, ਸੰਮਤ ਨਾਨਕਸ਼ਾਹੀ ੫੪੮ ਜੁਲਾਈ 2016

ਜਿਲਦ ੬੦ ਅੰਕ ੪

*ਸੰਪਾਦਕ*

ਸਤਵਿੰਦਰ ਸਿੰਘ ਫੂਲਪੁਰ

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ` ੫ | ਸਾਲਾਨਾ | ` ੧੨੫੦ |
| ਸਾਲਾਨਾ | ` ੫੦ | ਪੰਜ ਸਾਲ | ` ੫੦੦੦ |
| ਪੰਜ ਸਾਲ | ` ੨੫੦ | ਲਾਈਫ਼ | ` ੧੦੦੦੦ |
| ਲਾਈਫ਼ | ` ੫੦੦ | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁ: ਪ੍ਰ: ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

Secretary
Dharam Parchar Committee
(S.G.P.C.)
Sri Amritsar-143006

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

**website : www.sgpc.net**

**e-mail :gurmatparkashmonthly@gmail.com,**
**gyan_gurmat@yahoo.com**

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School libraries by the Director of Public Instructions Punjab.
Vide Circular No. 4580-2/25-58-B-49154 Dated Oct. 1958

## ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਹਰਿਕਿਸਨ ਭਯੋ ਅਸਟਮ ਬਲ ਬੀਰਾ | -ਡਾ. ਰੂਪ ਸਿੰਘ | ੯ |
| ਸ੍ਰੀ ਅਕਾਲ ਤਖਤ ਸਾਹਿਬ ਜੀ | -ਪ੍ਰਿੰ. ਨਰਿੰਦਰ ਸਿੰਘ ਸੋਚ | ੧੩ |
| ਮੀਰੀ-ਪੀਰੀ ਦਾ ਸੰਕਲਪ | -ਸ. ਸੁਖਵੰਤ ਸਿੰਘ | ੨੧ |
| ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ: ਵਿਆਕਰਨਕ ਸੰਦਰਭ | -ਡਾ. ਗੁਰਮੇਲ ਸਿੰਘ | ੨੫ |
| . . . ਬਾਬਾ ਆਲੀ ਸਿੰਘ ਜੀ ਸਲੌਦੀ | -ਸ. ਸਿਮਰਜੀਤ ਸਿੰਘ | ੩੨ |
| ਭਾਈ ਮਨੀ ਸਿੰਘ ਜੀ ਸ਼ਹੀਦ | -ਸ. ਬਿਕਰਮਜੀਤ ਸਿੰਘ | ੪੩ |
| ਭਾਈ ਤਾਰੂ ਸਿੰਘ ਜੀ ਦੀ ਲਾਸਾਨੀ ਸ਼ਹੀਦੀ | -ਡਾ. ਗੁਰਚਰਨ ਸਿੰਘ | ੪੯ |
| ਗੁਰਮਤਿ ਸੰਗੀਤ ਅਤੇ ਵਾਰ ਗਾਇਨ | -ਡਾ. ਜਤਿੰਦਰ ਕੌਰ | ੫੬ |
| ਸ਼ਹੀਦ ਊਧਮ ਸਿੰਘ | -ਪ੍ਰੋ. ਕੁਲਬੀਰ ਸਿੰਘ | ੬੩ |
| ਸਿੱਖ ਨੌਜੁਆਨ ਪੀੜ੍ਹੀ ਨੂੰ ਸਾਂਭਣ ਦੀ ਮੁੱਖ ਲੋੜ | -ਸ. ਰਘਬੀਰ ਸਿੰਘ 'ਬੈਂਸ' | ੬੭ |
| ਸੋਹਣ ਸਿੰਘ ਸੀਤਲ ਰਚਿਤ ਇਤਿਹਾਸਿਕ ਨਾਵਲ | | |
| ਮਹਾਰਾਜਾ ਦਲੀਪ ਸਿੰਘ | -ਡਾ. ਭੁਪਿੰਦਰ ਸਿੰਘ | ੭੨ |
| ਗਿਆਨੀ ਲਾਲ ਸਿੰਘ: . . . | -ਡਾ. ਭਗਵੰਤ ਸਿੰਘ | ੮੨ |
| ਗਾਗਰ 'ਚ ਸਾਗਰ-- ੬੪ | -ਡਾ ਇੰਦਰਜੀਤ ਸਿੰਘ ਗੋਗੋਆਣੀ | ੮੭ |
| ਗੁਰਮਤਿ ਸਾਹਿਤ ਦੇ ਰੂ-ਬਰੂ-- ੩ | -ਡਾ. ਰਣਜੀਤ ਕੌਰ ਪੰਨਵਾਂ | ੯੦ |
| ਪੁਸਤਕ ਰੀਵਿਊ | | ੯੩ |
| ਮੈਂ ਨਹੀਂ ਕੇਸ ਕਟਾਉਣੇ (ਕਵਿਤਾ) | -ਸ. ਬਲਬੀਰ ਸਿੰਘ ਬੇਲੀ | ੯੪ |
| ਖ਼ਬਰਨਾਮਾ | | ੯੫ |
| ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ | | ੯੭ |

# ਗੁਰਬਾਣੀ ਵਿਚਾਰ

*ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥*
*ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥*
*ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥*
*ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥*
*ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ॥*
*ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ॥*
*ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ॥*
*ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ॥*
*ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥੬॥ (ਪੰਨਾ ੧੩੪)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ "ਬਾਰਹ ਮਾਹਾ ਮਾਂਝ" ਦੀ ਇਸ ਪਾਵਨ ਪਉੜੀ ਦੁਆਰਾ ਸਾਉਣ ਮਹੀਨੇ ਦੀ ਵਰਖਾ ਦੀ ਰੁੱਤ ਤੇ ਇਸ ਨਾਲ ਸੰਬੰਧਿਤ ਬਿੰਬਾਵਲੀ ਤੇ ਵਾਤਾਵਰਨ ਦੇ ਪ੍ਰਸੰਗ ਵਿਚ ਮਨੁੱਖ ਰੂਪੀ ਜੀਵ-ਇਸਤਰੀ ਨੂੰ ਮਨੁੱਖਾ ਜੀਵਨ ਰੂਪੀ ਸਾਉਣ ਮਹੀਨੇ ਦੀ ਸੁਹਾਵਣੀ ਤੇ ਅਨੁਕੂਲ ਬਹਾਰ ਦਾ ਪੂਰਾ-ਪੂਰਾ ਆਤਮਿਕ ਲਾਭ ਲੈਂਦਿਆਂ ਅਤਿ ਦੁਰਲੱਭ ਮਨੁੱਖਾ ਜਨਮ ਵਿਚ ਪਰਮਾਤਮਾ ਰੂਪੀ ਪਤੀ ਨਾਲ ਸਦੀਵੀ ਮਿਲਾਪ ਕਰਨ ਦਾ ਗੁਰਮਤਿ ਗਾਡੀ ਮਾਰਗ ਬਖ਼ਸ਼ਿਸ਼ ਕਰਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਸਾਉਣ ਮਹੀਨੇ ਦੀ ਰੁੱਤ ਇੰਨੀ ਰਸ ਵਾਲੀ ਤੇ ਹਰੀ-ਭਰੀ ਹੈ ਕਿ ਇਸ ਵਿਚ ਮਨੁੱਖ-ਮਾਤਰ ਰੂਪੀ ਜੀਵ-ਇਸਤਰੀ ਪਤੀ-ਪਰਮਾਤਮਾ ਦੇ ਕੰਵਲ ਜਿਹੇ ਸੁੰਦਰ ਤੇ ਮਨੋਹਰ ਚਰਨਾਂ ਦੇ ਨਾਲ ਜੁੜ ਸਕਦੀ ਹੈ। ਇਸ ਅਨੁਕੂਲ ਸੁਖਾਵੀਂ ਬਹਾਰ ਵਿਚ ਉਸ ਦਾ ਇਨ੍ਹਾਂ ਨਾਲ ਸਹਿਜੇ ਹੀ ਪਿਆਰ ਬਣ ਜਾਂਦਾ ਹੈ। ਇਸ ਵਿਚ ਉਸ ਦਾ ਮਨ ਅਤੇ ਸਰੀਰ ਭਾਵ ਉਸ ਦਾ ਸਮੁੱਚਾ ਆਪਾ ਪਰਮਾਤਮਾ ਦੇ ਸੱਚੇ ਰੰਗ ਵਿਚ ਰੰਗੀਜ ਕੇ ਉਸ ਦੇ ਸਦੀਵੀ ਜੀਵਨ ਪ੍ਰਦਾਨ ਕਰਨ ਵਾਲੇ ਨਾਮ ਨੂੰ ਆਪਣਾ ਇੱਕੋ-ਇੱਕ ਆਸਰਾ ਬਣਾ ਲੈਂਦਾ ਹੈ। ਜੀਵ-ਇਸਤਰੀ ਨੂੰ ਜ਼ਹਿਰੀਲਾ ਰੰਗ ਭਾਵ ਨਿਰੋਲ ਸੰਸਾਰਿਕਤਾ ਝੂਠੀ ਮਹਿਸੂਸ ਹੋਣ ਲੱਗਦੀ ਹੈ ਤੇ ਇਸ ਸੰਸਾਰ ਦੇ ਮਨ ਨੂੰ ਮੋਹ ਲੈਣ ਵਾਲੇ ਪਦਾਰਥ ਤੇ ਧਨ-ਦੌਲਤ ਆਦਿ ਸੁਆਹ ਜਿਹੇ ਭਾਵ ਕਿਸੇ ਕੰਮ ਨਾ ਆ ਸਕਣ ਵਾਲੇ ਦਿੱਸਣ ਲੱਗਦੇ ਹਨ। ਉਸ ਨੂੰ ਇਹ ਮਹਿਸੂਸ ਹੋ ਜਾਂਦਾ ਹੈ ਕਿ ਪਰਮਾਤਮਾ ਦੇ ਸੱਚੇ ਨਾਮ ਦਾ ਤੁਪਕਾ ਹੀ ਸੱਚੇ ਗੁਰੂ ਨੂੰ ਮਿਲ ਕੇ ਪੀਣ ਦੇ ਯੋਗ ਹੈ ਨਾ ਕਿ ਕੁਝ ਹੋਰ। ਉਸ ਨੂੰ ਇਹ ਅਨੁਭੂਤੀ ਵੀ ਹੋ ਜਾਂਦੀ ਹੈ ਕਿ ਸਾਰੀ ਬਨਸਪਤੀ ਮਾਲਕ ਪਰਮਾਤਮਾ ਨਾਲ ਜੁੜ ਕੇ ਹੀ ਵਿਗਸਦੀ-ਮਹਿਕਦੀ ਹੈ, ਇਹ ਅਸੀਮ ਸਮਰੱਥਾ ਉਸ ਅਕਾਲ ਪੁਰਖ ਦੀ ਹੀ ਹੈ ਨਾ ਕਿ ਕਿਸੇ ਹੋਰ ਦੀ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਾਉਣ ਦੀ ਸੁਹਾਵਣੀ ਰੁੱਤ ਵਿਚ ਜੀਵ-ਇਸਤਰੀ ਦਾ ਮਨ ਤਾਂ ਮਾਲਕ ਨੂੰ ਮਿਲਣ ਵਾਸਤੇ ਤਾਂਘ ਰੱਖਦਾ ਹੈ ਐਪਰ ਆਪਣੀ ਮਿਹਰ ਕਰਕੇ ਆਪਣੇ ਨਾਲ ਮਿਲਾਉਣ ਵਾਲਾ ਉਹ ਮਾਲਕ ਆਪ ਹੀ ਹੈ ਭਾਵ ਇਹ ਮੰਜ਼ਲ ਜੀਵ-ਇਸਤਰੀ ਦੇ ਹੀ ਯਤਨਾਂ ਆਦਿ ਕਰਕੇ ਹਾਸਲ ਨਹੀਂ ਹੋ ਸਕਦੀ। ਮੈਂ ਜੀਵ-ਇਸਤਰੀ ਆਪਣੀਆਂ ਉਨ੍ਹਾਂ ਸਹੇਲੀਆਂ ਤੋਂ ਵਾਰੇ-ਬਲਿਹਾਰੇ ਜਾਂਦੀ ਹਾਂ ਜਿਨ੍ਹਾਂ ਸਾਉਣ ਦੀ ਸੁਹਾਵਣੀ ਬਹਾਰ ਦਾ ਲਾਹਾ ਲੈਂਦਿਆਂ ਮਾਲਕ ਨੂੰ ਹਾਸਲ ਕਰ ਲਿਆ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਮਿਲਾਪ ਦੀ ਤਾਂਘ ਰੱਖਣ ਵਾਲੀ ਜੀਵ-ਇਸਤਰੀ ਬੇਨਤੀ ਜੋਦੜੀ ਕਰਦੀ ਹੈ ਕਿ ਹੇ ਮਾਲਕ ਜੀਓ, ਕਿਰਪਾ ਬਖ਼ਸ਼ਿਸ਼ ਕਰੋ, ਮੈਨੂੰ ਗੁਰ-ਸ਼ਬਦ ਦੁਆਰਾ ਸੁਆਰ ਲਵੋ ਕਿਉਂਕਿ ਇਕ ਗੁਰੂ-ਸ਼ਬਦ ਹੀ ਹੈ ਜੋ ਜਗਿਆਸੂ ਨੂੰ ਸੁਆਰਨ ਵਾਲਾ ਭਾਵ ਉਸ ਦਾ ਆਤਮਿਕ ਕਲਿਆਣ ਕਰਨ ਵਾਲਾ ਹੈ। ਜਿਨ੍ਹਾਂ ਜੀਵ-ਇਸਤਰੀਆਂ ਨੇ ਆਪਣੇ ਹਿਰਦੇ ਰੂਪੀ ਗਲੇ ਵਿਚ ਮਾਲਕ ਪਰਮਾਤਮਾ ਦੇ ਸੱਚੇ ਨਾਮ ਦਾ ਹਾਰ ਪਹਿਨ ਲਿਆ ਹੈ ਅਰਥਾਤ ਜੋ ਇਕ ਪਲ ਵੀ ਇਸ ਨਾਮ ਨੂੰ ਨਹੀਂ ਵਿਸਾਰਦੀਆਂ, ਸਾਉਣ ਦਾ ਮਹੀਨਾ ਸਹੀ ਅਰਥਾਂ ਵਿਚ ਉਨ੍ਹਾਂ ਨੂੰ ਮਾਲਕ ਨਾਲ ਇਕਮਿਕ ਜੁੜੀਆਂ ਬਣਾਉਣ 'ਚ ਸਹਾਈ ਹੁੰਦਾ ਹੈ। ■

ਸੰਪਾਦਕੀ...

# ਮੀਰੀ-ਪੀਰੀ ਵਿਹਾਰਕ ਜੀਵਨ ਦਾ ਆਧਾਰ

*ਮੀਰੀ-ਪੀਰੀ ਮਨੁੱਖੀ ਸ਼ਖ਼ਸੀਅਤ ਦੀ ਸੰਪੂਰਨਤਾ ਦਾ ਪ੍ਰਤੀਕ ਹੈ, ਇਹ ਧਰਮ ਦੀ ਵਿਆਪਕਤਾ ਆਧਾਰ ਹੈ, ਇਹ ਆਦਰਸ਼ਕ ਰਾਜਨੀਤੀ, ਨਰੋਏ ਸਮਾਜ ਅਤੇ ਹਲੀਮੀ ਰਾਜ ਦਾ ਮਾਡਲ ਹੈ। ਗੁਰਬਾਣੀ ਅੰਦਰ ਸਿਧਾਂਤ ਰੂਪ ਵਿਚ ਇਸ ਦੀ ਵਿਸਤਰਿਤ ਵਿਆਖਿਆ ਮਿਲਦੀ ਹੈ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਇਸ ਦਾ ਪਰਤੱਖ ਰੂਪ ਸਾਹਮਣੇ ਆਉਂਦਾ ਹੈ।*

*ਅੰਤਰਮੁਖਤਾ ਅਤੇ ਬਾਹਰਮੁਖਤਾ ਮਨੁੱਖ ਦੀਆਂ ਦੋ ਮਾਨਸਿਕ ਬਿਰਤੀਆਂ ਹਨ। ਇਨ੍ਹਾਂ ਨੂੰ ਪਰਵਿਰਤੀ-ਨਿਰਵਿਰਤੀ, ਦੀਨ-ਦੁਨੀ, ਅੰਜਨ-ਨਿਰੰਜਨ, ਜੋਗ-ਭੋਗ ਆਦਿ ਸੰਕਲਪਾਂ ਰਾਹੀਂ ਸਮਝਿਆ ਜਾ ਸਕਦਾ ਹੈ। ਭਾਰਤ ਵਿਚ ਇਨ੍ਹਾਂ ਵਿਪਰੀਤ ਮਾਨਸਿਕ ਬਿਰਤੀਆਂ 'ਤੇ ਆਧਾਰਿਤ ਪਰਵਿਰਤੀ ਮਾਰਗ ਅਤੇ ਨਿਰਵਿਰਤੀ ਮਾਰਗ ਪ੍ਰਚਲਿਤ ਰਹੇ ਹਨ। ਪਰਵਿਰਤੀ ਦਾ ਅਰਥ ਹੈ-- ਮਨ ਦਾ ਸੰਸਾਰਕ ਪਦਾਰਥਾਂ ਵੱਲ ਝੁਕਾਅ ਅਤੇ ਨਿਰਵਿਰਤੀ ਦਾ ਭਾਵ ਹੈ-- ਦੁਨਿਆਵੀ ਪਦਾਰਥਾਂ ਵੱਲੋਂ ਉਪਰਾਮਤਾ। ਮਨੁੱਖ ਦਾ ਇਨ੍ਹਾਂ ਵਿੱਚੋਂ ਇਕ ਵੱਲ ਝੁਕਾਅ ਆਪਣੇ ਆਪ ਵਿਚ ਅਧੂਰਾ ਹੈ। ਇਨ੍ਹਾਂ ਦੋਨਾਂ ਮਾਰਗਾਂ ਵਿਚ ਇਕਸੁਰਤਾ ਦੀ ਅਣਹੋਂਦ ਕਾਰਨ ਪਰਵਿਰਤੀ ਮਾਰਗ ਵਾਲੇ ਸੰਸਾਰਕਤਾ ਵਿਚ ਖੱਚਤ ਹੋ ਕੇ ਪਰਮਾਰਥ ਤੋਂ ਵਾਂਝੇ ਰਹਿ ਗਏ ਅਤੇ ਨਿਰਵਿਰਤੀ ਮਾਰਗ ਵਾਲੇ ਘਰ-ਪਰਵਾਰ ਤਿਆਗ ਕੇ ਸਮਾਜ ਲਈ ਨਿਕੰਮੇ ਸਾਬਤ ਹੋਏ। ਇਹ ਦੋਵੇਂ ਮਾਰਗ ਧਰਮ ਅਤੇ ਸਮਾਜ ਦੀ ਅਧੋਗਤੀ ਦਾ ਕਾਰਨ ਬਣੇ। ਇਸ ਲਈ ਜਿੰਨੀ ਦੇਰ ਪਰਵਿਰਤੀ ਅਤੇ ਨਿਰਵਿਰਤੀ ਦੋਹਾਂ ਮਾਨਸਿਕ ਬਿਰਤੀਆਂ/ ਦੋਹਾਂ ਮਾਰਗਾਂ ਵਿਚਕਾਰ ਇਕਸੁਰਤਾ ਕਾਇਮ ਨਾ ਕੀਤੀ ਜਾਂਦੀ ਉਨੀਂ ਦੇਰ ਆਦਰਸ਼ਕ ਧਰਮ, ਆਦਰਸ਼ਕ ਸਮਾਜ ਅਤੇ ਆਦਰਸ਼ਕ ਰਾਜਨੀਤੀ ਦੀ ਕਲਪਨਾ ਨਹੀਂ ਸੀ ਕੀਤੀ ਜਾ ਸਕਦੀ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਪਰਵਿਰਤੀ ਅਤੇ ਨਿਰਵਿਰਤੀ ਦੋਨੋਂ ਹੱਠ ਹਨ ਅਤੇ ਅਸਲ ਧਰਮ ਹੀ ਉਹ ਸ਼ਕਤੀ ਹੈ ਜੋ ਦੋਨਾਂ ਵਿਚ ਇਕਸੁਰਤਾ ਪੈਦਾ ਕਰਦੀ ਹੈ:*

*ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ॥ (ਪੰਨਾ ੧੨੮੦)*

*ਇਹ ਇਕਸੁਰਤਾ ਸਹਿਜ ਦੀ ਅਵਸਥਾ ਹੈ, ਜਿੱਥੇ* ***ਸਹਜੇ ਗ੍ਰਿਹ ਮਹਿ ਸਹਜਿ ਉਦਾਸੀ*** *ਵਾਲੀ ਨਰੋਈ ਜੀਵਨ-ਜਾਚ ਹੈ। ਦੋਨਾਂ ਮਾਰਗਾਂ ਵਿਚ ਇਕਸੁਰਤਾ ਵਾਲੀ ਇਹ ਜੀਵਨ-ਜਾਚ ਹੀ ਮਨੁੱਖ ਦਾ ਹਲਤ-ਪਲਤ ਸੰਵਾਰ ਸਕਦੀ ਹੈ। ਇਹੋ ਰਾਜ ਜੋਗ ਦਾ ਤਖ਼ਤ ਹੈ। ਇਸ ਦੇ ਰਾਜ ਜੋਗ ਵਿਚ ਇਕਸੁਰਤਾ ਕਾਰਨ ਇਸ ਦਾ ਰਾਜ ਜਾਲਮ ਬਿਰਤੀ ਵਾਲਾ ਨਹੀਂ ਸਗੋਂ ਨਿਰਮਲ ਕਰਮ (ਸੇਵਾ) ਇਸ ਦਾ ਆਦਰਸ਼ ਹੈ। ਇਸ ਦਾ ਜੋਗ ਭਾਂਜਵਾਦੀ ਨਹੀਂ। ਇਹ ਤਾਂ* ***ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ*** *ਵਾਲੀ ਨਰੋਈ ਜੀਵਨ-ਜਾਚ ਹੈ। ਇਹੋ ਮੀਰੀ-ਪੀਰੀ ਦਾ ਆਧਾਰ ਹੈ।*

*ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹਲਤ-ਪਲਤ, ਦੀਨ-ਦੁਨੀ ਦੀ ਇਕਸੁਰਤਾ ਨੂੰ ਅੱਗੇ ਤੋਰਦਿਆਂ* ***'ਹਰਿ ਕੋ ਨਾਮੁ ਜਪਿ ਨਿਰਮਲ ਕਰਮੁ'*** *ਦੇ ਸਿਧਾਂਤ*

*ਰਾਹੀਂ ਸ੍ਰੇਸ਼ਟ ਧਰਮ ਦੀ ਪਰਿਭਾਸ਼ਾ ਮਨੁੱਖਤਾ ਸਾਹਮਣੇ ਪੇਸ਼ ਕੀਤੀ। ਪਰਮਾਤਮਾ ਦੀ ਭਗਤੀ (ਪੀਰੀ ਦਾ ਕਰਮ) ਅਤੇ ਮਨੁੱਖੀ ਭਲਾਈ ਦੇ ਕੰਮ (ਮੀਰੀ ਦਾ ਕਰਮ) ਇੱਕੋ ਸੰਪੂਰਨ ਸ਼ਖ਼ਸੀਅਤ ਦੇ ਗੁਣ ਹਨ। ਪੀਰ ਨੇ ਧਾਰਮਿਕ ਕਰਮ ਦੇ ਨਾਲ ਮਨੁੱਖਤਾ ਦੀ ਭਲਾਈ ਦੇ ਕੰਮ ਵੀ ਕਰਨੇ ਹਨ। ਜੇਕਰ ਇਸ ਮੰਤਵ ਪੂਰਤੀ ਵਿਚ ਕੋਈ ਵਿਘਨ ਪਾਉਣ ਦੀ ਕੋਸ਼ਿਸ਼ ਕਰੇ ਤਾਂ ਸ਼ਸਤਰ-ਸ਼ਾਸਤਰ ਦੇ ਸਿਧਾਂਤ ਨੂੰ ਅਮਲ ਵਿਚ ਲਿਆਉਂਦਿਆਂ ਪੀਰ ਨੇ ਤਲਵਾਰ ਵੀ ਚੁੱਕਣੀ ਹੈ। ਦੇਗ ਦੇ ਨਾਲ ਤੇਗ ਦਾ ਇਹ ਸਿਧਾਂਤ ਮੀਰੀ ਦੇ ਰੂਪ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਸਿੱਖੀ ਜੀਵਨ ਦੇ ਅਨਿੱਖੜ ਅੰਗ ਦੇ ਰੂਪ ਵਿਚ ਸਾਹਮਣੇ ਆਇਆ। ਦੂਸਰੇ ਪਾਸੇ ਮੀਰ ਨੇ ਵੀ ਹਮੇਸ਼ਾਂ ਧਰਮ ਸੱਤਾ ਦੀ ਨਿਵਾਜ਼ਿਸ਼ ਵਿਚ ਰਹਿ ਕੇ ਰਾਜ ਸੱਤਾ ਨੂੰ ਨਿਰਮਲ ਕਰਮ ਬਣਾਉਣਾ ਹੈ।*

*ਮੀਰੀ-ਪੀਰੀ ਨੇ ਭਗਤੀ ਸ਼ਕਤੀ ਦੇ ਰੂਪ ਵਿਚ ਧਾਰਮਿਕ ਅਤੇ ਰਾਜਨੀਤਕ ਜੀਵਨ ਦੇ ਦੋ ਪਹੀਆਂ ਦੀ ਤਰ੍ਹਾਂ ਇਕ ਦੂਸਰੇ ਦੇ ਪੂਰਕ ਹੋ ਕੇ ਚੱਲਣਾ ਹੈ। ਇਕ ਤੋਂ ਬਿਨਾ ਦੂਸਰਾ ਅਧੂਰਾ ਹੈ ਅਤੇ ਅਧੂਰੇ ਦੇ ਆਪਹੁਦਰੇਪਨ ਕਾਰਨ ਜੀਵਨ ਰੌਂ ਬਿਖਰ ਜਾਂਦੀ ਹੈ। ਭਗਤੀ ਤੋਂ ਬਿਨਾ ਸ਼ਕਤੀ ਦੂਹਰਾ ਰਵੱਈਆ ਅਖਤਿਆਰ ਕਰ ਲੈਂਦੀ ਹੈ। ਮਜਲੂਮ ਸਾਹਮਣੇ ਇਹ ਜ਼ਾਲਮ ਬਣ ਜਾਂਦੀ ਹੈ ਅਤੇ ਆਪਣੇ ਤੋਂ ਜਾਬਰ ਸਾਹਮਣੇ ਕਾਇਰ ਸਾਬਤ ਹੁੰਦੀ ਹੈ ਸਦੀਆਂ ਦਾ ਭਾਰਤੀ ਇਤਿਹਾਸ ਇਸ ਦੀ ਉਦਾਹਰਨ ਰਿਹਾ ਹੈ। ਦੂਜੇ ਪਾਸੇ ਸ਼ਕਤੀ ਤੋਂ ਬਿਨਾ ਭਗਤੀ ਵੀ ਕਾਇਰ ਹੀ ਰਹਿੰਦੀ ਹੈ ਜੋ ਆਪਣਾ ਬਚਾਅ ਆਪ ਕਰਨ ਦੇ ਸਮਰੱਥ ਵੀ ਨਹੀਂ ਰਹਿੰਦੀ। ਆਪਸੀ ਸੰਤੁਲਨ ਨਾ ਹੋਣ ਕਾਰਨ ਇਕ ਦੂਸਰੇ ਦੇ ਅਧਿਕਾਰ ਖੇਤਰ ਵਿਚ ਬੇਲੋੜੀ ਦਖ਼ਲ-ਅੰਦਾਜ਼ੀ ਨੇ ਵੀ ਧਾਰਮਿਕ ਅਤੇ ਸਮਾਜਿਕ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਅਖੌਤੀ ਪੀਰ ਨੇ ਧਰਮ ਦੀ ਕਰੋਪੀ ਦੇ ਡਰਾਵੇ ਦੇ ਕੇ ਮੀਰ ਦੇ ਅਧਿਕਾਰ ਖੇਤਰ ਵਿਚ ਬੇਲੋੜੀ ਦਖ਼ਲ-ਅੰਦਾਜ਼ੀ ਕੀਤੀ ਹੈ। ਮੀਰ ਨੇ ਵੀ ਆਪਣੀ ਹਕੂਮਤ ਦੇ ਨਸ਼ੇ ਵਿਚ ਪੀਰ ਨੂੰ ਬਹੁਤ ਤਸੀਹੇ ਦਿੱਤੇ ਹਨ। ਕਈ ਵਾਰ ਮੀਰ ਅਤੇ ਪੀਰ ਦੋਨਾਂ ਨੇ ਮਿਲ ਕੇ ਲੋਕਾਂ ਉੱਪਰ ਅੰਤਾਂ ਦੇ ਜ਼ੁਲਮ ਢਾਹੇ ਹਨ।*

*ਅਜਿਹੀ ਦਸ਼ਾ ਵਿਚ ਗੁਰਮਤਿ ਦਾ ਮੀਰੀ-ਪੀਰੀ ਦੇ ਸੁਮੇਲ ਦਾ ਮਾਰਗ ਭਾਰਤੀ ਸਮਾਜ ਲਈ ਚਾਨਣ-ਮੁਨਾਰਾ ਸਾਬਤ ਹੋਇਆ। ਇਸ ਦੀ ਭਗਤੀ* ***ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ*** *ਵਾਲੀ ਕਾਇਰ ਭਗਤੀ ਨਹੀਂ। ਇਹ ਦਿਸ਼ਾਹੀਣ ਭਗਤੀ ਵਾਂਗ ਮੁਕਤੀ ਪ੍ਰਾਪਤੀ ਲਈ ਆਰੇ ਨਾਲ ਸਿਰ ਕਟਾਉਣ ਨਾਲੋਂ ਧਰਮ ਦੀ ਰਾਖੀ ਲਈ ਸੀਸ ਕਟਾਉਣ ਦਾ ਆਦਰਸ਼ ਪੇਸ਼ ਕਰਦੀ ਹੈ। ਇਸ ਦੀ ਸ਼ਕਤੀ ਤਲਵਾਰ ਨਾਲ ਜ਼ਾਲਮ ਦਾ ਮੂੰਹ ਮੋੜਨਾ ਜਾਣਦੀ ਹੈ। ਇਹ ਜ਼ਾਲਮ ਹਮਲਾਵਰ ਨੂੰ ਵੇਖ ਕੇ* ***ਕੋਟੀ ਹੂ ਪੀਰ ਵਰਜਿ ਰਹਾਏ*** *ਵਾਲੀ ਕਾਇਰਤਾ ਦੀ ਹਾਮੀ ਨਹੀਂ। ਭਗਤੀ ਵਿੱਚੋਂ ਉਪਜੀ ਇਸ ਦੀ ਸ਼ਕਤੀ* ***ਅਤਿ ਹੀ ਰਨ ਮੈ ਤਬ ਜੂਝ ਮਰੋਂ*** *ਦਾ ਜਜ਼ਬਾ ਪੈਦਾ ਕਰਦੀ ਹੈ। ਇਸ ਤਰ੍ਹਾਂ ਮੀਰੀ-ਪੀਰੀ ਦੇ ਸਿਧਾਂਤ ਨੇ ਮਨੁੱਖ ਦੇ ਵਿਅਕਤੀਗਤ ਅਤੇ ਸੰਸਥਾਗਤ ਦੋਹਾਂ ਰੂਪਾਂ ਵਿਚ ਅਗਵਾਈ ਕਰਨੀ ਹੈ। ਧਰਮ ਤੇ ਰਾਜਨੀਤੀ ਦੇ ਸੰਬੰਧ ਵਿਚ ਜੇਕਰ ਰਾਜਨੀਤੀ ਧਰਮ ਨੂੰ ਆਪਣੇ ਹਿੱਤ ਵਿਚ ਵਰਤਣ ਦੀ ਕੋਸ਼ਿਸ਼ ਕਰੇਗੀ ਜਾਂ ਧਰਮ ਰਾਜਨੀਤੀ ਦੀ ਅਧੀਨਗੀ ਸਵੀਕਾਰ ਕਰ ਲਵੇਗਾ ਤਾਂ ਮੀਰੀ-ਪੀਰੀ*

*ਦੇ ਸਿਧਾਂਤ ਦੀ ਘੋਰ ਉਲੰਘਣਾ ਹੋਵੇਗੀ।*

*ਅਜੋਕੇ ਸਮੇਂ ਧਰਮ ਅਤੇ ਰਾਜਨੀਤੀ ਦੇ ਸਬੰਧ ਵਿਚ ਮੀਰੀ-ਪੀਰੀ ਦਾ ਸੰਕਲਪ ਹੀ ਉਸਾਰੂ ਸੇਧ ਦੇਣ ਦੇ ਸਮਰੱਥ ਹੈ। ਅੱਜ ਲੋਕਤੰਤਰ ਦੇ ਯੁੱਗ ਵਿਚ ਬਹੁਧਰਮੀ ਦੇਸ਼ਾਂ ਵਿਚ ਘੱਟ-ਗਿਣਤੀ ਧਰਮ ਦੇ ਪੈਰੋਕਾਰ ਅਸੁਰੱਖਿਅਤ ਹਨ। ਬੇਗਾਨੀ ਰਾਜ ਸੱਤਾ ਵਿਚ ਦੂਸਰੇ ਧਰਮ ਦੇ ਪੈਰੋਕਾਰਾਂ ਨੂੰ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਦੇ ਗ਼ਲਾਂ ਵਿਚ ਟਾਇਰ ਪਾ ਕੇ ਸਾੜਿਆ ਜਾਂਦਾ ਹੈ, ਉਨ੍ਹਾਂ ਦੇ ਧਰਮ ਅਸਥਾਨਾਂ ਨੂੰ ਤੋਪਾਂ ਟੈਂਕਾਂ ਨਾਲ ਉਡਾਇਆ ਜਾਂਦਾ ਹੈ। ਅਜਿਹੀ ਦਸ਼ਾ ਵਿਚ* ***ਰਾਜ ਬਿਨਾ ਨਹਿ ਧਰਮ ਚਲੈ ਹੈਂ*** *ਦੇ ਕਥਨ ਅਨੁਸਾਰ ਧਰਮ ਦੀ ਆਪਣੀ ਰਾਜ ਸੱਤਾ ਦੀ ਅਹਿਮੀਅਤ ਮਹਿਸੂਸ ਹੁੰਦੀ ਹੈ। ਕਿਉਂਕਿ ਧਰਮ ਦੀ ਰਾਖੀ ਲਈ ਰਾਜ ਰੂਪੀ ਵਾੜ ਦਾ ਹੋਣਾ ਲਾਜ਼ਮੀ ਹੈ। ਇਸੇ ਦੂਰ-ਅੰਦੇਸ਼ੀ ਤਹਿਤ ਪੀਰੀ ਦੇ ਨਾਲ ਮੀਰੀ ਦੀ ਕਿਰਪਾਨ ਧਾਰਨ ਕਰਕੇ ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਨਾਨਕ ਰਾਜ ਦੇ ਪਾਤਸ਼ਾਹੀ ਦਾਵੇ ਹਲਤ ਮੁਖੀ ਪ੍ਰਭੁਤਾ ਨੂੰ ਸਪੱਸ਼ਟ ਕਰ ਦਿੱਤਾ ਸੀ। ਇਹੋ ਖਾਲਸਾ ਰਾਜ ਦੀ ਉਮੰਗ ਹੈ। ਇਸ ਲਈ ਧਰਮ ਅਤੇ ਰਾਜਨੀਤੀ ਵਿਚਕਾਰ ਇਕਸੁਰਤਾ ਹੀ ਲੋਕਤੰਤਰ ਦਾ ਆਦਰਸ਼ ਹੋ ਸਕਦਾ ਹੈ। ਧਰਮ ਅਤੇ ਰਾਜਨੀਤੀ ਵਿਚ ਇਕਸੁਰਤਾ ਹੋਣ ਦੇ ਬਾਵਜੂਦ ਇਨ੍ਹਾਂ ਦੋਨ੍ਹਾਂ ਦੇ ਅਧਿਕਾਰ ਖੇਤਰ ਵੱਖਰੋ ਵੱਖਰੇ ਹਨ। ਰਾਜਨੀਤੀ ਨੇ ਧਰਮ ਦੀ ਯੋਗ ਅਗਵਾਈ ਵਿਚ ਕਾਰਜਸ਼ੀਲ ਰਹਿਣਾ ਹੈ ਕਿਉਂਕਿ ਦਾਰਸ਼ਨਿਕ ਪੱਧਰ 'ਤੇ ਮੀਰੀ ਰਜੋ, ਤਮੋ, ਸਤੋ ਤਿੰਨਾਂ ਗੁਣਾਂ ਤਕ ਸੀਮਤ ਹੈ। ਇਸ ਲਈ ਮੀਰੀ ਦੀ ਪੂਰੇ ਵਿਸ਼ਵ ਉੱਪਰ ਰਾਜ ਕਰਨ ਦੀ ਲਾਲਸਾ ਨੇ ਮਨੁੱਖਤਾ ਨੂੰ ਬੜੇ ਭਿਆਨਕ ਦੁੱਖ ਦਿੱਤੇ ਹਨ। ਪੀਰੀ ਚੌਥੇ ਪਦ ਦਾ ਗੁਣ ਹੈ। ਜਿਸ ਨੂੰ ਸਹਿਜ ਅਵਸਥਾ ਕਹਿੰਦੇ ਹਨ। ਪੀਰੀ ਦੀ ਅਗਵਾਈ ਵਿਚ ਮੀਰੀ ਦੇ ਤਿੰਨੇ ਗੁਣ ਸੰਤੁਲਨ ਵਿਚ ਆ ਜਾਂਦੇ ਹਨ। ਇਸ ਤਰ੍ਹਾਂ ਰੂਹਾਨੀ, ਸਦਾਚਾਰਕ ਤੇ ਪਦਾਰਥਕ ਇਕਸੁਰਤਾ ਵਿੱਚੋਂ ਮਨੁੱਖੀ ਬਰਾਬਰੀ, ਪਰਉਪਕਾਰ, ਸਮਾਜ-ਸੇਵਾ, ਦਇਆ, ਇਨਸਾਫ ਆਦਿ ਗੁਣਾਂ ਵਾਲੇ ਹਲੀਮੀ ਰਾਜ ਦਾ ਸੁਪਨਾ ਸਾਕਾਰ ਹੁੰਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਿਰਪਾਨਾਂ ਨੂੰ ਮੀਰੀ-ਪੀਰੀ ਦੋਨਾਂ ਦੇ ਪ੍ਰਤੀਕ ਵਜੋਂ ਵਰਤ ਕੇ ਦੁਨੀਆ ਦੇ ਇਤਿਹਾਸ ਵਿਚ ਪਹਿਲੀ ਵਾਰ ਸੰਤ-ਸਿਪਾਹੀ ਦੇ ਨਿਵੇਕਲੇ ਸਰੂਪ ਨੂੰ ਪ੍ਰਤੱਖ ਰੂਪ ਵਿਚ ਪ੍ਰਗਟ ਕੀਤਾ ਹੈ।*

*ਇਸ ਧਰਤੀ ਉੱਪਰ ਮਨੁੱਖੀ ਸ਼ਖ਼ਸੀਅਤ ਦੀ ਘਾੜਤ ਮੀਰੀ-ਪੀਰੀ ਦੇ ਧਾਰਨੀ ਹੋ ਕੇ ਹੀ ਸੰਪੂਰਨ ਹੋਣੀ ਸੀ। ਇਸ ਲਈ ਪਹਿਲੇ ਗੁਰੂ ਸਾਹਿਬਾਨ ਨੇ ਮੀਰੀ-ਪੀਰੀ ਨੂੰ ਸਿਧਾਂਤ ਰੂਪ ਵਿਚ ਸਿੱਖੀ ਜੀਵਨ ਦਾ ਅੰਗ ਬਣਾਇਆ। ਫਿਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕਰ ਕੇ ਇਸ ਸਿਧਾਂਤ ਨੂੰ ਅਮਲੀ ਰੂਪ ਵਿਚ ਪ੍ਰਗਟ ਕੀਤਾ ਅਤੇ ਸਿੱਖਾਂ ਨੂੰ ਸ਼ਸਤਰਧਾਰੀ ਬਣਾਇਆ। ਅਖੀਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੀਰੀ-ਪੀਰੀ ਨੂੰ ਦੋ ਧਾਰੇ ਖੰਡੇ ਦਾ ਰੂਪ ਦੇ ਕੇ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਖਾਲਸਾ ਪੰਥ ਸਾਜ ਕੇ ਖਾਲਸੇ ਨੂੰ ਮੀਰੀ-ਪੀਰੀ ਦਾ ਧਾਰਨੀ ਬਣਾ ਕੇ ਧਰਤੀ ਦਾ ਸੰਪੂਰਨ ਮਨੁੱਖ ਬਣਾ ਦਿੱਤਾ।*

■

# ਹਰਿਕ੍ਰਿਸਨ ਭਯੋ ਅਸਟਮ ਬਲ ਬੀਰਾ

*-ਡਾ. ਰੂਪ ਸਿੰਘ**

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜਨਮ ੭ ਜੁਲਾਈ, ੧੬੫੬ ਈ. ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਘਰ 'ਸ਼ੀਸ਼ ਮਹਿਲ' ਕੀਰਤਪੁਰ ਵਿਖੇ ਹੋਇਆ। ਰਾਮਰਾਇ ਜੀ ਆਪ ਜੀ ਦੇ ਵੱਡੇ ਭਰਾ ਸਨ, ਜੋ ਬਹੁਤ ਹੀ ਚੁਸਤ ਚਲਾਕ ਤੇ ਮਕਾਰ ਨੀਤੀ-ਵੇਤਾ ਸਨ। ਗੁਰੂ-ਘਰ ਦੇ ਕੁਝ ਮਸੰਦਾਂ ਨਾਲ ਵੀ ਉਸ ਦਾ ਰਾਬਤਾ ਸੀ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਵੱਡਾ ਸਾਹਿਬਜ਼ਾਦਾ ਹੋਣ ਕਰਕੇ ਉਹ ਹਰ ਤਰ੍ਹਾਂ ਆਪਣੇ ਆਪ ਨੂੰ ਗੁਰਗੱਦੀ ਦੇ ਯੋਗ ਤੇ ਵਿਰਾਸਤੀ ਹੱਕ ਸਮਝਦਾ ਸੀ।

ਜਦ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਨੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਦਿੱਲੀ ਬੁਲਾਇਆ ਤਾਂ ਗੁਰੂ ਜੀ ਨੇ ਰਾਮਰਾਇ ਨੂੰ ਬਾਦਸ਼ਾਹ ਨੂੰ ਮਿਲਣ ਹਿੱਤ ਭੇਜਿਆ। ਰਾਮਰਾਇ ਨੂੰ ਸਖਤ ਹਦਾਇਤ ਕੀਤੀ ਗਈ ਕਿ ਗੁਰੂ-ਘਰ ਦੇ ਆਸ਼ੇ ਵਿਰੁੱਧ ਕੋਈ ਗੱਲ ਨਾ ਕਰਨੀ ਤੇ ਨਾ ਹੀ ਮੰਨਣੀ, ਭਾਵੇਂ ਇਸ ਬਦਲੇ ਕਿਤਨੀ ਵੀ ਕੀਮਤ ਕਿਉਂ ਨਾ ਚੁਕਾਉਣੀ ਪਵੇ। ਰਾਮਰਾਇ ਜਦ ਬਾਦਸ਼ਾਹ ਨੂੰ ਮਿਲਿਆ ਤਾਂ ਉਸ ਨੇ ਬਾਦਸ਼ਾਹ ਦੀ ਖੁਸ਼ੀ ਹਾਸਲ ਕਰਨ ਲਈ, ਬਾਦਸ਼ਾਹ ਦੀ ਬਹੁਤ ਖੁਸ਼ਾਮਦ ਕੀਤੀ। ਉਸ ਨੇ ਬਹੁਤ ਕੁਝ ਗੁਰੂ ਆਸ਼ੇ ਵਿਰੁੱਧ ਬੋਲਿਆ ਇੱਥੋਂ ਤਕ ਕਿ ਗੁਰੂ ਨਾਨਕ ਸਾਹਿਬ ਦੀ ਪਾਵਨ ਬਾਣੀ ਦੀ ਇਹ ਪੰਕਤੀ *ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ* ਬਦਲ ਕੇ *ਮਿਟੀ ਬਈਮਾਨ ਕੀ* ਪੜ੍ਹੀ ਤੇ ਕਿਹਾ ਕਿ ਅਜਿਹਾ ਲਿਖਣ ਵਾਲੇ ਦੀ ਗਲਤੀ ਨਾਲ ਹੋਇਆ ਹੈ। ਅਸਲ ਸ਼ਬਦ ਮੁਸਲਮਾਨ ਨਹੀਂ 'ਬਈਮਾਨ' ਹੈ। ਇਹ ਗੁਰਬਾਣੀ ਦਾ ਘੋਰ ਅਪਮਾਨ ਸੀ ਜਿਸ ਦੀ ਕਿਸੇ ਸਿੱਖ ਪਾਸੋਂ ਆਸ ਵੀ ਨਹੀਂ ਸੀ ਕੀਤੀ ਜਾ ਸਕਦੀ। ਜਦ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਰਾਮਰਾਇ ਦੀ ਇਸ ਮਾੜੀ ਹਰਕਤ ਦਾ ਪਤਾ ਲੱਗਾ ਤਾਂ ਉਨ੍ਹਾਂ ਹੁਕਮ ਕਰ ਦਿੱਤਾ ਕਿ ਸਾਡੇ ਮੱਥੇ ਨਹੀਂ ਲੱਗਣਾ। ਗੁਰੂ ਜੀ ਨੇ ਸਿੱਖ ਸੰਗਤਾਂ ਨੂੰ ਆਦੇਸ਼ ਕੀਤਾ ਕਿ ਰਾਮਰਾਇ ਨਾਲ ਕਿਸੇ ਤਰ੍ਹਾਂ ਦਾ ਵਰਤੋਂ-ਵਿਹਾਰ, ਮੇਲ-ਜੋਲ, ਬੋਲ-ਚਾਲ ਨਾ ਕਰਨ। ਸਿੱਖ ਸੰਗਤਾਂ ਨੇ ਗੁਰੂ ਹੁਕਮ ਨੂੰ ਸੱਤ ਕਰ ਮੰਨਿਆ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣਾ ਅੰਤਿਮ ਸਮਾਂ ਨੇੜੇ ਆਇਆ ਜਾਣ, ਗੁਰ-ਗੱਦੀ ਦੀ ਮਹਾਨ ਜ਼ਿੰਮੇਵਾਰੀ ਆਪਣੇ ਛੋਟੇ ਸਪੁੱਤਰ ਸ੍ਰੀ (ਗੁਰੂ) ਹਰਿਕ੍ਰਿਸ਼ਨ ਜੀ ਨੂੰ ਸੌਂਪ ਦਿੱਤੀ। ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪਣ ਤੋਂ ਪਹਿਲਾਂ ਸ੍ਰੀ ਗੁਰੂ ਹਰਿਰਾਇ ਜੀ ਨੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਜੀ ਨੂੰ ਹਦਾਇਤ ਕੀਤੀ ਕਿ ਬਾਦਸ਼ਾਹ

**ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

ਔਰੰਗਜ਼ੇਬ ਦੇ ਮੱਥੇ ਨਹੀਂ ਲੱਗਣਾ। ਗੁਰਗੱਦੀ 'ਤੇ ਬਿਰਾਜਮਾਨ ਹੋਣ ਸਮੇਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਉਮਰ ਕੇਵਲ ਪੰਜ ਸਾਲ ਤੇ ਕੁਝ ਮਹੀਨੇ ਦੀ ਸੀ। ਗੁਰੂ ਨਾਨਕ ਜੋਤਿ ਦੇ ਉਤਰ-ਅਧਿਕਾਰੀ ਬਣਨ ਲਈ ਸੰਸਾਰਿਕ ਉਮਰ, ਰਿਸ਼ਤੇ ਤੇ ਵਿਰਾਸਤ ਦਾ ਕੋਈ ਸਬੰਧ ਨਹੀਂ, ਗੁਰੂ ਘਰ ਵਿਚ ਯੋਗਤਾ ਹੀ ਪ੍ਰਧਾਨ ਹੈ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਅਕਾਲ ਚਲਾਣੇ ਤੋਂ ਪਿੱਛੋਂ ਗੁਰੂ ਹਰਿਕ੍ਰਿਸ਼ਨ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ। ਸਿੱਖ ਸੰਗਤਾਂ ਗੁਰੂ ਦਰਸ਼ਨ ਕਰ ਨਿਹਾਲ ਹੁੰਦੀਆਂ। ਗੁਰੂ ਜੀ, ਗੁਰੂ ਨਾਨਕ ਜੋਤਿ ਦੇ ਆਸ਼ੇ ਅਨੁਸਾਰ ਨਿੱਤ ਸੰਗਤਾਂ ਨੂੰ ਅਧਿਆਤਮਕ ਉਪਦੇਸ਼ ਦਿੰਦੇ, ਸ਼ੰਕੇ ਨਵਿਰਤ ਕਰਦੇ ਅਤੇ ਨਾਮ-ਦਾਨ ਦੀਆਂ ਬਖ਼ਸ਼ਿਸ਼ਾਂ ਕਰਦੇ। ਗੁਰੂ ਜੀ ਨੇ ਪ੍ਰਚਾਰ ਹਿੱਤ ਮਸੰਦਾਂ ਦੀਆਂ ਡਿਊਟੀਆਂ ਵੱਖ-ਵੱਖ ਇਲਾਕਿਆਂ ਵਿਚ ਲਾਈਆਂ।

ਰਾਮਰਾਇ ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਵਿਰੋਧਤਾ ਹੋਣੀ ਸੁਭਾਵਿਕ ਸੀ, ਕਿਉਂਕਿ ਰਾਮਰਾਇ ਤਾਂ ਆਪਣੇ ਆਪ ਨੂੰ ਹਰ ਤਰ੍ਹਾਂ ਗੁਰਗੱਦੀ ਦੇ ਯੋਗ ਸਮਝਦਾ ਸੀ। ਗੁਰਗੱਦੀ ਦੀਆਂ ਰਸਮਾਂ ਸਮੇਂ ਰਾਮਰਾਇ ਦਿੱਲੀ ਵਿਚ ਸੀ। ਰਾਮਰਾਇ ਨਾਲ ਕੁਝ ਮਸੰਦਾਂ ਦੇ ਹੱਥ ਤਾਂ ਪਹਿਲਾਂ ਹੀ ਰਲੇ ਹੋਏ ਸਨ ਤੇ ਕੁਝ ਉਸ ਨੇ ਲਾਲਚ ਦੇ ਕੇ ਆਪਣੇ ਨਾਲ ਹੋਰ ਕਰ ਲਏ। ਮਸੰਦਾਂ ਨੂੰ ਰਾਮਰਾਇ ਨੇ ਕਿਹਾ ਕਿ ਉਹ ਦੂਰ-ਨੇੜੇ ਜਾ ਕੇ ਇਹ ਪ੍ਰਚਾਰ ਕਰਨ ਕਿ ਸਿੱਖਾਂ ਦੇ ਅੱਠਵੇਂ ਗੁਰੂ ਰਾਮਰਾਇ ਹਨ। ਮਸੰਦਾਂ ਨੇ ਅਜਿਹਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਤੇ ਦਸਵੰਧ ਇਕੱਠਾ ਕਰ ਕੁਝ ਆਪ ਛਕਦੇ ਤੇ ਕੁਝ ਰਾਮਰਾਇ ਨੂੰ ਭੇਜ ਦਿੰਦੇ। ਇਸ ਤਰ੍ਹਾਂ ਕੁਝ ਸਮਾਂ ਤਾਂ ਚੱਲਦਾ ਰਿਹਾ ਪਰ ਝੂਠ ਦੀ ਦੁਕਾਨ ਕਿਤਨਾ ਕੁ ਚਿਰ ਚਲ ਸਕਦੀ ਸੀ? ਸਿੱਖ ਸੰਗਤਾਂ ਨੂੰ ਜਦ ਰਾਮਰਾਇ ਦੀਆਂ ਕੁਚਾਲਾਂ ਦਾ ਪਤਾ ਚਲਿਆ ਤਾਂ ਉਨ੍ਹਾਂ ਰਾਮਰਾਇ ਨੂੰ ਗੁਰੂ ਮੰਨਣੋਂ ਇਨਕਾਰ ਕਰ ਦਿੱਤਾ।

ਰਾਮਰਾਇ ਆਪਣੀ ਪੇਸ਼ ਨਾ ਚੱਲਦੀ ਦੇਖ; ਬਾਦਸ਼ਾਹ ਦੇ ਦਰਬਾਰ ਵਿਚ ਫਰਿਆਦੀ ਹੋਇਆ ਤੇ ਕਿਹਾ ਕਿ ਮੈਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਵੱਡਾ ਸਪੁੱਤਰ ਹਾਂ ਇਸ ਕਰਕੇ ਗੁਰਗੱਦੀ 'ਤੇ ਮੇਰਾ ਹੱਕ ਹੈ, ਮੇਰਾ ਹੱਕ ਮਾਰ ਕੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਨੂੰ ਗੁਰਗੱਦੀ ਸੌਂਪੀ ਗਈ ਹੈ, ਮੈਨੂੰ ਮੇਰਾ ਹੱਕ ਮਿਲਣਾ ਚਾਹੀਦਾ ਹੈ। ਜਿਸ 'ਤੇ ਮੇਰਾ ਵਿਰਾਸਤੀ ਹੱਕ ਹੈ। ਮੇਰਾ ਕਸੂਰ ਸਿਰਫ ਇਹੀ ਹੈ ਕਿ ਮੈਂ ਆਪ ਜੀ ਦਾ ਵਫ਼ਾਦਾਰ ਹਾਂ। ਮੇਰੇ ਪਿਤਾ ਜੀ ਅਰੰਭ ਤੋਂ ਹੀ ਤੁਹਾਡੇ ਵਿਰੁੱਧ ਸਨ ਤੇ ਉਨ੍ਹਾਂ ਨੇ ਮੇਰੇ ਛੋਟੇ ਭਾਈ ਹਰਿਕ੍ਰਿਸ਼ਨ ਨੂੰ ਗੁਰਗੱਦੀ ਦੇਣ ਸਮੇਂ ਇਹ ਆਦੇਸ਼ ਕੀਤਾ ਹੈ, ਕਿ ਉਹ ਤੁਹਾਡੇ ਮੱਥੇ ਨਾ ਲੱਗੇ।

ਔਰੰਗਜ਼ੇਬ (ਜੋ ਬਹੁਤ ਹੀ ਚਾਲਬਾਜ਼ ਸੀ) ਨੇ ਸੋਚਿਆ ਜੇਕਰ ਗੁਰਗੱਦੀ ਮੇਰੇ ਵਫਾਦਾਰ ਰਾਮਰਾਇ ਨੂੰ ਮਿਲ ਜਾਵੇ ਤਾਂ ਮੈਂ ਧਰਮ ਪਰਿਵਰਤਨ ਸ਼ਾਂਤੀ ਪੂਰਵਕ ਢੰਗ ਨਾਲ ਕਰ ਸਕਾਂਗਾ ਤੇ ਜੇਕਰ ਕੋਈ ਸਮਝੌਤਾ ਨਾ ਹੋਵੇ ਤਾਂ ਇਨ੍ਹਾਂ ਦੋਹਾਂ ਭਰਾਵਾਂ ਵਿਚ

ਝਗੜਾ ਰਹੇਗਾ, ਜਿਸ ਦਾ ਮੈਨੂੰ ਹੀ ਫਾਇਦਾ ਹੈ। ਇਹ ਸੋਚ ਕੇ ਔਰੰਗਜ਼ੇਬ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਆਉਣ ਲਈ ਬੁਲਾਵਾ ਭੇਜਿਆ। ਇਧਰ ਰਾਮਰਾਇ ਨੇ ਸੋਚਿਆ ਜੇਕਰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਆ ਕੇ ਬਾਦਸ਼ਾਹ ਨੂੰ ਮਿਲਦੇ ਹਨ ਤਾਂ ਮੈਂ ਸਿੱਖ ਸੰਗਤਾਂ ਵਿਚ ਪ੍ਰਚਾਰ ਕਰਾਂਗਾ ਕਿ ਗੁਰੂ ਹਰਿਕ੍ਰਿਸ਼ਨ ਜੀ ਨੇ ਗੁਰੂ-ਪਿਤਾ ਦੇ ਅੰਤਮ ਹੁਕਮ ਦੀ ਉਲੰਘਣਾ ਕੀਤੀ ਹੈ ਤੇ ਜੇਕਰ ਗੁਰੂ ਜੀ ਨਹੀਂ ਆਉਂਦੇ ਤਾਂ ਇਹ ਬਾਦਸ਼ਾਹ ਦੀ ਹੁਕਮ ਅਦੂਲੀ ਹੋਵੇਗੀਂ, ਮੇਰੇ ਲਈ ਦੋਨੋਂ ਤਰ੍ਹਾਂ ਰਾਹ ਸਾਫ!

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਗੁਰੂ-ਪਿਤਾ ਦੇ ਅੰਤਮ ਆਦੇਸ਼ ਅਨੁਸਾਰ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਤੋਂ ਸਾਫ ਇਨਕਾਰ ਕਰ ਦਿੱਤਾ। ਮਿਰਜਾ ਰਾਜਾ ਜੈ ਸਿੰਘ ਨੇ ਗੁਰੂ ਜੀ ਨੂੰ ਬੁਲਾਵਾ ਭੇਜਿਆ ਕਿ ਗੁਰੂ ਜੀ ਦਿੱਲੀ ਆਉਣ ਤੇ ਸਿੱਖ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਨ ਤੇ ਉਹ ਬਾਦਸ਼ਾਹ ਨੂੰ ਭਾਵੇਂ ਨਾ ਮਿਲਣ। ਸਿੱਖ ਸੰਗਤਾਂ ਵੱਲੋਂ ਬੇਨਤੀ-ਪੱਤਰ ਮਿਲਣ ’ਤੇ ਗੁਰੂ ਜੀ ਨੇ ਦਿੱਲੀ ਜਾਣ ਦਾ ਫੈਸਲਾ ਕਰ ਲਿਆ। ਬਹੁਤ ਸਾਰੀਆਂ ਸਥਾਨਕ ਸੰਗਤਾਂ ਤੇ ਮਾਤਾ ਜੀ ਦੇ ਨਾਲ ਗੁਰੂ ਜੀ ਦਿੱਲੀ ਵੱਲ ਨੂੰ ਚੱਲ ਪਏ। ਸੰਗਤਾਂ ਦੀ ਗਿਣਤੀ ਦਿਨੋਂ-ਦਿਨ ਵਧਦੀ ਦੇਖ ਗੁਰੂ ਜੀ ਨੇ ਹਜ਼ੂਰੀ ਸੰਗਤ ਤੋਂ ਬਿਨਾ ਬਾਕੀ ਸੰਗਤ ਨੂੰ ਵਾਪਸ ਜਾਣ ਲਈ ਕਹਿ ਦਿੱਤਾ। ਪੰਜੋਖਰਾ ਸਾਹਿਬ ਦੇ ਸਥਾਨ ’ਤੇ ਗੁਰੂ ਜੀ ਨੇ ਪੜਾਅ ਕੀਤਾ ਤੇ ਹੰਕਾਰੀ ਪੰਡਤ ਲਾਲ ਚੰਦ ਦੇ ਸ਼ੰਕੇ ਦੀ ਨਵਿਰਤੀ ਲਈ ਛੱਜੂ ਨਾਮ ਦੇ ਸਧਾਰਨ ਵਿਅਕਤੀ ਪਾਸੋਂ ਗੀਤਾ ਦੇ ਅਰਥ ਕਰਵਾਏ। ਇਸ ਤਰ੍ਹਾਂ ਗੁਰੂ ਜੀ ਸਿੱਖ ਸੰਗਤਾਂ ਨੂੰ ਦਰਸ਼ਨ ਦਿੰਦੇ ਹੋਏ ਦਿੱਲੀ ਪਹੁੰਚੇ। ਦਿੱਲੀ ਗੁਰੂ ਜੀ ਮਿਰਜਾ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਠਹਿਰੇ (ਜਿੱਥੇ ਅੱਜ ਕਲ ਗੁਰਦੁਆਰਾ ਬੰਗਲਾ ਸਾਹਿਬ ਸੁਭਾਇਮਾਨ ਹੈ) ਨਿੱਤ ਸੰਗਤਾਂ ਗੁਰੂ-ਦਰਸ਼ਨ ਹਿੱਤ ਆਉਂਦੀਆਂ ਤੇ ਦਰਸ਼ਨ ਪਰਸ ਤ੍ਰਿਪਤ ਹੁੰਦੀਆਂ। ਔਰੰਗਜ਼ੇਬ ਨੇ ਦਰਸ਼ਨ ਕਰਨ ਦੀ ਇੱਛਾ ਜ਼ਾਹਰ ਕੀਤੀ ਪਰ ਗੁਰੂ ਜੀ ਨੇ ਇਨਕਾਰ ਕਰ ਦਿੱਤਾ। ਰਾਮਰਾਇ ਦੇ ਦਾਵੇ ਸਬੰਧੀ ਗੁਰੂ ਜੀ ਨਾਲ ਗੱਲਬਾਤ ਕਰਨ ਲਈ ਔਰੰਗਜ਼ੇਬ ਨੇ ਇਕ ਅਹਿਲਕਾਰ ਦੀ ਡਿਊਟੀ ਲਾਈ। ਗੁਰੂ ਜੀ ਨੇ ਅਹਿਲਕਾਰ ਨੂੰ ਸਪੱਸ਼ਟ ਕੀਤਾ ਕਿ ਗੁਰੂ ਨਾਨਕ ਜੋਤਿ ’ਤੇ ਕਿਸੇ ਦਾ ਵਿਰਾਸਤੀ ਹੱਕ ਨਹੀਂ, ਇਸ ਲਈ ਕਸਵੱਟੀ ਯੋਗਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਦੋ ਸਪੁੱਤਰਾਂ ਨੂੰ ਛੱਡ ਗੁਰੂ-ਘਰ ਦੇ ਪ੍ਰੀਤਵਾਨ ਸੇਵਕ ਭਾਈ ਲਹਿਣਾ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੌਂਪੀ। ਇਸ ਤਰ੍ਹਾਂ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਸਪੁੱਤਰਾਂ ਨੂੰ ਗੁਰਿਆਈ ਨਹੀਂ ਦਿੱਤੀ। ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਵੱਡੇ ਦੋ ਸਪੁੱਤਰਾਂ ਨੂੰ ਛੱਡ ਸਭ ਤੋਂ ਛੋਟੇ ਸਪੁੱਤਰ ਨੂੰ ਗੁਰਿਆਈ ਦੀ ਬਖਸ਼ਿਸ਼ ਕੀਤੀ। ਇਸ ਤਰ੍ਹਾਂ ਹੀ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਸਪੁੱਤਰਾਂ ਤੇ ਵੱਡੇ ਪੋਤਰੇ ਨੂੰ ਛਡ ਕੇ ਛੋਟੇ ਪੋਤਰੇ ਨੂੰ ਗੁਰਿਆਈ ਬਖਸ਼ਿਸ਼ ਕੀਤੀ। ਦੂਸਰਾ ਰਾਮਰਾਇ ਨੇ ਅਜਿਹਾ ਘਟੀਆ ਕੰਮ ਕੀਤਾ ਹੈ, ਜਿਸ ਦੀ ਕਿਸੇ ਵੀ

ਗੁਰੂ-ਘਰ ਦੇ ਪ੍ਰੀਤਵਾਨ ਤੋਂ ਆਸ ਨਹੀਂ ਕੀਤੀ ਜਾ ਸਕਦੀ।

ਜਦ ਬਾਦਸ਼ਾਹ ਨੂੰ ਅਹਿਲਕਾਰ ਰਾਹੀਂ ਇਨ੍ਹਾਂ ਗੱਲਾਂ ਦਾ ਪਤਾ ਲੱਗਾ ਤਾਂ ਉਸ ਨੇ ਰਾਮਰਾਇ ਦਾ ਦਾਅਵਾ ਖਾਰਜ ਕਰ ਦਿੱਤਾ। ਰਾਮਰਾਇ ਨੇ ਵੀ ਪੇਸ਼ ਨਾ ਚੱਲਦੀ ਦੇਖ ਆਪਣੀ ਜਗੀਰ (ਦੇਹਰਾਦੂਨ) ਵਿਖੇ ਹੀ ਡੇਰਾ ਲਾਉਣਾ ਠੀਕ ਸਮਝਿਆ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਅਧਿਆਤਮਕ ਸ਼ਕਤੀ ਦੀ ਪਰਖ ਕਰਨ ਲਈ ਕਈ ਤਰ੍ਹਾਂ ਅਜਮਾਇਆ ਗਿਆ, ਜਿਵੇਂ ਰਾਣੀ ਦੀ ਪਹਿਚਾਣ ਕਰਨੀ ਇਤਆਦਿ।

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਕੁਝ ਸਮਾਂ ਦਿੱਲੀ ਪ੍ਰਚਾਰ ਦੀ ਸੇਵਾ ਕਰਦੇ ਰਹੇ। ਰੋਜ਼ਾਨਾ ਨੇਮ ਨਾਲ ਦੀਵਾਨ ਸੱਜਦਾ, ਸੰਗਤਾਂ ਗੁਰੂ ਦਰਸ਼ਨ ਕਰ ਤ੍ਰਿਪਤੀ ਹਾਸਲ ਕਰਦੀਆਂ ਜੋ ਕੁਝ ਸੰਗਤਾਂ ਦਰਸ਼ਨੀ-ਭੇਟਾ, ਭੇਟ ਕਰਦੀਆਂ ਗੁਰੂ ਜੀ ਉਹ ਸਭ ਕੁਝ ਲੋੜਵੰਦਾਂ ਵਿਚ ਵੰਡ ਦਿੰਦੇ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਕੇਵਲ ਤਿੰਨ ਸਾਲ ਗੁਰਿਆਈ ਕੀਤੀ। ਇਸ ਸਮੇਂ ਵਿਚ ਗੁਰੂ ਜੀ ਨੇ ਜਿਸ ਅਧਿਆਤਮਕ ਬਲਬੀਰਤਾ ਦਾ ਪ੍ਰਗਟਾਵਾ ਕੀਤਾ ਉਹ ਇਕ ਮਿਸਾਲ ਹੈ, ਭਾਵੇਂ ਰਾਮਰਾਇ ਦੀ ਵਿਰੋਧਤਾ ਸੀ ਜਾਂ ਬਾਦਸ਼ਾਹੀ ਹੁਕਮ, ਗੁਰੂ ਜੀ ਦ੍ਰਿੜ੍ਹ ਰਹੇ। ਕਿਸੇ ਤਰ੍ਹਾਂ ਦੀ ਸੰਸਾਰੀ ਬਾਦਸ਼ਾਹੀ ਦੇ ਭੈ-ਡਰ ਨੂੰ ਕਬੂਲ ਨਹੀਂ ਕੀਤਾ। ਇਹੀ ਕਾਰਨ ਹੈ ਕਿ ਭਾਈ ਗੁਰਦਾਸ ਦੂਜੇ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਅਸ਼ਟਮ ਬਲਬੀਰਾ ਕਿਹਾ ਹੈ। ਭਾਈ ਗੁਰਦਾਸ ਜੀ ਕਥਨ ਕਰਦੇ ਹਨ:

*ਹਰਿਕਿਸਨ ਭਯੋ ਅਸਟਮ ਬਲ ਬੀਰਾ।*
*ਜਿਨ ਪਹੁੰਚਿ ਦੇਹਲੀ ਤਜਿਓ ਸਰੀਰਾ।*
*ਬਾਲ ਰੂਪ ਧਰਿ ਸ੍ਵਾਂਗ ਰਚਾਇਓ।*
*ਤਬ ਸਹਿਜੇ ਤਨ ਕੋ ਛੋਡਿ ਸਿਧਾਇਓ।*
*ਇਉ ਮੁਗਲਨਿ ਸੀਸ ਪਰੀ ਬਹੁ ਛਾਰਾ।*
*ਵੈ ਖੁਦ ਪਤਿ ਸੋ ਪਹੁੰਚੇ ਦਰਬਾਰਾ।*
*ਔਰੰਗੇ ਇਹ ਬਾਦ ਰਚਾਇਓ।*
*ਤਿਨ ਅਪਨਾ ਕੁਲ ਸਭ ਨਾਸ ਕਰਾਇਓ।*
*ਇਉ ਠਹਕਿ ਠਹਕਿ ਮੁਗਲਨਿ ਸਿਰਿ ਝਾਰੀ।*
*ਫੁਨ ਹੋਇ ਪਾਪੀ ਵਹ ਨਰਕ ਸਿਧਾਰੀ।*
*ਇਉਂ ਕਰਿ ਹੈ ਗੁਰਦਾਸ ਪੁਕਾਰਾ।*
*ਹੇ ਸਤਿਗੁਰ ਮੁਹਿ ਲੇਹੁ ਉਬਾਰਾ॥ (ਵਾਰ ੪੧:੨੨)*

(ਗੁ:ਪ੍ਰ ੭/੧੯੯੩)■

# ਸ੍ਰੀ ਅਕਾਲ ਤਖਤ ਸਾਹਿਬ ਜੀ

*-ਪ੍ਰਿੰ. ਨਰਿੰਦਰ ਸਿੰਘ ਸੋਚ**

ਵਿਸ਼ਵ ਦਾ ਇਤਿਹਾਸ ਪੜ੍ਹੀਏ ਤਾਂ ਤਖਤ ਗਿਣੇ ਨਹੀਂ ਜਾਂਦੇ। ਤਖਤਾਂ 'ਤੇ ਕਬਜ਼ਾ ਕੀਤਾ ਜਾਂਦਾ ਹੈ ਜਾਂ ਤਖਤ ਬਣਾਏ ਜਾਂਦੇ ਹਨ। ਫਸਲਾਂ ਵਾਂਗ ਤਖਤ ਉਗਦੇ ਹਨ, ਫਸਲਾਂ ਵਾਂਗ ਤਖਤ ਵੱਢੇ ਜਾਂਦੇ ਹਨ। ਪਹਿਲਾਂ ਤਖਤ ਹੁੰਦੇ ਹਨ, ਫਿਰ ਤਖਤਾ ਬਣ ਜਾਂਦੇ ਹਨ। ਤਖਤਾਂ ਦੀਆਂ ਕਹਾਣੀਆਂ ਨਫਰਤ ਨਾਲ ਭਰੀਆਂ ਹਨ।

ਇਸ ਗੱਲ ਦੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਾਮੀ ਭਰੀ ਹੈ ਤੇ ਏਸੇ ਗੱਲ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਪੁਸ਼ਟੀ ਕੀਤੀ ਹੈ। ਨਾ ਕੋਈ ਰਾਜਾ ਰਿਹਾ ਹੈ, ਨਾ ਕੋਈ ਤਖਤ ਰਿਹਾ ਹੈ। ਚਾਰ ਦਿਨ੍ਹਾਂ ਦੀ ਨੌਬਤ ਵਜਾ ਕੇ ਸਾਰੇ ਚਲੇ ਗਏ ਹਨ।

ਕਾਲ ਦੇ ਘੇਰੇ ਵਿਚ ਆਇਆ ਕੋਈ ਤਖਤ ਕਾਇਮ ਨਹੀਂ ਰਹਿ ਸਕਦਾ।

ਸ੍ਰੀ ਅਕਾਲ ਤਖਤ ਸਾਹਿਬ ਜੀ ਗੁਰੂ ਬਾਣੀ ਦਾ ਸੰਕਲਪ ਹੈ। ਇਹ ਕੇਵਲ 'ਤਖਤ' ਨਹੀਂ ਹੈ। ਇਸ ਨਾਲ 'ਸ੍ਰੀ' ਭੀ ਹੈ, 'ਸਾਹਿਬ' ਭੀ ਹੈ, 'ਜੀ' ਭੀ ਹੈ। 'ਅਕਾਲ' ਭੀ ਹੈ। ਚਾਰ ਸ਼ਬਦ ਇਸ ਨੂੰ ਵਿਸ਼ਵ ਦੇ ਤਖਤਾਂ ਤੋਂ ਵੱਖ ਕਰਦੇ ਹਨ।

ਵਿਸ਼ਵ ਦੇ ਇਤਿਹਾਸ ਵਿਚ ਕਿਹੜਾ ਤਖਤ ਹੈ, ਜਿਹੜਾ ਲੋਕਾਂ ਦੀ ਕਲਿਆਣ ਕਰਦਾ ਰਿਹਾ ਹੈ, ਕਰ ਰਿਹਾ ਹੈ ਤੇ ਕਰਦਾ ਰਹੇਗਾ? ਕਿਹੜਾ ਤਖਤ ਹੈ, ਜਿਸ ਨੂੰ ਕਾਲ ਨੇ ਨਿਗਲ ਨਹੀਂ ਲਿਆ? ਕਿਹੜਾ ਤਖਤ ਸੀ ਜਿਸ ਨਾਲ 'ਸਾਹਿਬ' ਸ਼ਬਦ ਲਾਇਆ ਗਿਆ ਸੀ? ਕਿਹੜਾ ਤਖਤ ਸੀ, ਜਿਸ ਨੂੰ 'ਜੀ' ਕਹਿ ਕੇ ਆਦਰ ਦਿੱਤਾ ਜਾਂਦਾ ਸੀ? ਕਿਹੜਾ ਤਖਤ ਹੈ ਜਿਹੜਾ 'ਨਿੱਤ ਦੀ ਅਰਦਾਸ' ਦਾ ਭਾਗ ਬਣਿਆ ਹੈ? ਇਨ੍ਹਾਂ ਲੱਛਣਾਂ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਕਲਪ ਹੈ।

ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਉੱਪਰ ਕੌਣ ਬੈਠਾ ਹੈ? ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ 'ਕਰਤਾ ਪੁਰਖ' ਤੇ 'ਅਕਾਲ ਮੂਰਤਿ' ਕਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਕਿਹਾ ਹੈ। ਵਾਰਤਕ ਵਿਚ ਵਿਸਥਾਰ ਹੁੰਦਾ ਹੈ। ਕਵਿਤਾ ਵਿਚ ਸੰਖੇਪ ਹੋ ਜਾਂਦਾ ਹੈ। ਅਕਾਲ ਮੂਰਤਿ ਅਤੇ ਅਕਾਲ ਪੁਰਖ ਇੱਕੋ ਗੱਲ ਹੈ।

ਅਕਾਲ ਪੁਰਖ ਅਤੇ ਅਕਾਲ ਮੂਰਤਿ ਕੋਈ ਮਨੌਤ ਨਹੀਂ ਹੈ ਹੋਂਦ ਹੈ। ਉਹ ਹੋਂਦ 'ਬੋਲਦੀ' ਹੈ। 'ਗੱਲਾਂ' ਕਰਦੀ ਹੈ, 'ਸੇਧ' ਦੇਂਦੀ ਹੈ। 'ਸਹਾਇਤਾ' ਕਰਦੀ ਹੈ ਜ਼ੁਮੇਵਾਰੀਆਂ ਸੌਂਪਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਨਿਵਾਜ ਕੇ ਅਕਾਲ ਪੁਰਖ ਨੇ ਕਿਹਾ:-

> ਸਭ ਤੋਂ ਪਹਿਲਾਂ ਮੈਂ 'ਮਹਾਂਬਲੀ' ਪੈਦਾ ਕੀਤੇ। ਇਹ ਬਲ ਕਮਜ਼ੋਰਾਂ
> ਨੂੰ ਉੱਚਾ ਚੁੱਕਣ ਲਈ ਸੀ। ਉਨ੍ਹਾਂ ਦੀ ਰੱਖਿਆ ਕਰਨ ਲਈ ਸੀ।

---

*ਗੁਰਪੁਰਵਾਸੀ

ਜ਼ੋਰ ਉਨ੍ਹਾਂ ਦਾ ਨਹੀਂ ਸੀ। ਉਨ੍ਹਾਂ ਨੂੰ ਕੰਮ ਕਰਨ ਲਈ ਬਖਸ਼ਿਆ
ਗਿਆ ਸੀ। ਪਰ ਬਾਹੂ-ਬਲ ਨੇ ਉਨ੍ਹਾਂ ਨੂੰ ਪਾਗਲ ਬਣਾ ਦਿੱਤਾ
ਤਾਕਤ ਮੂਰਖ ਬਣਾ ਦੇਂਦੀ ਹੈ। ਅੰਨ੍ਹਾਂ ਅਤੇ ਬੋਲਾ ਕਰ ਦਿੰਦੀ ਹੈ।
ਤਾਕਤਵਰ ਨੂੰ ਆਪਣੇ ਤੋਂ ਬਿਨ੍ਹਾਂ ਹੋਰ ਕੁਝ ਨਹੀਂ ਦਿਸਦਾ। ਉਸ
ਨੂੰ ਕੇਵਲ ਇਕ ਸ਼ਬਦ ਬੋਲਣਾ ਆਉਂਦਾ ਹੈ 'ਮੈਂ'।

ਇਹ 'ਮੈਂ' ਸਾਰੇ ਸੰਸਾਰ ਉੱਪਰ ਇਸ ਤਰ੍ਹਾਂ ਫੈਲ ਜਾਂਦੀ ਹੈ, ਜਿਵੇਂ ਤੇਲ ਦੀ ਇਕ ਬੂੰਦ ਸਾਰੇ ਪਾਣੀ ਉੱਪਰ ਫੈਲ ਜਾਂਦੀ ਹੈ। 'ਬਲ' ਦੀ 'ਮੈਂ' ਦੈਂਤ ਬਣਨ ਤੋਂ ਉਰੇ ਨਹੀਂ ਰੁਕਦੀ। ਸੋ ਸਾਰੇ 'ਬਲੀ' ਦੈਂਤ ਬਣ ਕੇ ਨਿੱਬੜੇ 'ਰੱਬ ਦੇ ਸ਼ਰੀਕ' ਹੋ ਗਏ। ਫਿਰ ਮੈਂ ਤਿੰਨ ਦੇਵਤੇ ਪੈਦਾ ਕੀਤੇ। 'ਮੈਂ' ਤਾਂ ਇਕ ਨਹੀਂ ਮਾਣ ਹੁੰਦੀ, ਇੱਥੇ 'ਮੈਂ ਮੈਂ ਮੈਂ' ਤਿੰਨ ਇਕੱਠੀਆਂ ਹੋ ਗਈਆਂ। ਇਨ੍ਹਾਂ ਆਪਣੇ ਆਪਣੇ ਰਾਜ ਕਾਇਮ ਕਰ ਲਏ। ਬ੍ਰਹਮਾ ਕਰਤਾ ਪੁਰਖ ਬਣ ਬੈਠਾ ਵਿਸ਼ਨੂੰ ਪਾਲਣਹਾਰ ਹੋ ਗਿਆ। ਸ਼ੰਕਰ ਅਟੱਲ ਹੋਣ ਦਾ ਦਮ ਭਰਨ ਲੱਗ ਪਿਆ। ਇਕ ਤਖਤ ਦੇ ਥਾਂ ਉਪਰ ਤਿੰਨ ਤਖਤ ਬਣ ਗਏ। ਤਿੰਨਾਂ ਤਖਤਾਂ ਤੋਂ ਨਿਤ ਤਿੰਨ ਫੁਰਮਾਨ ਨਿਕਲਦੇ। ਲੋਕ ਆਪੋ ਵਿਚਦੀ ਲੜਦੇ। ਫੁਰਮਾਨ ਆਪੋ ਵਿਚਦੀ ਝਗੜਦੇ। ਤਿੰਨੇ ਦੇਵਤੇ ਆਪੋ ਵਿਚਦੀ ਕਚੀਚੀਆਂ ਵੱਟਦੇ। ਦੰਗਲ ਹੁੰਦੇ। ਕਦੇ ਕੋਈ ਜਿੱਤਦਾ, ਕਦੇ ਕੋਈ ਹਾਰਦਾ।

ਇਨ੍ਹਾਂ ਤਿੰਨਾਂ ਵੱਲੋਂ ਨਿਰਾਸ ਹੋ ਕੇ ਅਕਾਲ ਪੁਰਖ ਨੇ ਅੱਠ ਗਵਾਹ ਖੜ੍ਹੇ ਕੀਤੇ, ਜਿਹੜੇ ਦੱਸਦੇ ਹਨ ਅਤੇ ਸਾਬਤ ਕਰਦੇ ਹਨ ਕਿ ਕਰਤਾ ਪੁਰਖ ਹੈ, ਅਕਾਲ ਮੂਰਤਿ ਹੈ, ਪਰਮ ਪੁਰਖ ਹੈ। ਪਾਣੀ ਗਵਾਹ ਹੈ, ਪਾਣੀ ਤੋਂ ਬਿਨਾ ਜੀਵਨ ਨਹੀਂ ਹੈ। ਇਤਨਾ ਪਾਣੀ ਕਿਸ ਨੇ ਬਣਾਇਆ ਹੈ। ਕੀ ਕੋਈ ਇਤਨਾ ਪਾਣੀ ਬਣਾ ਸਕਦਾ ਹੈ? ਦੂਜਾ ਸਾਖੀ ਹਵਾ ਨੂੰ ਬਣਾਇਆ। ਹਵਾ ਤੋਂ ਬਿਨਾ ਵੀ ਕੋਈ ਜੀਊਂਦਾ ਨਹੀਂ ਰਹਿ ਸਕਦਾ। ਹਵਾ ਦੂਜਾ ਗਵਾਹ ਸੀ ਕਿ ਪਰਮ ਪੁਰਖ ਹੈ ਅਤੇ ਉਹੋ ਸਾਰਿਆਂ ਦੇ ਜੀਵਨ ਸਾਧਨ ਹਨ। ਪਰ ਗਵਾਹ ਤੇ ਆਪ ਹੀ ਵਰਣ ਦੇਵਤਾ ਬਣ ਕੇ ਪੂਜਾ ਕਰਵਾਉਣ ਲੱਗ ਪਿਆ। ਹਵਾ ਵਰਣ ਦੇਵਤੇ ਨਾਲੋਂ ਤੇਜ ਦੌੜਨ ਵਾਲੀ ਸੀ, ਉਹ ਕਿਸ ਤਰ੍ਹਾਂ ਪਿੱਛੇ ਰਹਿ ਸਕਦੀ ਸੀ। ਉਹ ਭੀ ਪੂਜਾ ਕਰਵਾਉਣ ਲੱਗ ਪਈ। ਸੂਰਜ ਤੇ ਚੰਦ ਕਿਸ ਦੀ ਮਾਂ ਧੀ ਨਾਲੋਂ ਘੱਟ ਸਨ, ਉਹ ਭੀ ਪੂਜਨੀਕ ਬਣ ਗਏ। ਇਕ ਤਖਤ ਦੇ ਥਾਂ ਯਾਰਾਂ ਤਖਤ ਬਣ ਗਏ। ਅੱਗ ਨੂੰ ਆਏ, ਘਰ ਦੇ ਮਾਲਕ ਬਣ ਕੇ ਬੈਠ ਗਏ।

ਸਿਧ ਪੈਦਾ ਕੀਤੇ, ਉਹ ਰਿਧੀਆਂ-ਸਿਧੀਆਂ ਦੇ ਮਜਮੇ ਲਾ ਕੇ ਬੈਠ ਗਏ। ਗੋਰਖ ਆਪਣੇ ਹੀ ਗੋਰਖ ਧੰਧੇ ਵਿਚ ਉਲਝ ਗਿਆ ਰਾਮਾਨੰਦ ਨੇ ਆਪਣੇ ਨਵੇਂ ਰਾਹ ਬਣਾ ਲਏ।

ਰਿਖੀਆਂ ਨੇ ਆਪੋ-ਆਪਣੀਆਂ ਸਿਮ੍ਰਤੀਆਂ ਬਣਾ ਲਈਆਂ ਅਤੇ ਆਪਣੇ ਨਵੇਂ ਪੰਥ ਚਲਾ ਲਏ। ਹਜ਼ਰਤ ਮੁਹੰਮਦ ਸਾਹਿਬ ਜੀ ਨੇ ਆਪਣੇ ਦੀਨ ਨੂੰ ਵੱਖਰਾ ਕਰਨ ਲਈ ਸੁੰਨਤ ਦੀ ਨਿਸ਼ਾਨੀ ਕਾਇਮ ਕੀਤੀ।

ਜਿਸ ਨੂੰ ਭੀ ਥੋੜੀ ਜਿਹੀ ਤਾਕਤ ਦੀ ਗੰਢੀ ਮਿਲੀ, ਉਸ ਨੇ ਵੱਡੀ ਦੁਕਾਨ ਖੋਲ

ਲਈ ਅਤੇ ਹਟਵਾਣੀਆਂ ਬਣ ਕੇ ਬੈਠ ਗਿਆ।

ਗੁਰੂ ਕੇ ਮਹਲਾਂ ਦੀ ਇਤਿਹਾਸਿਕ ਮਹਾਨਤਾ ਬੜੀ ਹੈ। ਇੱਥੇ ਗੁਰੂ ਪੈਦਾ ਹੋਏ। ਇੱਥੇ ਗੁਰੂ ਨਿੰਮੇ ਗਏ। ਇੱਥੇ ਮਹਾਨ ਬੱਚੇ ਪੈਦਾ ਹੋਏ। ਇੱਥੇ ਗੁਰੂ ਵੱਸੇ, ਇੱਥੇ ਗੁਰੂ ਖੇਡੇ, ਇੱਥੇ ਗੁਰੂ ਜੁਲਮ ਵਿਰੁੱਧ ਲੜੇ। ਇੱਥੇ ਗੁਰੂ ਮਹਿਲਾਂ ਨੇ ਚੱਕੀਆਂ ਤੇ ਆਟਾ ਪੀਠਾ, ਇਥੇ ਗੁਰੂ ਮਹਿਲਾਂ ਨੇ ਤੰਦੂਰ ਵਿਚ ਮਿੱਸੀਆਂ ਰੋਟੀਆਂ ਲਾਈਆਂ। ਫਿਰ ਭੀ ਇਹ ਘਰ ਸੀ, ਸੰਗਤ ਅਸਥਾਨ ਨਹੀਂ ਸੀ।

ਹਰਿਮੰਦਰ ਸੰਗਤ ਅਸਥਾਨ ਹੈ, ਹਰਿਮੰਦਰ ਹਰੀ ਦਾ ਘਰ ਹੈ। ਇੱਥੇ ਸ਼ਬਦ ਬ੍ਰਹਮ ਦਾ ਵਾਸਾ ਹੈ। ਸ਼ਬਦ ਦੇ ਆਦਰ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੰਗੇ ਪੈਰੀਂ ਜਾਂਦੇ ਹਨ। ਸ਼ਬਦ ਲੈ ਕੇ ਪਾਲਕੀ ਵਿਚ ਸ਼ਬਦ ਨੂੰ ਸੁਸ਼ੋਭਿਤ ਕਰ ਕੇ ਨੰਗੇ ਪੈਰੀਂ ਨਾਲ ਆਉਂਦੇ ਹਨ। ਬੀੜ ਸੰਪੂਰਨ ਕਰਨ ਪਿੱਛੋਂ ਭੀ ਚੌਰ ਝੱਲਦੇ ਨੰਗੀ ਪੈਰੀਂ ਨਾਲ ਆਉਂਦੇ ਹਨ।

ਜਿਨ੍ਹਾਂ ਹੱਥਾਂ ਨੇ ਬਾਣੀ ਲਿਖੀ ਸੀ, ਜਿਹੜੇ ਹੱਥ ਬਾਣੀ ਆਉਣ ’ਤੇ ਬਾਣੀ ਦੇ ਤਾਲ ਨਾਲ ਮਿਲ ਕੇ ਬਾਣੀ ਲਿਖਦੇ ਸਨ, ਉਨ੍ਹਾਂ ਹੱਥਾਂ ਨੇ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨੀਂਹ ਰੱਖੀ ਅਤੇ ਫਿਰ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ, ਬਾਬਾ ਬੁੱਢਾ ਸਾਹਿਬ ਜੀ ਅਤੇ ਭਾਈ ਗੁਰਦਾਸ ਜੀ ਇੱਟਾਂ ਅਤੇ ਚੂਨਾ ਦੇਣ ਵਾਲੇ ਸਨ।

ਇਤਿਹਾਸ ਇਸ ਗੱਲ ਦਾ ਭੀ ਸਾਖੀ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਜਾਣ ਤੋਂ ਪਹਿਲਾਂ ਗੁਰਿਆਈ ਦੇ ਗਏ ਸਨ। ਉਸ ਵੇਲੇ ਭੀ ਸ੍ਰੀ ਗੁਰੂ ਅਰਜਨ ਦੇਵ ਜੀ, ਬਾਬਾ ਬੁੱਢਾ ਸਾਹਿਬ ਜੀ, ਭਾਈ ਗੁਰਦਾਸ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਚਾਰੇ ਸਨ।

ਅਕਾਲ ਉਸਤਤਿ ਦੀ ਬਾਣੀ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਤਖਤ ਉੱਪਰ ਸੁਸ਼ੋਭਿਤ ਅਕਾਲ ਪੁਰਖ ਦੀ ਸਿਫਤ ਹੈ, ਜਾਪ ਸਾਹਿਬ ਅਕਾਲ ਪੁਰਖ ਅੱਗੇ ਨਮਸਕਾਰ ਹੈ।

ਇਕ ਗੱਲ ਯਾਦ ਰੱਖਣ ਵਾਲੀ ਹੈ, ਅਤੇ ਗੁਰੂ ਸਾਹਿਬਾਨ ਨੇ ਇਸ ਗੱਲ ਨੂੰ ਮੁੜ ਮੁੜ ਕੇ ਦੁਹਰਾਇਆ ਹੈ, ‘ਬਾਣੀ ਧੁਰ ਦੀ ਹੈ’ ਗੁਰੂਆਂ ਦੇ ਰਾਹੀਂ ਆਈ ਹੈ। ਉਹ ਤਾਂ ਬੁਲਾਇਆਂ ਹੀ ਬੋਲਦੇ ਹਨ। ਉਹ ਆਪ ਤੇ ਬੋਲਣਾ ਭੀ ਨਹੀਂ ਜਾਣਦੇ। ਇਸੇ ਕਰਕੇ ਬਾਣੀ ਆਦਿ ਸਚੁ ਹੈ, ਜੁਗਾਦਿ ਸਚੁ ਹੈ, ਹੈ ਭੀ ਸਚੁ ਹੈ, ਹੋਸੀ ਭੀ ਸਚੁ ਹੈ। ਧੁਰ ਦੀ ਬਾਣੀ ਧੁਰ ਨਾਲ ਜੋੜਦੀ ਹੈ। ‘ਧੁਰ’ ਅਕਾਲ ਪੁਰਖ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਘੋੜੇ ਉੱਪਰ ਸਵਾਰ ਹੋ ਕੇ ਸ੍ਰੀ ਅੰਮ੍ਰਿਤਸਰ ਨੂੰ ਆ ਰਹੇ ਸਨ। ਸ੍ਰੀ ਅੰਮ੍ਰਿਤਸਰ ਸ਼ਹਿਰ ਦੀਆਂ ਮੰਮਟੀਆਂ ਨਜ਼ਰ ਪੈਂਦੀਆਂ ਹਨ ਤਾਂ ਆਪ ਜੀ ਘੋੜੇ ਦੀ ਲਗਾਮ ਖਿੱਚ ਲੈਂਦੇ ਹਨ। ਘੋੜੇ ਉੱਪਰੋਂ ਉੱਤਰ ਪੈਂਦੇ ਹਨ। ਧਰਤੀ ਉੱਪਰ ਮੱਥਾ ਟੇਕਦੇ ਹਨ ਅਤੇ ਕਹਿੰਦੇ ਹਨ, “ਇਹ ਗੁਰੂਆਂ ਦੀ ਧਰਤੀ ਹੈ। ਏਥੇ ਪੈਦਲ ਚੱਲਣਾ ਬਣਦਾ ਹੈ।”

ਇੱਥੇ ਕੇਵਲ ਇਹ ਇਕ ਨਗਰੀ ਹੈ, ਜਿਸ ਨੂੰ ਮਾਣ ਹੈ ਕਿ ਉਸ ਨੂੰ ‘ਸੱਤ’

ਗੁਰੂਆਂ ਦੀ ਚਰਨ-ਛੁਹ ਪ੍ਰਾਪਤ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੂੰ ਬਾਬਾ ਬੁੱਢਾ ਸਾਹਿਬ ਜੀ ਪਾਸ ਪੜ੍ਹਨੇ ਪਾਇਆ ਸੀ। ਉਨ੍ਹਾਂ ਸ਼ਸਤਰ ਵਿੱਦਿਆ ਅਤੇ ਸ਼ਾਸਤਰ ਵਿੱਦਿਆ ਦੋਵੇਂ ਪੜ੍ਹਾਈਆਂ ਸਨ। ਇਹ ਸਭ ਕੁਝ ਭਵਿੱਖ ਨੂੰ ਸਾਹਮਣੇ ਰੱਖ ਕੇ ਕੀਤਾ ਗਿਆ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦੋ ਤਲਵਾਰਾਂ ਦੀ ਮੰਗ ਕੀਤੀ ਤਾਂ ਉਸੇ ਵੇਲੇ ਬਿਜਲੀ ਵਾਂਗ ਚਮਕਦੀਆਂ ਦੋ ਤਲਵਾਰਾਂ ਕਿੱਥੋਂ ਆ ਗਈਆਂ? ਕੀ ਉਸ ਵੇਲੇ ਤਲਵਾਰਾਂ ਦੋ ਹੀ ਸਨ? ਤਲਵਾਰਾਂ ਬਣਨੀਆਂ ਸ਼ੁਰੂ ਹੋ ਗਈਆਂ ਸਨ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਜੀ ਦੀ ਸਾਰੀ ਪੌਸ਼ਾਕ ਦਲ-ਭੰਜਨ ਸੂਰਮੇ ਵਾਲੀ ਸੀ।

ਗੁਰੂ ਜੀ ਨੇ ਗੁਰਿਆਈ ਦੀ ਰਸਮ ਪੂਰੀ ਹੋਣ 'ਤੇ ਸੰਗਤ ਨੂੰ ਕਿਹਾ, ਪੁੱਤਰ ਹੋ ਜਾਂਦੇ ਹਨ, ਪਰ ਸਿੱਖ ਬਣਨਾ ਪੈਂਦਾ ਹੈ। ਹੋ ਜਾਣਾ ਆਮ ਗੱਲ ਹੈ, ਪਰ ਬਣਨਾ ਵਿਸ਼ੇਸ਼ ਘਾਲਣਾ ਦਾ ਸਿੱਟਾ ਹੈ। ਪੁੱਤਰ ਨੂੰ ਸਿੱਖ ਬਣਨ ਦੀ ਕੋਈ ਮਨਾਹੀ ਨਹੀਂ। ਉਹ ਭੀ ਕਮਾਈਆਂ ਕਰ ਸਕਦਾ ਹੈ। ਪੁੱਤਰ ਦੇ ਨਾਲ ਸਿੱਖ ਭੀ ਬਣ ਸਕਦਾ ਹੈ।

"ਤੁਸੀਂ ਸਾਰੇ ਸਿੱਖ ਹੋ, ਉਸੀ ਮੁਸ਼ੱਕਤਾਂ ਕੀਤੀਆਂ ਹਨ। ਤੁਸੀਂ ਸਰੋਵਰ ਪੁੱਟਿਆ, ਤੁਸੀਂ ਹਰਿਮੰਦਰ ਸਾਹਿਬ ਜੀ ਦੀ ਉਸਾਰੀ ਕੀਤੀ। ਤੁਸੀਂ ਸੁੱਚੀ ਕਿਰਤ ਨਾਲ ਅਤੇ ਖਰੇ ਸੌਦੇ ਨਾਲ ਨਗਰੀ ਨੂੰ ਸਤਿਕਾਰ ਯੋਗ ਬਣਾਇਆ।"

"ਤੁਸੀਂ ਸਿੱਖਾਂ ਤੇ ਗੁਰੂ ਪਿਤਾ ਨੂੰ ਦਿੱਤੇ ਤਸੀਹੇ ਸੁਣੇ ਹਨ। ਕੇਵਲ ਸੁਣੇ ਨਹੀਂ। ਤੁਸੀਂ ਭੀ ਤੱਤੀ ਲੋਹ 'ਤੇ ਬੈਠੇ ਹੋ, ਤੁਸੀਂ ਭੀ ਦੇਗ ਵਿਚ ਉਬਲੇ ਹੋ। ਤੁਹਾਡੇ ਸਿਰ 'ਤੇ ਭੀ ਗਰਮ ਗਰਮ ਰੇਤਾ ਪੈਂਦੀ ਰਹੀ ਹੈ। ਤੁਸੀਂ ਭੀ ਤਿੰਨ ਰਾਤਾਂ ਤੇ ਤਿੰਨ ਦਿਨ ਪਿਆਸੇ ਰਹੇ ਹੋ, ਭੁੱਖੇ ਰਹੇ ਹੋ, ਤੁਹਾਨੂੰ ਭੀ ਤਿੰਨ ਦਿਨ ਨਾ ਸੌਣ ਦਿੱਤਾ, ਨਾ ਲੇਟਣ ਦਿੱਤਾ ਹੈ। ਗੁਰੂ ਤੇ ਸਿੱਖ ਤਾਣਾ ਪੇਟਾ ਹਨ ਇਕ ਦੀ ਪੀੜ ਦੂਜੇ ਨੂੰ ਹੁੰਦੀ ਹੈ।

ਸਾਰੀਆਂ ਸੰਗਤਾਂ ਦੇ ਹਿਰਦੇ ਤੜਫ ਰਹੇ ਸਨ। ਸ਼ੇਰਾਂ ਵਾਂਗ ਬਿਫਰ ਰਹੀਆਂ ਸਨ। ਸਿੱਖਾਂ ਦੀਆਂ ਅੱਖਾਂ ਰੋ ਰੋ ਕੇ ਸੁੱਜੀਆਂ ਭੀ ਸਨ ਅਤੇ ਉਨ੍ਹਾਂ ਵਿੱਚੋਂ ਅੱਗ ਦੀਆਂ ਚੰਗਿਆੜੀਆਂ ਭੀ ਨਿਕਲ ਰਹੀਆਂ ਸਨ। ਕਈ ਬੱਦਲਾਂ ਵਾਂਗ ਗਰਜੇ ਅਤੇ ਬਿਜਲੀ ਵਾਂਗ ਕੜਕੇ ਸਨ। ਸਿੱਖ ਦੰਦੀਆਂ ਪੀਂਹਦੇ ਕਚੀਚੀਆਂ ਵੱਟ ਰਹੇ ਸਨ।

ਕੁਝ ਚਿਰ ਗੁਰੂ ਜੀ ਚੁੱਪ ਕਰ ਗਏ ਅਤੇ ਫਿਰ ਠਰ੍ਹੰਮੇ ਨਾਲ ਬੋਲੇ, "ਸਾਡਾ ਸਭ ਤੋਂ ਵੱਡਾ ਕਸੂਰ ਇਹ ਹੈ ਕਿ ਸਾਡੇ ਵਿਚ ਕੋਈ ਕਸੂਰ ਨਹੀਂ ਹੈ, ਸਾਡਾ ਇਕ ਦੂਜੇ ਵਿਚ ਜੜ੍ਹਾਂ ਲਾ ਕੇ ਸੰਘਣਾ ਵੱਸਣਾ ਸਰਕਾਰ ਨੂੰ ਪ੍ਰਵਾਨ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮਰਦਾਨਾ, ਨਾ ਪੰਡਿਤਾਂ ਨੂੰ ਚੰਗਾ ਲੱਗਾ ਅਤੇ ਨਾ ਵਲੀ ਕੰਧਾਰੀ ਨੂੰ। ਬਾਬਰ ਦੀ ਕਤਲਾਮ ਦੇ ਖੂਨੀ ਸੋਹਲੇ ਬਾਬਰ ਕਿਵੇਂ ਸੁਣ ਸਕਦਾ ਸੀ? ਅਤੇ ਬਾਬਰ ਦੀ ਫੌਜ ਨੂੰ ਪਾਪਾਂ ਦੀ ਜੰਞ ਕਹਿਣ ਵਾਲੇ ਨੂੰ ਜੇਲ੍ਹ ਵਿਚ ਸੁੱਟਣਾ ਅਤੇ ਉਨ੍ਹਾਂ ਕੋਲੋਂ ਚੱਕੀ ਪਿਹਾਉਣੀ ਜ਼ਰੂਰੀ ਸੀ।

ਜਿਹੜਾ ਬੱਚਿਆਂ ਨੂੰ ਘੁਲਾਏ ਅਤੇ ਸੌਂਚੀ ਖੇਡਣ ਦੀ ਪ੍ਰੇਰਨਾ ਦੇਵੇ ਅਤੇ ਆਪਣੇ ਸਿੱਖਾਂ ਲਈ ਦਿਨਾਂ ਵਿਚ ਪੜ੍ਹਾਉਣ ਵਾਲੀ ਪੈਂਤੀ ਤਿਆਰ ਕਰ ਲਏ ਅਤੇ ਫਿਰ ਹਾਕਮ ਆਉਣ ਉੱਪਰ ਭੀ ਬੇ-ਪ੍ਰਵਾਹੀ ਕਰੇ ਅਤੇ ਉਠ ਕੇ ਰਾਜੇ ਨੂੰ ਕਮਾਨ ਵਾਂਗ ਝੁਕ ਕੇ ਸਲਾਮ ਨਾ ਕਰੇ ਤਾਂ ਉਸ ਦਾ ਸਿਰ ਕੱਟਣ ਦਾ ਰਾਜੇ ਨੂੰ ਅਧਿਕਾਰ ਹੈ। ਉਪਰਲੀਆਂ ਸਾਰੀਆਂ ਗੱਲਾਂ ਰਾਜ ਨੂੰ ਢਾਹ ਲਾਉਣ ਵਾਲੀਆਂ ਹਨ।

ਜਿਹੜਾ ਵਰਣ ਆਸ਼ਰਮ ਦੀਆਂ ਕੰਧਾਂ ਲੰਗਰ ਲਾ ਕੇ ਢਾਹ ਦੇਵੇ, ਉਹ ਦੋਸ਼ੀ ਹੈ ਅਤੇ ਉਸ ਨੂੰ ਸਰਕਾਰੀ ਕਚਹਿਰੀ ਵਿਚ ਹਾਜ਼ਰ ਹੋ ਕੇ ਸਾਬਤ ਕਰਨਾ ਪਵੇਗਾ ਕਿ ਉਹ ਨਿਰਦੋਸ਼ ਹੈ।

ਗੁਰਦੇਵ ਪਿਤਾ ਜੀ ਦਾ ਸਭ ਤੋਂ ਵੱਡਾ ਕਸੂਰ ਇਹ ਹੈ ਕਿ ਉਨ੍ਹਾਂ ਨੇ ਮਸਜਿਦਾਂ ਵਿਚ ਮੰਦਰ ਅਤੇ ਮੰਦਰਾਂ ਵਿਚ ਮਸੀਤਾਂ ਬਣਾ ਦਿੱਤੀਆਂ ਹਨ। ਮੁਸਲਮਾਨ ਨਿਮਾਜ਼ ਨਾਲ ਜਪੁ ਪੜ੍ਹਣ ਲੱਗ ਪਏ ਹਨ ਅਤੇ ਹਿੰਦੂ ਗੀਤਾ ਦੇ ਨਾਲ ਸੁਖਮਨੀ ਸਾਹਿਬ ਪੜ੍ਹਨ ਲੱਗ ਪਏ ਹਨ। ਸਾਰੇ ਧਰਮਾਂ ਦੇ ਆਦਮੀ ਸਵੇਰੇ ਆਸਾ ਦੀ ਵਾਰ ਅਤੇ ਰਾਤ ਨੂੰ ਸੋਦਰ ਦਾ ਪਾਠ ਇਕੱਠੇ ਕਰਦੇ ਹਨ। ਉਨ੍ਹਾਂ ਦਾ ਨਿਸ਼ਾਨਾ ਹੈ ਕਿ ਕਰਤਾ ਪੁਰਖ ਦਾ ਇੱਕ ਧਰਮ ਹੈ, ਉਹ ਆਪ ਇੱਕ ਹੈ, ਇਸ ਕਰਕੇ ਉਸ ਇੱਕ ਦੇ ਦੋ ਧਰਮ ਨਹੀਂ ਹੋ ਸਕਦੇ। ਕਲਜੁਗ ਵਿਚ ਮਾਇਆ ਧੜੇ ਪੈਦਾ ਕਰਦੀ ਹੈ ਅਤੇ ਕਾਮ, ਕ੍ਰੋਧ, ਈਰਖਾ ਅਤੇ ਨਫਰਤ ਵੈਰ ਵਿਰੋਧ ਨਾਲ ਇਕ ਦੂਜੇ ਨੂੰ ਮਾਰਦੇ-ਮਾਰਦੇ ਸਾਰੇ ਧੜੇ ਵਿਨਾਸ਼ ਦੇ ਮੂੰਹ ਵਿਚ ਜਾ ਪੈਂਦੇ ਹਨ। ਸਾਡਾ ਧੜਾ ਸਮਰੱਥ ਦਾ ਧੜਾ ਹੈ। ਧਰਮ ਦੇ ਧੜੇ ਵਿਚ ਕੋਈ ਵਿਰੋਧੀ ਨਹੀਂ ਹੁੰਦਾ। ਉਸ ਵਿਚ ਕਦੇ ਵਾਦ-ਵਿਵਾਦ ਨਹੀਂ ਹੁੰਦਾ। ਵਾਦ ਲਈ ਦੋ ਦਾ ਹੋਣਾ ਇਕ ਸ਼ਰਤ ਹੈ, ਪਰ ਅਸੀਂ ਇਕ ਹਾਂ।

ਗੁਰੂ ਪਿਤਾ ਜੀ ਜਾਂਦੇ ਹੋਏ ਫੈਸਲਾ ਕਰ ਗਏ ਹਨ। ਹਥਿਆਰ ਚੁੱਕ ਲਵੋ। ਪੰਜੇ ਪਿਆਲੇ ਸਤ, ਸੰਤੋਖ, ਦਇਆ, ਧਰਮ ਅਤੇ ਧੀਰਜ ਨਾਲ ਭਰੇ ਹੋਏ ਸਨ। ਸਤ ਦੀ ਸਿਖਰ ਨੂੰ ਛੂਹ ਲਿਆ ਹੈ। ਸੰਤੋਖ ਦੀ ਹੱਦ ਭੀ ਮੁਕਾ ਦਿੱਤੀ ਹੈ। ਦਇਆ ਦੀ ਚੋਟੀ ਭੀ ਸਰ ਕਰ ਲਈ ਗਈ ਹੈ। ਧਰਮ ਦਾ ਸਰੂਪ ਨਿਖਾਰ ਦਿੱਤਾ ਹੈ। ਧੀਰਜ ਦਾ ਨਮੂਨਾ ਤੁਹਾਡੇ ਸਾਹਮਣੇ ਹੈ।

> ਅਸੀਂ ਹੁਣ ਫਰਿਆਦੀ ਨਹੀਂ ਬਣਨਾ। ਮੰਗਤਿਆਂ ਨੂੰ ਕੋਈ ਮਨ ਚਾਹੀ ਚੀਜ਼ ਨਹੀਂ ਦਿੰਦਾ। ਪਰਾਏ ਦਰ 'ਤੇ ਅਲਖ ਜਗਾਉਣ ਨਾਲੋਂ ਮਰਨਾ ਹਜ਼ਾਰ ਗੁਣਾਂ ਚੰਗਾ ਹੈ। ਅਸੀਂ ਭੇਡਾਂ ਵਾਂਗ ਸਿਰ ਝੁਕਾ ਕੇ ਨਹੀਂ ਮਰਨਾ। ਸ਼ੇਰ ਵਾਂਗ ਸਾਹਮਣੇ ਡਟ ਕੇ ਮਰਨਾ ਹੈ।

ਕੁਝ ਚਿਰ ਚੁਪ ਕਰਕੇ ਗੁਰਦੇਵ ਜੀ ਉੱਚੀ ਅਵਾਜ਼ ਵਿਚ ਬੋਲੇ ਮੇਰੇ ਦੋਹਾਂ ਹੱਥਾਂ ਵਿਚ ਦੋ ਤਲਵਾਰਾਂ ਹਨ। ਇਹ ਦੋ ਹੁੰਦਿਆਂ ਭੀ ਇਕੱਲੀਆਂ ਹਨ ਜਿਤਨਾ ਚਿਰ ਹਰ ਸਿੱਖ ਕੋਲ ਦੋ ਦੋ ਤਲਵਾਰਾਂ ਨਾ ਹੋਣ। ਦੋ ਦੋ ਪਿਸਤੌਲ ਨਾ ਹੋਣ। ਦੋ ਦੋ ਤੁਪਕਾਂ ਨਾ ਹੋਣ। ਦੋ ਦੋ ਘੋੜੇ ਨਾ ਹੋਣ। ਦੋ ਦੋ ਤੋਪਾਂ ਨਾ ਹੋਣ।

> ਵੱਡੇ ਕੰਮ ਲਈ ਬਹੁਤ ਸਾਰੇ ਹੱਥ ਚਾਹੀਦੇ ਹਨ। ਇਕੱਲੇ ਹਥਿਆਰ

ਭੀ ਨਿਰਜਿੰਦ ਹੁੰਦੇ ਹਨ। ਕਾਇਰ ਦੇ ਹੱਥ ਫੜੀ ਤਲਵਾਰ ਨੂੰ ਲਾਹਨਤਾਂ ਪੈਂਦੀਆਂ ਹਨ। ਅਨਜਾਣ ਸਵਾਰ ਘੋੜੇ ਨੂੰ ਖੋਤਾ ਬਣਾ ਕੇ ਰੱਖ ਦਿੰਦਾ ਹੈ। ਨਿਸ਼ਾਨੇ ਹੀਣ ਦੀ ਤੋਪ ਦਾ ਗੋਲਾ ਆਤਸ਼ਬਾਜ਼ੀ ਦਾ ਗੋਲਾ ਬਣ ਕੇ ਰਹਿ ਜਾਂਦਾ ਹੈ।

ਕੋਈ ਇਕ ਭੀ ਸਿੱਖ ਕਮਜ਼ੋਰ ਨਾ ਰਹਿ ਜਾਵੇ। ਸਰੀਰ ਨੂੰ ਲੋਹਗੜ੍ਹ ਬਣਾਓ। ਪਿੰਡ ਪਿੰਡ ਗਤਕੇ ਖੇਡਣੇ ਸ਼ੁਰੂ ਕਰ ਦਿਓ। ਨੇਜ਼ੇ ਬਾਜ਼ੀ ਦਾ ਅਭਿਆਸ ਸ਼ੁਰੂ ਕਰ ਦਿਓ। ਘੋੜ ਦੋੜਾਂ ਦੇ ਟਾਕਰੇ ਸ਼ੁਰੂ ਕਰ ਦਿਓ। ਉਹ ਜਵਾਨੀ ਸਰਾਪੀ ਹੈ, ਜਿਹੜੀ ਦੇਸ਼ ਦੇ ਕੰਮ ਨਹੀਂ ਆਉਂਦੀ। ਉਹ ਭੱਠੀ ਕੌਮ ਦੀ ਚਿਖਾ ਹੈ, ਜਿਹੜੀ ਹਥਿਆਰ ਨਹੀਂ ਬਣਾਉਂਦੀ।

ਮੁਟਿਆਰਾਂ ਤ੍ਰਿੰਞਣ ਲਾਉਣ ਅਤੇ ਸੂਰਮਿਆਂ ਦੇ ਜ਼ਖ਼ਮਾਂ ਉੱਪਰ ਪੱਟੀਆਂ ਬੰਨ੍ਹਣ ਲਈ ਕਤੌਣਾ, ਸੂਈ ਵਿਚ ਧਾਗਾ ਪਾਉਣਾ, ਨਿਸ਼ਾਨੇ ਬੰਨ੍ਹਣ ਨਾਲੋਂ ਔਖਾ ਨਹੀਂ ਹੈ। ਆਪਣੇ ਘਰਾਂ ਨੂੰ ਇਕ ਮੋਰਚਾ ਬਣਾ ਦਿਓ। ਜਿਤਨਾ ਚਿਰ ਹਰ ਘਰ ਗੁਰੂ ਦਾ ਲੰਗਰ ਨਾ ਬਣ ਜਾਵੇ। ਹਰ ਘਰ ਗੁਰੂ ਦਾ ਨਾ ਹੋ ਜਾਵੇ, ਹਰ ਘਰ ਦੇ ਆਦਮੀ ਗੁਰੂ ਦੇ ਨਾਲ ਨਾ ਹੋ ਜਾਣ। ਸ੍ਰੀ ਅਕਾਲ ਤਖਤ ਸਾਹਿਬ ਜੀ ਦਾ ਰਾਜ ਨਹੀਂ ਹੋ ਸਕਦਾ।

ਤੱਤੀ ਲੋਹ ਇਕ ਵਾਰ ਹੋਈ ਹੈ ਪਰ ਇਸ ਦਾ ਸੇਕ ਹਯਾਤੀ ਤਕ ਸਾਡੇ ਲਹੂ ਨੂੰ ਗਰਮ ਕਰਦਾ ਰਹੇਗਾ। ਸੀਸ ਉੱਪਰ ਇਕ ਵਾਰ ਰੇਤਾ ਪਿਆ ਹੈ ਪਰ ਇਹ ਸਿੱਖ ਕੌਮ ਨੂੰ ਕਦੇ ਭੀ ਲੰਮੀਆਂ ਤਾਣ ਕੇ ਸੌਣ ਨਹੀਂ ਦੇਵੇਗਾ। ਦੇਗ ਇਕ ਵਾਰ ਉਬਾਲੀ ਹੈ ਪਰ ਸਾਡਾ ਖ਼ੂਨ ਜ਼ੁਲਮ ਦੇ ਵਿਰੁੱਧ ਸਦਾ ਲਈ ਉਬਲਦਾ ਰਹੇਗਾ। ਸੱਚੇ ਰਾਜ ਦਾ ਝੰਡਾ ਧਰਮ ਦਾ ਹੁੰਦਾ ਹੈ, ਉਸ ਦੇ ਫਰਹੇ ਸੱਚ ਦੇ ਹੁੰਦੇ ਹਨ। ਜਿੱਥੇ ਨਿਰਦੋਸ਼ ਮਾਰੇ ਜਾਂਦੇ ਹੋਣ, ਉਹ ਰਾਜ ਨਹੀਂ ਕਸਾਈ ਘਰ ਹੁੰਦਾ ਹੈ।

ਤੁਸੀਂ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਫੌਜ ਹੋ। ਇਸ ਸੈਨਾ ਦਾ ਸੱਚਾ ਸੈਨਿਕ ਉਹ ਹੈ, ਜੋ ਤੰਗਲੀ, ਸਲਘਤ ਤਲਵਾਰ ਦੀ ਮੁੱਠ ਇੱਕੋ ਜਿਹੇ ਸਮਝਣ ਲੱਗ ਪਏ। ਹੱਲ ਦੀ ਕਿੱਲੀ ਅਤੇ ਕਹੀ ਦਾ ਦਸਤਾ ਤੇ ਬੰਦੂਕ ਫੜਨ ਵੇਲੇ ਕੁਝ ਓਪਰਾ ਓਪਰਾ ਨਾ ਸਮਝੇ। ਜਿਤਨੇ ਚਾਅ ਨਾਲ ਫਸਲ ਵੱਢੀਦੀ ਹੈ, ਉਤਨੇ ਚਾਅ ਨਾਲ ਜਾਲਮਾਂ ਦੇ ਮਕੜੇ ਲਾ ਲਵੇ। ਹੁਣ ਤੁਸੀਂ ਦਸਵੰਧ ਮਾਇਆ ਦਾ ਭੀ ਕੱਢੋ। ਸਮੇਂ ਦਾ ਦਸਵੰਧ ਭੀ ਕਢੋ ਅਤੇ ਕਿਰਤ ਦਾ ਭੀ ਦਸਵੰਧ ਕੱਢੋ।

ਅਸੀਂ ਲੜਨਾ ਨਹੀਂ ਚਾਹੁੰਦੇ ਪਰ ਸਾਨੂੰ ਲੜਨ ਲਈ ਮਜ਼ਬੂਰ ਕੀਤਾ ਜਾਣਾ। ਲੜਨਾ ਮਜ਼ਬੂਰੀ ਹੈ ਪਰ ਜਿੱਤਣਾ ਜ਼ਰੂਰੀ ਹੈ। ਲੜਾਈ ਬੰਦਿਆਂ ਅਤੇ ਹਥਿਆਰਾਂ ਨਾਲ ਲੜੀ ਜਾਂਦੀ ਹੈ। ਪਰ ਆਦਰਸ਼ ਨਾਲ ਜਿੱਤੀ ਜਾਂਦੀ ਹੈ। ਉਤਸ਼ਾਹ, ਉਮਾਹ, ਚਾਅ ਅਤੇ ਬਲ ਸਰੀਰ ਨਾਲੋਂ ਬਹੁਤਾ ਮਨ ਵਿਚ ਹੁੰਦਾ ਹੈ। ਜਿਹੜੀ ਫੌਜ ਸਿਰ ਉੱਪਰ ਕਫਨ ਬੰਨ ਕੇ ਲੜਦੀ ਹੈ, ਉਹ ਕਫਨ ਵੈਰੀ ਲਈ ਹੁੰਦਾ ਹੈ। ਜਿਹੜੀ ਸੈਨਾ ਮਨ ਵਿਚ ਡਰ ਲੈ ਕੇ ਲੜਦੀ ਹੈ, ਉਹ ਆਪਣੇ ਨਾਲ ਆਪਣੇ ਲਈ ਕਬਰਸਤਾਨ

ਪੁਟ ਕੇ ਮੈਦਾਨ ਵਿਚ ਲੈ ਆਉਂਦੀ ਹੈ।

ਮੇਰੀ ਇਕ ਗੱਲ ਯਾਦ ਰੱਖਣੀ, ਸਮਾਂ ਕਦੇ ਭੀ ਥੋੜ੍ਹਾ ਨਹੀਂ ਹੁੰਦਾ। ਅਸੀਂ ਯਤਨ ਥੋੜੇ ਕਰਦੇ ਹਾਂ, ਥੋੜੇ ਸਮੇਂ ਵਿਚ ਵੱਡੇ ਯਤਨ ਕੀਤੇ ਜਾ ਸਕਦੇ ਹਨ, ਬਹੁਤਾ ਸਮਾਂ ਸਲਾਹਾਂ ਵਿਚ ਗਵਾਇਆ ਜਾ ਸਕਦਾ ਹੈ। ਤੁਸੀਂ ਸਮੇਂ ਵੱਲ ਵੇਖਣ ਦੀ ਥਾਂ 'ਤੇ ਆਪਣੇ ਬਾਹੂ-ਬਲ ਦੀ ਵਰਤੋਂ ਕਰਨੀ ਹੈ। ਗੰਭੀਰ ਹੋ ਕੇ ਗੁਰੂ ਜੀ ਨੇ ਕਿਹਾ:-

> "ਮੈਂ ਤੁਹਾਨੂੰ ਸ਼ਬਦ ਦੇ ਕੇ, ਖਿਆਲ ਦੇ ਕੇ, ਪ੍ਰੇਰਨਾ ਦੇ ਕੇ ਆਦਰਸ਼ ਦੇ ਕੇ ਤੌਰ ਰਿਹਾਂ ਸ੍ਰੀ ਅਕਾਲ ਤਖਤ ਸਾਹਿਬ ਜੀ ਉੱਪਰ ਉਨ੍ਹਾਂ ਹਥਿਆਰਾਂ ਦੇ ਹਾਰ ਚੜ੍ਹਨਗੇ, ਜਿਹੜੇ ਬਾਣੀ ਪੜਦਿਆਂ ਚੱਲਦੇ ਰਹੇ ਹੋਣਗੇ ਅਤੇ ਬਾਣੀ ਦੇ ਆਦਰਸ਼ਾਂ ਲਈ ਚੁੱਕੇ ਗਏ ਹੋਣਗੇ।"

ਕੁਝ ਚੁਪ ਕਰ ਕੇ ਗੁਰੂ ਜੀ ਬੋਲੇ:-

> "ਇਹ ਤਲਵਾਰਾਂ ਫੜੀਆਂ ਅੱਜ ਹਨ ਪਰ ਅੱਜ ਤੋਂ ਪਿੱਛੋਂ ਇਹ ਸਾਡਾ ਇਕ ਅੰਗ ਬਣ ਕੇ ਰਹਿਣਗੀਆਂ। ਇਹ ਕੇਵਲ ਇਸ ਪੀੜੀ ਦੇ ਬਿਰਧਾਂ, ਜਵਾਨਾਂ ਅਤੇ ਬੱਚਿਆਂ ਲਈ ਨਹੀਂ ਹਨ। ਸਾਡੀ ਹਰ ਪੀੜੀ ਇਹ ਵਿਰਸਾ ਆਉਣ ਵਾਲੀ ਪੀੜੀ ਨੂੰ ਸੌਂਪ ਕੇ ਜਾਵੇਗੀ। ਅਸੀਂ ਪਹਿਲਾਂ ਸੰਤ ਹਾਂ ਅਤੇ ਫਿਰ ਸਿਪਾਹੀ ਹਾਂ।"

ਵਿਸ਼ਵ ਇਤਿਹਾਸ ਦੇ ਵਿਦਿਆਰਥੀ ਇਹ ਪੜ੍ਹ ਕੇ ਹੈਰਾਨ ਹੋ ਜਾਂਦੇ ਹਨ ਕਿ ਸ੍ਰੀ ਅੰਮ੍ਰਿਤਸਰ ਚਾਰ ਸਾਲ ਦੇ ਥੋੜੇ ਜਿਹੇ ਸਮੇਂ ਅੰਦਰ ਤੀਰਥ ਦੇ ਨਾਲ-ਨਾਲ ਇਕ ਅਜਿੱਤ ਲੋਹਗੜ੍ਹ ਕਿਲ੍ਹਾ ਭੀ ਬਣ ਗਿਆ। ਇਸ ਦੇ ਚਾਰ ਚੁਫੇਰੇ ਰੱਖਿਆ ਲਈ ਫੌਜੀ ਕੰਧ ਬਣ ਗਈ।

ਗੁਰੂ ਜੀ ਕੋਲ ਅੱਗ ਵਿਚ, ਦਰਿਆ ਵਿਚ ਅਤੇ ਵਰ੍ਹਦੀਆਂ ਗੋਲੀਆਂ ਵਿਚ ਤੀਰ ਵਾਂਗ ਨਿਸ਼ਾਨੇ ਉੱਪਰ ਪਹੁੰਚਣ ਵਾਲੇ ਫੌਜੀ ਢੰਗਾਂ ਅਨੁਸਾਰ ਸਾਧੇ ਹੋਏ ਅੱਠ ਸੌ ਘੋੜੇ ਸਨ। ਤਿੰਨ ਸੌ ਉਹ ਘੋੜ-ਸਵਾਰ ਸਨ, ਜੋ ਬਿਜਲੀ ਵਾਂਗ ਕੜਕੇ ਦੁਸ਼ਮਣ 'ਤੇ ਵਾਰ ਕਰਦੇ ਸਨ। ਸੱਠ ਤੋਪਚੀ ਸਨ, ਜਿਨ੍ਹਾਂ ਦਾ ਨਿਸ਼ਾਨਾ ਕਦੇ ਭੀ ਚੁਕਦਾ ਨਹੀਂ ਸੀ। ਸਾਰੇ ਸਿੱਖ ਸੰਤ, ਸੰਤ ਸਿਪਾਹੀ ਬਣ ਗਏ।

ਕੇਵਲ ੨੦ ਸਾਲ ਦੇ ਥੋੜੇ ਜਿਹੇ ਸਮੇਂ ਅੰਦਰ ਸਾਰੀ ਕੌਮ ਫੌਜੀ ਭੀ ਬਣ ਗਈ ਅਤੇ ਥੋੜੇ ਸਾਲਾਂ ਵਿਚ ਚਾਰ ਭਿਆਨਕ ਲੜਾਈਆਂ ਲੜੀਆਂ ਭੀ ਅਤੇ ਜਿੱਤੀਆਂ ਭੀ। ਮਚਦੀ ਜੰਗ ਵਿਚ ਜੰਞ ਭੀ ਆਈ ਅਤੇ ਬੀਬੀ ਵੀਰੋ ਜੀ ਦੀ ਸ਼ਾਦੀ ਭੀ ਕੀਤੀ।

ਸ੍ਰੀ ਗੁਰੂ ਹਰਿਗੋਬਿੰਦ ਮਹਾਰਾਜ ਨੂੰ ਗੁਆਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਪਰ ਬਿਰਧ ਬਾਬਾ ਬੁੱਢਾ ਸਾਹਿਬ ਜੀ ਨੇ ਰਹਰਾਸਿ ਦੇ ਪਾਠ ਪਿੱਛੋਂ ਇਕ ਚੌਂਕੀ ਅਰੰਭ ਕਰ ਦਿੱਤੀ; ਜਿਸ ਵਿਚ ਬਿਰਧ ਬਾਬਾ ਜੀ ਆਪ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਿਰੀ ਸਾਹਿਬ ਜੀ ਲੈ ਕੇ ਚੱਲਦੇ ਸਨ। ਇਹ ਚੌਂਕੀ ਰੁੱਤਾਂ ਅਨੁਸਾਰ ਰਾਗ-ਬੱਧ ਰੀਤਾਂ ਵਿਚ, ਪਰ ਜੋਟੀਆਂ ਵਿਚ ਸ਼ਬਦ ਪੜ੍ਹਦੀ ਸਰੋਵਰ ਦੀ ਅਤੇ ਹਰਿਮੰਦਰ ਸਾਹਿਬ ਜੀ ਦੀ ਪਰਕਰਮਾ ਕਰਦੀ। ਸੈਂਕੜਿਆਂ ਦੀ ਗਿਣਤੀ ਵਿਚ ਸੰਗਤਾਂ ਇਸ

ਚੌਂਕੀ ਦੇ ਨਾਲ ਹੁੰਦੀਆਂ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਉੱਠ ਕੇ ਖੜੋ ਜਾਂਦੀਆਂ ਅਤੇ ਹੱਥ ਜੋੜ ਕੇ ਸਤਿਕਾਰ ਕਰਦੀਆਂ ਅਤੇ ਮੱਥਾ ਟੇਕਦੀਆਂ।

ਬਾਬਾ ਜੀ ਸ੍ਰੀ ਅੰਮ੍ਰਿਤਸਰ ਤੋਂ ਪ੍ਰੇਮੀਆਂ ਦੀਆਂ ਨਿੱਕੀਆ ਨਿੱਕੀਆਂ ਚੌਕੀਆਂ ਗੁਆਲੀਅਰ ਦੇ ਕਿਲ੍ਹੇ ਵੱਲ ਭੀ ਭੇਜਦੇ ਜੋ ਨੰਗੇ ਪੈਰੀਂ ਗੁਰੂ ਦੇ ਸ਼ਬਦ ਪੜ੍ਹਦੀਆਂ ਅਤੇ ਪੜਾਅ ਕਰਦੀਆਂ ਕਰਦੀਆਂ ਗੁਆਲੀਅਰ ਦੇ ਕਿਲ੍ਹੇ ਦੀਆਂ ਕੰਧਾਂ ਕੋਲ ਪਹੁੰਚਦੀਆਂ ਅਤੇ ਅਰਦਾਸਾਂ ਕਰਦੀਆਂ। ਮੱਥਾ ਟੇਕ ਕੇ ਫਿਰ ਸ਼ਬਦ ਪੜ੍ਹਦੀਆਂ ਅਤੇ ਪੜਾਅ ਕਰਦੀਆਂ ਫਿਰ ਸ੍ਰੀ ਅੰਮ੍ਰਿਤਸਰ ਪਹੁੰਚ ਜਾਂਦੀਆਂ।

ਇਹ ਅੰਮ੍ਰਿਤ ਚੌਕੀਆਂ ਦੀ ਇਕ ਲੰਮੀ ਮਾਹਲ ਸ੍ਰੀ ਅੰਮ੍ਰਿਤਸਰ ਤੋਂ ਲੈ ਕੇ ਕਿਲ੍ਹਾ ਗੁਆਲੀਅਰ ਵਿਚ ਦਿਨ-ਰਾਤ ਚੱਲਦੀ ਰਹਿੰਦੀ ਸੀ। ਰਾਹ ਵਿਚ ਆਉਣ ਵਾਲੇ ਪਿੰਡਾਂ ਦੇ ਲੋਕ ਇਨ੍ਹਾਂ ਕੋਲੋਂ ਗੁਰੂ ਦੀਆਂ ਗੱਲਾਂ ਸੁਣਦੇ ਤਾਂ ਪਹਿਲਾਂ ਉਨ੍ਹਾਂ ਦੇ ਕਾਲਜੇ ਦਾ ਰੁੱਗ ਭਰਿਆ ਜਾਂਦਾ ਅਤੇ ਫਿਰ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਭੀ ਚੰਗਿਆੜੀਆਂ ਨਿਕਲਣ ਲੱਗ ਪੈਂਦੀਆਂ।

ਬਾਬਾ ਬੁੱਢਾ ਸਾਹਿਬ ਜੀ ਦੀ ਇਹ ਚਲਾਈ ਹੋਈ ਜੋਸ਼ੀਲੀ ਅਤੇ ਜਵਾਨ ਲਹਿਰ ਨੇ ਹਕੂਮਤ ਦਾ ਤਖਤਾ ਹਿਲਾ ਕੇ ਰੱਖ ਦਿੱਤਾ। ਉਹ ਸੋਚਣ ਲੱਗ ਪਈ। ਗੁਰੂ ਨੂੰ ਸ਼ਹੀਦ ਕਰਨਾ ਭਿਆਨਕ ਭੁੱਲ ਸੀ। ਗੁਰੂ ਨੂੰ ਗੁਆਲੀਅਰ ਦੇ ਕਿਲ੍ਹੇ ਵਿਚ ਕੈਦ ਕਰਨਾ ਬਲਦੀ ਅੱਗ ਉੱਪਰ ਤੇਲ ਪਾਉਣ ਵਾਲੀ ਗੱਲ ਹੈ।

ਕਮਾਲ ਦੀ ਗੱਲ ਇਹ ਹੈ ਕਿ ਹਕੂਮਤ ਗੁਰੂ ਨੂੰ ਕਿਲ੍ਹੇ ਤੋਂ ਬਾਹਰ ਲਿਆਉਣਾ ਚਾਹੁੰਦੀ ਹੈ। ਗੁਰੂ ਜੀ ਹਕੂਮਤ ਅੱਗੇ ਸ਼ਰਤ ਰੱਖਦੇ ਹਨ। ਬਵਿੰਜਾ ਬਾਗੀ ਰਾਜੇ ਮੇਰੇ ਨਾਲ ਰਿਹਾਅ ਕਰੋ। ਸਰਕਾਰ ਆਪਣਾ ਵੱਕਾਰ ਕਾਇਮ ਕਰਨ ਲਈ ਕਹਿੰਦੀ ਹੈ, 'ਤੁਹਾਡਾ ਲੜ ਫੜ ਕੇ ਬਾਹਰ ਆ ਸਕਦੇ ਹਨ।'

ਉਹ ਤੇ ਪਹਿਲੇ ਹੀ ਲੜ ਫੜ ਚੁੱਕੇ ਸਨ। ਗੁਰੂ 'ਸ਼ਰਨ ਦਾ ਸੂਰਮਾ' ਹੈ, ਜਿਹੜਾ ਸ਼ਰਨ ਆਵੇ, ਉਸ ਦੀ ਰੱਖਿਆ ਕਰਦਾ ਹੈ।

ਰਾਜਾ ਬੰਦੀਵਾਨ ਬਣਾ ਕੇ ਗੁਆਲੀਅਰ ਦੇ ਕਿਲ੍ਹੇ ਵਿਚ ਭੇਜਦਾ ਹੈ, ਗੁਰੂ ਬੰਦੀ-ਛੋੜ ਬਣ ਕੇ ਕਿਲ੍ਹੇ ਵਿੱਚੋਂ ਬਾਹਰ ਆਉਂਦਾ ਹੈ।

ਪੰਥ ਗੁਰੂ-ਰੂਪ ਹੈ, ਜੋ ਮਿਲ ਕੇ ਚਾਹੇ ਗੁਰਬਾਣੀ ਅਨੁਸਾਰ,

> ਪ੍ਰਮਾਣਿਕ ਇਤਿਹਾਸ ਅਨੁਸਾਰ ਅਤੇ ਪਰੰਪਰਾ ਅਨੁਸਾਰ ਫੈਸਲਾ ਕਰ ਸਕਦਾ ਹੈ। ਪਰ, ਇਹ ਗੁਰੂਆਂ ਦਾ ਫੈਸਲਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਜੀ ਉੱਪਰ ਅਕਾਲ ਪੁਰਖ ਬਿਰਾਜਮਾਨ ਹਨ। ਬਾਕੀ ਸਾਰੇ ਸੇਵਾਦਾਰ ਹਨ, ਕੋਈ ਮੁਖੀ ਸੇਵਾਦਾਰ ਹੈ ਤੇ ਕੋਈ ਸੇਵਾਦਾਰ ਹਨ।

(ਗੁ:ਪ੍ਰ ੭/੧੯੯੦)■

# ਮੀਰੀ-ਪੀਰੀ ਦਾ ਸੰਕਲਪ

*-ਸ. ਸੁਖਵੰਤ ਸਿੰਘ**

ਸਿੱਖ ਧਰਮ ਨੂੰ ਸਮਝਣ ਵਿਚ ਰੁਚੀ ਰੱਖਣ ਵਾਲਿਆਂ ਲਈ ਮੀਰੀ-ਪੀਰੀ ਦਾ ਵਿਸ਼ਾ ਬਹੁਤ ਮਹੱਤਵਪੂਰਨ ਹੈ। ਮੀਰੀ-ਪੀਰੀ ਦਾ ਸਿਧਾਂਤ ਸਮੁੱਚੀ ਸਿੱਖ ਲਹਿਰ ਦੇ ਪ੍ਰਸੰਗ ਵਿਚ ਬਹੁਤ ਅਹਿਮ ਰੋਲ ਰੱਖਦਾ ਹੈ। ਗੁਰਮਤਿ ਚਿੰਤਨ ਵਿਚ ਮੀਰੀ-ਪੀਰੀ ਇਕ ਸਿਧਾਂਤ ਜਾਂ ਫ਼ਲਸਫ਼ਾ ਹੋਣ ਦੇ ਨਾਲ ਹੀ ਇਕ ਇਤਿਹਾਸਿਕ ਸੋਚ ਦੇ ਰੂਪ ਵਿਚ ਹਮੇਸ਼ਾਂ ਕਾਇਮ ਰਿਹਾ ਹੈ। ਮੀਰੀ-ਪੀਰੀ ਦਾ ਕੇਂਦਰੀ ਰਹੱਸ ਸਿੱਖ ਪੰਥ ਦੇ ਵਿਕਾਸ ਵਿਚ ਕਈ ਰੂਪਾਂ ਵਿਚ ਵੱਖ-ਵੱਖ ਸੰਕਲਪਾਂ ਰਾਹੀਂ ਵਿਦਮਾਨ ਹੋਇਆ ਹੈ ਜਿਵੇਂ ਹਲਤ-ਪਲਤ, ਦੀਨ-ਦੁਨੀ, ਭਗਤੀ-ਸ਼ਕਤੀ, ਸ਼ਸਤਰ-ਸ਼ਾਸਤਰ, ਗ੍ਰੰਥ-ਪੰਥ, ਦੇਗ-ਤੇਗ ਅਤੇ ਜੋਗ-ਭੋਗ ਆਦਿ। ਇਨ੍ਹਾਂ ਵਿਚੋਂ ਮੀਰੀ-ਪੀਰੀ ਦੀ ਥਾਂ ਤੇ ਸਭ ਤੋਂ ਜਿਆਦਾ ਵਰਤਿਆ ਜਾਂਦਾ ਸ਼ਬਦ ਭਗਤੀ-ਸ਼ਕਤੀ ਹੈ। ਮੀਰੀ-ਪੀਰੀ ਨੂੰ ਧਰਮ ਤੇ ਸਿਆਸਤ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

ਮੀਰੀ ਅਤੇ ਪੀਰੀ ਦੋਵੇਂ ਸ਼ਬਦ ਸਾਮੀ ਪਰੰਪਰਾ ਤੇ ਭਾਸ਼ਾ ਵਿੱਚੋਂ ਆਏ ਹਨ, ਇਨ੍ਹਾਂ ਦਾ ਮੂਲ ਅਰਬੀ ਤੇ ਫ਼ਾਰਸੀ ਭਾਸ਼ਾ ਹੈ। 'ਮੀਰੀ' ਸ਼ਬਦ ਫ਼ਾਰਸੀ ਭਾਸ਼ਾ ਦੇ ਸ਼ਬਦ ਮੀਰ ਤੋਂ ਬਣਿਆ ਹੈ ਜੋ ਅਰਬੀ ਭਾਸ਼ਾ ਦੇ 'ਅਮੀਰ' ਸ਼ਬਦ ਤੋਂ ਲਿਆ ਜਾਪਦਾ ਹੈ। ਮੀਰ ਜਾਂ ਅਮੀਰ ਦਾ ਸ਼ਬਦੀ ਅਰਥ ਹਾਕਮ, ਸੈਨਾਪਤੀ ਜਾਂ ਆਦੇਸ਼ ਦੇਣ ਵਾਲਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਬਾਣੀ ਅੰਦਰ ਬਾਬਰ ਦੇ ਲਈ ਮੀਰ ਸ਼ਬਦ ਵਰਤਿਆ ਹੈ:

*ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥* *(ਪੰਨਾ ੪੧੭)*

ਇਸੇ ਤਰ੍ਹਾਂ ਹੀ 'ਪੀਰੀ' ਸ਼ਬਦ ਵੀ ਫ਼ਾਰਸੀ ਸ਼ਬਦ 'ਪੀਰ' ਤੋਂ ਬਣਿਆ ਹੈ ਜਿਸ ਦਾ ਭਾਵ ਹੈ ਧਾਰਮਿਕ ਨੇਤਾ, ਧਰਮ ਦਾ ਉਪਦੇਸ਼ ਕਰਨ ਵਾਲਾ ਆਦਿ। ਗੁਰਬਾਣੀ ਵਿਚ ਪੀਰ ਲਫ਼ਜ਼ ਦੀ ਵਰਤੋਂ ਕਈ ਥਾਵਾਂ 'ਤੇ ਹੋਈ ਹੈ:

*ਗੁਰੁ ਪੀਰੁ ਸਦਾਏ ਮੰਗਣ ਜਾਇ॥* *(ਪੰਨਾ ੧੨੪੫)*

ਭਾਈ ਗੁਰਦਾਸ ਜੀ ਨੇ ਗੁਰੂ ਸਾਹਿਬਾਨ ਦੇ ਲਈ ਵੀ ਪੀਰ ਸ਼ਬਦ ਵਰਤਿਆ ਹੈ:

*ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ॥* *(ਵਾਰ ੧:੪੮)*

ਗੁਰਮਤਿ ਚਿੰਤਨ ਅਤੇ ਸਿੱਖ ਇਤਿਹਾਸ ਵਿਚ ਮੀਰੀ-ਪੀਰੀ ਦਾ ਸੰਬੰਧ ਆਮ ਤੌਰ 'ਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਹੀ ਜੋੜਿਆ ਜਾਂਦਾ ਹੈ, ਪਰ ਇਸ ਦਾ ਭਾਵ ਇਹ ਨਹੀਂ ਹੈ ਕਿ ਗੁਰਮਤਿ ਸਿਧਾਂਤ ਦੇ ਅੰਦਰ ਇਹ ਸੰਕਲਪ ਪਹਿਲਾਂ ਮੌਜੂਦ ਨਹੀਂ ਸੀ ਜਾਂ ਫਿਰ ਇਹ ਛੇਵੇਂ ਸਤਿਗੁਰਾਂ ਦੀ ਹੀ ਦੇਣ ਹੈ। ਮੀਰੀ-ਪੀਰੀ ਦਾ ਸੰਕਲਪ ਕਿਸੇ ਵੀ ਇਤਿਹਾਸਿਕ ਲੋੜ ਵਿੱਚੋਂ ਪੈਦਾ ਨਹੀਂ ਹੋਇਆ

**ਮਕਾਨ ਨੰ: ੧੩੮੨, ਗਲੀ ਨੰ: ੬, ਅਜ਼ਾਦ ਰੋਡ, ਛੇਹਰਟਾ (ਸ੍ਰੀ ਅੰਮ੍ਰਿਤਸਰ) ੧੪੩੧੦੫ ਮੋ: +੯੧੯੭੨੫੯-੨੯੨੨੨*

ਤੇ ਨਾਂ ਹੀ ਇਸ ਨੂੰ ਗੁਰਮਤਿ ਜੀਵਨ ਨਾਲੋਂ ਤੋੜ ਕੇ ਦੇਖਿਆ ਜਾ ਸਕਦਾ ਹੈ। ਮੀਰੀ-ਪੀਰੀ ਦੇ ਸੰਕਲਪ ਦਾ ਆਧਾਰ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚੋਂ ਪ੍ਰਾਪਤ ਹੁੰਦਾ ਹੈ। ਗੁਰੂ ਨਾਨਕ ਸਾਹਿਬ ਜੀ ਤੇ ਭਗਤ ਸਾਹਿਬਾਨ ਦੀ ਬਾਣੀ ਦੇ ਅੰਦਰ ਇਸ ਵਿਚਾਰ ਦਾ ਮੂਲ ਸਮੋਇਆ ਹੋਇਆ ਹੈ। ਗੁਰਬਾਣੀ ਅੰਦਰ ਪਰਮਾਤਮਾ ਨੂੰ ਪਾਤਸ਼ਾਹਾਂ ਦਾ ਪਾਤਸ਼ਾਹ ਸਭ ਤੋਂ ਵੱਡਾ ਰਾਜਾ ਕਿਹਾ ਗਿਆ ਹੈ ਤੇ ਉਸ ਦੀ ਮਹਿਮਾ ਤਖਤ ਅਤੇ ਦਰਬਾਰ ਵਰਗੇ ਰਾਜਸੀ ਲਕਬਾਂ ਨਾਲ ਕੀਤੀ ਗਈ ਹੈ:

*ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ॥* *(ਪੰਨਾ ੯੬੪)*

ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਜਿੱਥੇ ਧਾਰਮਿਕ ਆਗੂ ਨੂੰ ਉਸ ਦੇ ਡਿਗਦੇ ਆਚਰਣ ਲਈ ਤਾੜਿਆ, ਉੱਥੇ ਨਾਲ ਹੀ ਰਾਜਸੀ ਪ੍ਰਬੰਧਕ ਦੀ ਨਲਾਇਕੀ ਦੀ ਵੀ ਸਖਤ ਨਿਖੇਧੀ ਕੀਤੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਵੱਲੋਂ ਚਲਾਈ ਗੁਰਤਾਗੱਦੀ ਦੀ ਪਰੰਪਰਾ ਨੂੰ ਗੁਰੂ-ਘਰ ਦੇ ਰਬਾਬੀ ਭਾਈ ਸੱਤਾ ਅਤੇ ਭਾਈ ਬਲਵੰਡ ਨੇ ਰਾਮਕਲੀ ਕੀ ਵਾਰ ਅੰਦਰ ਗੁਰੂ ਨਾਨਕ ਸਾਹਿਬ ਵੱਲੋਂ ਚਲਾਇਆ ਰਾਜ ਕਿਹਾ ਹੈ ਜੋ ਕਿ ਸੱਚ ਦੀਆਂ ਨੀਹਾਂ 'ਤੇ ਉਸਾਰਿਆ ਗਿਆ ਹੈ:

*ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥* *(ਪੰਨਾ ੯੬੬)*

ਗੁਰੂ ਸਾਹਿਬਾਨ ਦਾ ਧਰਮ ਕੇਵਲ ਨਿੱਜੀ ਜੀਵਨ ਸੰਵਾਰਨ ਜਾਂ ਭਗਤੀ ਕਰਨ ਤਕ ਸੀਮਤ ਰਹਿਣ ਦਾ ਧਰਮ ਨਹੀਂ ਹੈ। ਗੁਰੂ ਸਾਹਿਬਾਨ ਨੇ ਜੀਵਨ ਦੇ ਸਾਰੇ ਪੱਖਾਂ ਸਮਾਜਿਕ, ਰਾਜਨੀਤਿਕ ਤੇ ਆਰਥਿਕ ਆਦਿ ਨੂੰ ਆਪਣੀ ਬਾਣੀ ਰਾਹੀਂ ਬਿਆਨ ਕੀਤਾ ਹੈ। ਪਹਿਲੇ ਪੰਜ ਗੁਰੂ ਸਾਹਿਬਾਨ ਤਕ ਅਧਿਆਤਮਕ ਸੁਰ ਦੀ ਪਰਧਾਨਤਾ ਦੇ ਬਾਵਜੂਦ ਵੀ ਸਾਨੂੰ ਕਿਤੇ ਸਮਾਜਿਕ ਸਰੋਕਾਰਾਂ ਪ੍ਰਤੀ ਉਦਾਸੀਨਤਾ ਦਿਖਾਈ ਨਹੀਂ ਦਿੰਦੀ। ਸ੍ਰੀ ਗੁਰੂ ਨਾਨਕ ਸਾਹਿਬ ਦੇ ਬਾਬਰਬਾਣੀ ਦੇ ਤੌਰ 'ਤੇ ਪ੍ਰਸਿੱਧ ਸ਼ਬਦਾਂ ਵੱਲ ਧਿਆਨ ਮਾਰਨ ਨਾਲ ਗੁਰੂ ਜੀ ਦੀ ਰਾਜਸੀ ਚੇਤਨਾ ਦੇ ਦਰਸ਼ਨ ਹੁੰਦੇ ਹਨ ਜੋ ਕੇਵਲ ਵਿਰੋਧ ਅਤੇ ਵਿਦਰੋਹ ਤਕ ਹੀ ਸੀਮਿਤ ਨਹੀਂ ਹੈ ਬਲਕਿ ਚੇਤੰਨ ਰੂਪ ਵਿਚ ਪਰਿਵਰਤਨ ਦੇ ਅਧਾਰ ਦੀ ਸਿਰਜਣਾ ਹੈ। ਗੁਰਬਾਣੀ ਵਿਚਲੇ 'ਬੇਗਮਪੁਰਾ' ਤੇ 'ਹਲੀਮੀ ਰਾਜ' ਸ਼ਬਦ ਇਸ ਚੇਤਨਤਾ ਦੇ ਪ੍ਰਤੱਖ ਪ੍ਰਮਾਣ ਹਨ। ਇਸ ਪ੍ਰਕਾਰ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਪੰਜਵੇਂ ਸਤਿਗੁਰਾਂ ਤਕ ਸਿਧਾਂਤਕ ਰੂਪ ਵਿਚ ਮੀਰੀ ਤੇ ਪੀਰੀ ਦਾ ਸੁਮੇਲ ਅਦਿੱਖ ਰੂਪ ਵਿਚ ਨਾਲੋਂ ਨਾਲ ਚੱਲਦਾ ਹੈ।

ਸ੍ਰੀ ਗੁਰੂ ਅਰਜਨ ਦੇ ਜੀ ੧੬੦੬ ਈ. ਵਿਚ ਸ਼ਹੀਦ ਹੋਣ ਤੋਂ ਮਗਰੋਂ ਜਦ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਰੂ ਜੋਤ ਦੇ ਮਾਲਕ ਬਣੇ ਤਾਂ ਉਨ੍ਹਾਂ ਨੇ ਸਿੱਖਾਂ ਨੂੰ ਖ਼ੁਦ ਨੂੰ ਵੀ ਹਥਿਆਰਬੰਦ ਕਰਨ ਦਾ ਫੈਸਲਾ ਕੀਤਾ। ਗੁਰੂ ਜੀ ਨੇ ਦੋ ਤਲਵਾਰਾਂ ਧਾਰਨ ਕੀਤੀਆਂ ਜਿਨ੍ਹਾਂ ਨੂੰ ਮੀਰੀ ਤੇ ਪੀਰੀ ਦੀਆਂ ਤਲਵਾਰਾਂ ਕਿਹਾ ਜਾਂਦਾ ਹੈ। ਇਸ ਸਮੇਂ ਤੋਂ ਹੀ ਮੀਰੀ ਤੇ ਪੀਰੀ ਦਾ ਸੰਕਲਪ ਪਹਿਲੀ ਵਾਰ ਉੱਭਰ ਕੇ ਸਾਹਮਣੇ ਆਉਂਦਾ ਹੈ। ਸਤਿਗੁਰੂ ਨੇ ਮੀਰਾਂ ਦੀ ਤਰ੍ਹਾਂ ਕਲਗੀ ਸਜਾਉਣਾ ਅਰੰਭ ਕੀਤਾ ਮੰਜੀ ਦੀ ਥਾਂ 'ਤੇ ਤਖਤ ਤੇ ਬੈਠਣ ਲੱਗੇ ਤੇ ਨਾਲ ਹੀ ਸੰਗਤਾਂ ਨੂੰ ਘੋੜੇ ਤੇ ਸ਼ਸਤਰ ਆਦਿ

ਭੇਟਾਂ ਲਿਆਉਣ ਲਈ ਵੀ ਕਿਹਾ ਗਿਆ। ਗੁਰੂ ਸਾਹਿਬ ਨੇ ਹਰਿਮੰਦਰ ਸਾਹਿਬ ਦੇ ਸਾਹਮਣੇ ੧੨ ਫੁੱਟ ਉੱਚਾ ਥੜਾ ਤਿਆਰ ਕਰਾਇਆ ਤੇ ਉਸ ਦਾ ਨਾਮ 'ਅਕਾਲ ਤਖਤ' ਰੱਖਿਆ ਗਿਆ। ਸਤਿਗੁਰ ਤਖਤ 'ਤੇ ਬੈਠ ਕੇ ਸਿੱਖਾਂ ਦੇ ਸੈਨਿਕ ਅਤੇ ਰਾਜਨੀਤਕ ਮਾਮਲਿਆਂ ਦੀ ਪ੍ਰਤੱਖ ਅਗਵਾਈ ਕਰਨ ਲੱਗ ਪਏ। ਸਿੱਖ ਧਰਮ ਅੰਦਰ ਰਾਜਨੀਤੀ ਨੂੰ ਕਦੇ ਵੀ ਅਪਰਾਧਿਤ ਅਤੇ ਅਪਵਿੱਤਰ ਅਮਲ ਨਹੀਂ ਮੰਨਿਆ ਗਿਆ। ਛੇਵੇਂ ਸਤਿਗੁਰੂ ਦਾ ਸੈਨਿਕ ਸ਼ਕਤੀ ਨੂੰ ਪ੍ਰਗਟ ਕਰਨਾ ਕਈ ਲੋਕਾਂ ਨੂੰ ਇਉਂ ਲੱਗਦਾ ਹੈ ਜਿਵੇਂ ਗੁਰੂ ਸਾਹਿਬ ਨੇ ਗੁਰਮਤਿ ਪਰੰਪਰਾ ਤੋਂ ਬਾਹਰ ਜਾ ਕੇ ਕੋਈ ਕਾਰਜ ਕੀਤਾ ਹੈ, ਪਰ ਇਸ ਤਰ੍ਹਾਂ ਦੀ ਗੱਲ ਕੇਵਲ ਉਹੀ ਕਰ ਸਕਦਾ ਹੈ ਜੋ ਸਿੱਖ ਸਿਧਾਂਤ ਦੇ ਮੂਲ ਨੂੰ ਸਮਝਣ ਦੇ ਪੱਖ ਤੋਂ ਕੋਰਾ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਮੀਰੀ-ਪੀਰੀ ਸਿਧਾਂਤ ਵਿਵਹਾਰਕ ਰੂਪ ਵਿਚ ਪ੍ਰਗਟ ਕਰਨਾ ਪਹਿਲਾ ਯਤਨ ਸੀ, ਜਿਸ ਨੇ ਸਿੱਖ ਧਰਮ ਵਿਚ ਰਾਜਨੀਤੀ ਅਤੇ ਧਰਮ ਦੇ ਭੁਲੇਖੇ ਨੂੰ ਹਮੇਸ਼ਾਂ ਲਈ ਦੂਰ ਕਰ ਦਿੱਤਾ ਸੀ। ਗੁਰਮਤਿ ਦੇ ਸਿਧਾਂਤ ਤੇ ਫ਼ਲਸਫ਼ੇ ਦਾ ਮੂਲ ਸਰੋਕਾਰ ਜੋਤ ਤੇ ਜੁਗਤਿ ਦੀ ਇਕਸੁਰਤਾ ਨੂੰ ਕਾਇਮ ਰੱਖਣਾ ਹੈ ਜੋ ਕਿਸੇ ਵੀ ਕੀਮਤ 'ਤੇ ਵੱਖ ਨਹੀਂ ਹੋ ਸਕਦੀਆਂ। ਮੀਰੀ ਤੇ ਪੀਰੀ ਦੀਆਂ ਤਲਵਾਰਾਂ ਧਾਰਨ ਕਰਨ ਤੋਂ ਬਾਅਦ ਵੀ ਜੋਤ-ਜੁਗਤਿ ਦੇ ਸਿਧਾਂਤ ਦੀ ਕੋਈ ਉਲੰਘਣਾ ਹੁੰਦੀ ਨਜ਼ਰ ਨਹੀਂ ਆਉਂਦੀ। ਗੁਰੂ ਸਾਹਿਬ ਦੁਆਰਾ ਮੀਰੀ-ਪੀਰੀ ਰਾਹੀਂ ਧਰਮ ਤੇ ਰਾਜਨੀਤੀ ਦਾ ਇਹ ਰੂਪ ਪੇਸ਼ ਕਰਨਾ ਪੂਰਬੀ ਜਾਂ ਭਾਰਤੀ ਧਰਮਾਂ ਦੀ ਪ੍ਰਚਲਿਤ ਵਿਚਾਰਾਂ ਦੀ ਪ੍ਰਣਾਲੀ ਲਈ ਕਿਸੇ ਇਨਕਲਾਬ ਤੋਂ ਘੱਟ ਨਹੀਂ ਸੀ। ਛੇਵੇਂ ਪਾਤਸ਼ਾਹ ਤੋਂ ਅਰੰਭ ਹੋ ਕੇ ਸ਼ਸਤਰ ਤੇ ਸ਼ਾਸਤਰ ਦਾ ਦੋ ਤਲਵਾਰਾਂ ਦਾ ਸਫਰ ਨਿਰੰਤਰ ਚੱਲਦਾ ਹੋਇਆ ਦਸਵੇਂ ਪਾਤਸ਼ਾਹ ਤਕ ਪਹੁੰਚ ਕੇ ਖਾਲਸਾ ਸਾਜਨਾ ਦੇ ਦੋ ਧਾਰੇ ਖੰਡੇ ਰਾਹੀਂ ਪ੍ਰਗਟ ਹੁੰਦਾ ਹੈ। ਸਤਿਗੁਰੂ ਖਾਲਸੇ ਦੇ ਰਾਹੀਂ ਸੰਤ-ਸਿਪਾਹੀ ਰੂਪੀ ਸੰਪੂਰਨ ਮਨੁੱਖ ਦੀ ਉਹ ਘਾੜਤ ਪੂਰੀ ਕਰ ਦਿੰਦੇ ਹਨ ਜਿਸ ਨੂੰ ਪਹਿਲੇ ਪਾਤਸ਼ਾਹ ਨੇ 'ਜਪੁ ਜੀ ਸਾਹਿਬ' ਅੰਦਰ 'ਸਚਿਆਰ' ਕਿਹਾ ਹੈ।

ਛੇਵੇਂ ਪਾਤਸ਼ਾਹ ਦੇ ਸਮੇਂ ਤੋਂ ਹੀ ਮੀਰੀ-ਪੀਰੀ ਤੇ ਧਰਮ-ਸਿਆਸਤ ਦੇ ਇਕੱਠ ਨੂੰ ਗਲਤ ਸਾਬਤ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਆਧੁਨਿਕਵਾਦੀ ਜਾਂ ਪੱਛਮੀ ਗਿਆਨ ਪ੍ਰਬੰਧ ਦੇ ਪ੍ਰਭਾਵ ਹੇਠ ਧਰਮ ਤੇ ਸਿਆਸਤ ਨੂੰ ਵੱਖ-ਵੱਖ ਰੱਖਣ ਦਾ ਮੁੱਦਾ ਬਾਰ-ਬਾਰ ਚੁੱਕਿਆ ਜਾਂਦਾ ਹੈ। ਗੁਰਮਤਿ ਫ਼ਲਸਫ਼ੇ ਦੀ ਰੋਸ਼ਨੀ ਵਿਚ ਇਨ੍ਹਾਂ ਨੂੰ ਵੱਖ ਕਰਨਾ ਅਸੰਭਵ ਹੈ। ਮੀਰੀ ਤੇ ਪੀਰੀ ਦਰਿਆ ਦੇ ਕੰਢਿਆਂ ਦੀ ਤਰ੍ਹਾਂ ਹੈ ਜਿਸ ਵਿਚ ਜੀਵਨ ਦੀ ਰੌਂਅ ਨਿਰੰਤਰ ਵਗਦੀ ਹੈ। ਭਗਤੀ ਨਾਲੋਂ ਟੁੱਟੀ ਹੋਈ ਸ਼ਕਤੀ ਦਿਸ਼ਾਹੀਣ ਹੁੰਦੀ ਹੈ ਉਸ ਵਿਚ ਨਿੱਜ ਸੁਆਰਥ ਤੇ ਰਾਖਸ਼ੀ ਬਿਰਤੀਆਂ ਜਨਮ ਲੈ ਲੈਂਦੀਆਂ ਹਨ। ਸ਼ਕਤੀ ਤੋਂ ਬਿਨਾ ਭਗਤੀ ਵੀ ਸ਼ੂਨਵਾਦੀ ਹੋ ਕੇ ਰਹਿ ਜਾਂਦੀ ਹੈ ਤੇ ਲੋੜ ਪੈਣ 'ਤੇ ਆਪਣਾ ਬਚਾਉ ਵੀ ਨਹੀਂ ਕਰ ਸਕਦੀ, ਇਸੇ ਲਈ ਮੀਰੀ-ਪੀਰੀ ਨੂੰ ਦੇਗ ਤੇਗ ਦੇ ਰੂਪ ਵਿਚ ਵੀ ਚਿਤਵਿਆ ਗਿਆ ਹੈ। ਗੁਰੂ ਸਾਹਿਬਾਨ ਦੁਆਰਾ ਅਧਿਆਤਮਿਕ ਤੇ ਦੁਨਿਆਵੀ ਸ਼ਕਤੀਆਂ ਨੂੰ ਇਕਰੂਪਤਾ ਦੇਣ ਦੇ ਬਾਵਜੂਦ ਵੀ ਦੋਹਾਂ ਦਾ ਸੰਤੁਲਨ ਹਮੇਸ਼ਾਂ ਕਾਇਮ

ਰੱਖਿਆ ਗਿਆ ਹੈ ਨਾ ਕਦੇ ਮੀਰੀ-ਪੀਰੀ ਦੇ ਉੱਪਰ ਤੇ ਨਾ ਹੀ ਪੀਰੀ ਮੀਰੀ ਦੇ ਉੱਪਰ ਭਾਰੂ ਹੋਣ ਦਿੱਤੀ ਹੈ। ਇਸ ਮੀਰੀ-ਪੀਰੀ ਦੇ ਸੁਮੇਲ ਰੂਪ ਵਿਚ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਵੱਖ-ਵੱਖ ਦ੍ਰਿਸ਼ਟਮਾਨ ਹੁੰਦੇ ਹੋਏ ਵੀ ਇਕ ਰੂਪ ਹਨ।

ਉਪਰੋਕਤ ਸਾਰੇ ਵਰਤਾਰੇ ਤੋਂ ਇਹ ਸਮਝ ਲੈਣਾ ਵੀ ਭੁੱਲ ਹੋਵੇਗੀ ਕਿ ਗੁਰਮਤਿ ਚਿੰਤਨ ਵਿਚ ਮੀਰੀ-ਪੀਰੀ ਨੂੰ ਇਕ ਦੂਜੇ ਦੇ ਅਧਿਕਾਰ ਖੇਤਰ ਵਿਚ ਦਖ਼ਲ ਦੇਣ ਦੀ ਖੁੱਲ ਹੈ, ਪਰ ਐਸਾ ਨਹੀਂ ਹੈ। ਉੱਘੇ ਸਿੱਖ ਚਿੰਤਕ ਤੇ ਵਿਦਵਾਨ ਡਾ. ਖੜਕ ਸਿੰਘ ਜੀ ਦੇ ਅਨੁਸਾਰ "ਮੀਰੀ-ਪੀਰੀ ਦੇ ਅਧੀਨ ਹੈ, ਰਾਜ ਤੇ ਜੋਗ ਦੀ ਸੀਮਾ ਹੈ, ਭਗਤੀ ਸ਼ਕਤੀ ਦੀ ਵਰਤੋਂ ਦਾ ਵਿਧਾਨ ਹੈ, ਭੋਗ ਨਾਲ ਜੋਗ ਦਾ ਵਰਤਾਰਾ ਹੈ ਤੇ ਸ਼ਸਤਰ hmySWSwsqr WqNsyD gRhx krdyhn[" ਅਕਾਲ ਤਖਤ ਸਾਹਿਬ ਦੇ ਸਾਹਮਣੇ ਝੂਲਦੇ ਦੋ ਨਿਸ਼ਾਨ ਸਾਹਿਬ ਇਸ ਗੱਲ ਦੇ ਸੂਚਕ ਹਨ ਕਿ ਧਰਮ ਤੇ ਰਾਜਨੀਤੀ ਦੇ ਸੰਬੰਧ ਵਿਚ ਧਰਮ ਹਮੇਸ਼ਾਂ ਰਾਜਨੀਤੀ ਦੀ ਅਗਵਾਈ ਕਰਦਾ ਹੈ ਪਰ ਉਸ ਵਿਚ ਬੇਲੋੜਾ ਦਖ਼ਲ ਵੀ ਨਹੀਂ ਦਿੰਦਾ।

ਧਰਮ ਤੇ ਰਾਜਨੀਤੀ ਦਾ ਨਾਪਾਕ ਗਠਜੋੜ ਹਮੇਸ਼ਾਂ ਤਬਾਹੀ ਦਾ ਕਾਰਨ ਬਣਦਾ ਆਇਆ ਹੈ ਜਿਵੇਂ ਮੱਧਕਾਲੀ ਸਮਾਜ ਵਿਚ ਖੱਤਰੀ ਰਾਜੇ ਤੇ ਬ੍ਰਹਮਣੀ ਪ੍ਰੋਹਿਤ ਦਾ ਗਠਜੋੜ ਅਤੇ ਮੁਗ਼ਲ ਹਕੂਮਤਾਂ ਦੇ ਸਮੇਂ ਸਮਰਾਟਾਂ ਦੇ ਹਰ ਗਲਤ ਕੰਮ ਨੂੰ ਕਾਜ਼ੀ ਦੁਆਰਾ ਧਰਮ ਦੀ ਵਿਆਖਿਆ ਨਾਲ ਸਹੀ ਠਹਿਰਾਣਾ ਇਸ ਦਾ ਸਬੂਤ ਹਨ। ਇਨ੍ਹਾਂ ਵਰਤਾਰਿਆਂ ਦੇ ਉਲਟ ਗੁਰਮਤਿ ਸਿਧਾਂਤ ਵਿਚ ਧਾਰਮਿਕ ਆਗੂ ਉੱਚ ਹੁੰਦਾ ਹੋਇਆ ਵੀ ਰਾਜਨੀਤੀ ਦਾ ਕੇਵਲ ਰਾਹ ਦਰਸਾਵਾ ਹੈ। ਰਾਜਨੀਤਕ ਤਾਕਤ ਹਾਸਲ ਕਰਨ ਤੋਂ ਬਾਅਦ ਵੀ ਸਿੱਖ ਆਪਣੇ ਧਰਮ ਵਿਚ ਦ੍ਰਿੜ੍ਹ ਰਹਿ ਕੇ ਕਿਸੇ ਦੂਜੇ ਦੇ ਧਰਮ ਨੂੰ ਖਤਮ ਕਰਨ ਦਾ ਯਤਨ ਨਹੀਂ ਕਰਦਾ ਬਲਕਿ ਨਿਰਪੱਖ ਰਹਿੰਦਾ ਹੋਇਆ ਸਭ ਧਰਮਾਂ ਨੂੰ ਵਿਗਸਣ ਦਾ ਮੌਕਾ ਪ੍ਰਦਾਨ ਕਰਦਾ ਹੈ। ਇਸ ਦਾ ਸਬੂਤ ਬਾਬਾ ਬੰਦਾ ਸਿੰਘ ਬਹਾਦਰ ਤੇ ਮਹਾਰਾਜਾ ਰਣਜੀਤ ਸਿੰਘ ਦੁਆਰਾ ਸਥਾਪਿਤ ਕੀਤੇ ਰਾਜ ਹਨ। ਸੋ ਗੁਰਮਤਿ ਦੇ ਆਸ਼ੇ ਅਨੁਸਾਰ ਮੀਰੀ-ਪੀਰੀ ਸਦਾ ਇਕ ਦੂਜੇ ਦੇ ਪੂਰਕ ਹਨ ਇਨ੍ਹਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਦੋਹਾਂ ਪੱਖਾਂ ਦਾ ਸੰਤੁਲਿਤ ਸੁਮੇਲ ਹੀ ਨਿਰਮਲ ਪੰਥ ਦਾ ਅਸਲੀ ਨਿਆਰਾਪਨ ਹੈ।

**ਸਹਾਇਕ ਪੁਸਤਕਾਂ:**


੧. *ਮਹਾਨ ਕੋਸ਼:* ਭਾਈ ਕਾਨ੍ਹ ਸਿੰਘ ਨਾਭਾ

੨. *ਸਿੱਖ ਇਨਕਲਾਬ:* ਸ. ਜਗਜੀਤ ਸਿੰਘ

੩. *ਸਿੱਖ ਫ਼ਲਸਫ਼ੇ ਦੀ ਭੂਮਿਕਾ:* ਡਾ. ਜਸਬੀਰ ਸਿੰਘ 'ਆਹਲੂਵਾਲੀਆ'

੪. *ਧਰਮ ਅਧਿਐਨ ਅਤੇ ਸਿੱਖ ਅਧਿਐਨ:* ਡਾ. ਦਰਸ਼ਨ ਸਿੰਘ

੫. *ਗੁਰਮਤਿ ਸ਼ੈਲੀ:* ਡਾ. ਮਹਿੰਦਰ ਕੌਰ

੬. *ਖਾਲਸੇ ਦੀ ਵਾਸੀ:* ਸ. ਸਤਿਬੀਰ ਸਿੰਘ

੭. *ਨਾਨਕ ਪ੍ਰਕਾਸ਼ ਪ੍ਰੱਤਿਕਾ;* (ਗੋਲਡਨ ਜੁਬਲੀ ਵਿਸ਼ੇਸ਼ ਅੰਕ) ਸੰਪਾ: ਡਾ. ਸਰਬਜਿੰਦਰ ਸਿੰਘ

੮. *ਨਾਨਕ ਪ੍ਰਕਾਸ਼ ਪ੍ਰੱਤਿਕਾ;* (ਵਿਸ਼ਵ ਧਰਮ ਬਾਨੀ ਵਿਸ਼ੇਸ਼ ਅੰਕ) ਸੰਪਾ: ਡਾ. ਸਰਬਜਿੰਦਰ ਸਿੰਘ

# ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ: ਵਿਆਕਰਨਕ ਸੰਦਰਭ

*-ਡਾ. ਗੁਰਮੇਲ ਸਿੰਘ**

ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਗੁਰਬਾਣੀ-ਵਿਆਖਿਆਕਾਰੀ ਨਾਲ ਸੰਬੰਧਿਤ ਹੋਇਆ, ਆਪਣੀ ਹੀ ਕਿਸਮ ਦਾ ਇਕ ਅਜਿਹਾ ਕਾਰਜ ਹੈ, ਜਿਸਦੀ ਸਹਾਇਤਾ ਜਾਂ ਹਵਾਲੇ ਬਿਨਾ ਬਾਣੀ-ਅਧਿਐਨ ਦਾ ਕੋਈ ਵੀ ਜਤਨ ਪੂਰਾ ਨਹੀਂ ਹੁੰਦਾ। ਸਿੱਖ ਸੰਸਥਾਗਤ, ਅਕਾਦਮਿਕ ਤੇ ਆਮ ਜਗਤ ਵਿਚ ਇਸ ਅਤਿ-ਵਰਤੋਂਯੋਗ ਪ੍ਰਮਾਣਿਕ ਹਵਾਲਾ-ਗ੍ਰੰਥ ਦੇ ਵਸਤੂ-ਵੇਰਵੇ ਬਾਣੀ ਦੇ ਬਹੁ-ਪਾਸਾਰੀ ਪਖਾਂ ਦਾ ਭਾਨ ਕਰਾਉਂਦੇ ਹਨ ਤੇ ਇਸ ਦੀ ਨਿਰਮਾਣ ਯੋਜਨਾ ਵਿਚ ਪਹਿਲੀ ਵਾਰ ਵਿਗਿਆਨਕ ਤੇ ਵਿਉਂਤਬਧ ਜੁਗਤਾਂ ਨੂੰ ਵਰਤੋਂ ਵਿਚ ਲਿਆਂਦਾ ਗਿਆ ਹੈ। ਬਾਣੀ-ਵਿਆਖਿਆਕਾਰੀ ਬਾਰੇ ਅਨੇਕ ਜ਼ਿਕਰਯੋਗ ਕਾਰਜਾਂ ਦੀ ਸਿਰਜਣਾ ਹੋਣ ਦੇ ਬਾਵਜੂਦ ਸ਼ਬਦਾਰਥ ਦੀ ਸਾਰਥਕਤਾ ਤੇ ਮਹਤਾ ਵਰਤਮਾਨ (੨੦੧੫) ਤਕ ਲਗਾਤਾਰ ਬਣੀ ਹੋਈ ਹੈ ਅਤੇ ਨੇੜ ਭਵਿਖ ਵਿਚ ਵੀ ਇਸ ਦਾ ਹਾਲੇ ਕੋਈ ਬਦਲ ਨਜ਼ਰ ਨਹੀਂ ਆ ਰਿਹਾ। ਹਥ-ਵਿਚਲਾ ਲੇਖ ਇਸ ਅਹਿਮ ਕਾਰਜ ਦੇ ਵਿਆਖਿਅਕ-ਸਰੂਪ ਦੇ ਸਿਰਫ ਇਕ ਪਖ/ਅੰਗ ਦਾ, ਮਾਤਰ ਸੰਦਰਭ ਜਾਣਨ/ਸਮਝਣ ਦਾ ਅਤਿ ਸੰਖੇਪ ਜਤਨ ਹੈ।

ਸ਼ਬਦਾਰਥ ਵਿਆਖਿਆਕਾਰੀ ਦਾ ਇਕ ਅਹਿਮ ਲਛਣ ਤੇ ਪਹੁੰਚ-ਵਿਧੀ ਵਿਆਕਰਨ ਹੈ। ਸ਼ਬਦਾਰਥਕਾਰਾਂ ਦਾ ਮਤ ਹੈ ਕਿ ਬਾਣੀ-ਲੇਖਣੀ (Gurbani Orthography) ਦਾ ਆਪਣਾ ਇਕ ਮੌਲਿਕ ਨੇਮ ਪ੍ਰਬੰਧ ਹੈ; ਦੂਜੇ ਸ਼ਬਦਾਂ ਵਿਚ "ਬਾਣੀ ਬੇ-ਨਿਯਮੀ ਨਹੀਂ ਲਿਖੀ ਹੋਈ, ਕਿਸੇ ਨਾ ਕਿਸੇ ਤਰੀਕੇ ਨਾਲ ਲਿਖੀ {ਹੋਈ} ਹੈ।"[੧] ਲਿਖਣ-ਤਰੀਕਿਆਂ ਦੀ ਤਲਾਸ਼ ਕਰਨੀ ਤੇ ਸੰਭਵ ਲਾਗੂ ਕਰਨਾ, ਸ਼ਬਦਾਰਥ ਦਾ ਪਹਿਲਾ, ਅਹਿਮ ਤੇ ਮੌਲਿਕ ਜਤਨ ਹੈ,[੨] ਜਿਸ ਨਾਲ 'ਅਰਥਾਂ' ਨੂੰ 'ਭਾਵਾਂ' ਦੇ ਨੇੜੇ ਰਹਿਣ ਦਾ ਵਧ ਮੌਕਾ ਮਿਲਿਆ ਹੈ।

ਸ਼ਬਦਾਰਥਕਾਰਾਂ ਦੁਆਰਾ ਬਾਣੀ-ਲੇਖਣੀ ਦੇ ਮੌਲਿਕ ਨੇਮ-ਪ੍ਰਬੰਧ ਦੀ ਖੋਜ ਵਿਚ ੩੪-ਕੁ ਮੁਖ ਨਿਯਮਾਂ ਦੀ ਤਲਾਸ਼ ਕਰਕੇ, ਉਨ੍ਹਾਂ ਨਿਯਮਾਂ ਦੀ ਰੋਸ਼ਨੀ ਵਿਚ ਸ਼ਬਦਾਰਥ ਦੀ ਵਿਆਖਿਆਕਾਰੀ ਕੀਤੀ ਗਈ ਹੈ। ਸਮੁਚੇ ਸ਼ਬਦਾਰਥ ਵਿਚ ਕਰੀਬਨ ੨੪੦-ਕੁ ਟਿਪਣੀਆਂ ਜਾਂ ਪਦ-ਟਿਪਣੀਆਂ ਰਾਹੀਂ ਅਰਥ-ਪ੍ਰਕਿਰਿਆ ਵਿਚ ਸਿਧੇ ਵਿਅਕਰਨਕ ਨੇਮਾਂ ਨੂੰ ਲਾਗੂ ਕਰਕੇ ਪਰੰਪਰਕ ਅਰਥਾਂ ਨਾਲੋਂ ਭੇਦ ਸਪਸ਼ਟ ਕੀਤੇ ਗਏ

**ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਮੋ: +੯੧੯੨੯੩੯-੨੫੪੩੯*

ਹਨ। ਵਿਆਕਰਨ ਸੰਬੰਧੀ ਸ਼ਬਦਾਰਥ ਵਿਆਖਿਆਕਾਰੀ ਵਿਚ ਹੇਠ ਲਿਖੇ ਪਖ ਉਜਾਗਰ ਹੁੰਦੇ ਹਨ:

(I) ਬਾਣੀ-ਸ਼ਬਦਾਂ ਦੇ ਵਿਆਕਰਅਕ ਰੂਪਾਂ ਦੀ ਪਛਾਣ ਕਰਨੀ, ਜਿਵੇਂ:

ਲਿੰਗ (ਪੁਲਿੰਗ/ਇਸਤਰੀ ਲਿੰਗ ੧੩/੨੬, ੧੫/੧੧, ੭੦੬/੧੬/, ੨੬੮/੨੬), ਕਾਲ (੧੭/੧੧), ਕਾਰਕ (ਸੰਬੰਧਕ ੪੮/*, ਸੰਬੋਧਨ ੩੭੮/੨, ਕਰਤਾ ੬੫੫/੩੫), ਵਯੰਜਨ (੩੭੩/੨੮), ਨਾਂਵ (੫੪੬/*), ਵਿਸ਼ੇਸ਼ਣ (੬੨੫/੨੫; ੯੫੬/੧੭) ਆਦਿ ਦੀ ਪਛਾਣ ਤੋਂ ਬਿਨਾ ਕੁਝ ਸ਼ਬਦਾਂ ਦੇ ਸਰੂਪ ਤੇ ਸਥਿਤੀ (ਜਿਵੇਂ: ਦੇਹਲੀ ਦੀਪਕ ੧੩੨੧/੪) ਦੀ ਤਲਾਸ਼ ਵੀ ਕੀਤੀ ਗਈ ਹੈ।

(ii) ਵਿਆਕਰਨਕ ਪਹੁੰਚ ਦੀ ਸਹਾਇਤਾ ਨਾਲ ਬਾਣੀ ਅਰਥਾਂ ਦਾ ਸੰਭਵ 'ਭਾਵ' ਤਲਾਸ਼ਣਾ, ਇਸ ਪ੍ਰਸੰਗ ਵਿਚ ਪ੍ਰਾਪਤ ਅਰਥਾਂ ਨਾਲ ਜਿਥੇ ਮਤਭੇਦ ਪ੍ਰਗਟ ਕੀਤਾ ਗਿਆ ਹੈ, ਉਥੇ ਵਿਅਕਰਨਕ ਪਹੁੰਚ ਰਾਹੀਂ ਪ੍ਰਾਪਤ ਹੁੰਦੇ ਅਰਥ ਸਵੀਕਾਰੇ ਗਏ ਹਨ, ਜਿਵੇਂ:

*ਨਿਰਭਉ ਨਾਮਿ ਪਤੀਜਿਆ ਮੇਰੀ ਜਿੰਦੁੜੀਏ ਸਭਿ ਝਖ ਮਾਰਨੁ ਦੁਸਟ ਕੁਪਤੇ ਰਾਮ*[3] ਦੇ ਅਰਥਾਂ ਵਿਚ ਸਪਸ਼ਟ ਕੀਤਾ ਹੈ ਕਿ **ਮਾਰਨੁ** ਦਾ ਅਰਥ 'ਮਾਰਦੇ ਹਨ' ਨਹੀਂ, ਕਿਉਂਕਿ ਅੰਤ ਵਿਚ ਨੇਮ ੧੩ {ਜੋ ਸ਼ਬਦਾਰਥ ਦੀ ਭੂਮਿਕਾ ਵਿਚ ਹੈ} ਵਾਲੀ ਸਿਹਾਰੀ ਨਹੀਂ (੫੪੧/੧)।

ਉਕਤ ਸੰਕੇਤ ਕੀਤੇ 'ਨੇਮ' ੧੩ ਅਨੁਸਾਰ "ਜਦ ਸਮਾਨ ਵਰਤਮਾਨ ਕਿਰਿਆ (present imperfect verb) ਦੇ ਅੰਤ ਵਿਚ ਨੰਨਾ ਹੋਵੇ ਅਤੇ ਉਸਦਾ ਕਰਤਾ ਬਹੁਵਚਨ ਅਨਯ ਪੁਰਖ (Third Person Plural) ਹੋਵੇ ਤਾਂ ਅੰਤਲੇ ਨੰਨੇ ਨਾਲ ਸਿਹਾਰੀ ਜ਼ਰੂਰ ਹੋਵੇਗੀ: ਜਿਵੇਂ॥ ਗਾਵਨਿ, ਜਾਣਨਿ..."।[4] ਇਸੇ ਤਰ੍ਹਾਂ ਹੀ "ਜਦੋਂ ਕਿਰਿਆ ਦਾ ਅਰਥ ਹੋਵੇ 'ਪਿਆ ਕਰੇ', 'ਪਿਆ ਮਰੇ', 'ਸੜ ਜਾਵੇ' ਤਾਂ ਅੰਤ ਵਿਚ ਔਂਕੜ ਆਉਂਦਾ ਹੈ।"[5] ਜਿਵੇਂ ਵਿਚਾਰਾਧੀਨ ਉਦਾਹਰਨ ਵਿਚ 'ਮਾਰਨੁ' ਹੈ, ਸੋ ਇਸ ਦਾ ਅਰਥ ਹੋਵੇਗਾ "ਸਾਰੇ ਪਏ ਝਖਾਂ ਮਾਰਨ" (੫੪੧/੧)। ਇਸ ਤਰ੍ਹਾਂ *ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ*[6] ਵਿਚ **ਜਲਨੁ** ਦਾ ਅਰਥ 'ਜਲਦੀਆਂ ਹਨ' ਨਹੀਂ,... ਇਸ ਦਾ ਅਰਥ ਹੈ 'ਸੜ ਜਾਣ' (੫੫੮/੪) ਜਾਂ *ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ॥*[7] "ਇਥੇ 'ਸੁਰਗੁ' ਤੇ 'ਮਛੁ' ਦੇ ਅੰਤ ਔਂਕੜ ਹੋਣ ਕਰਕੇ ਅਰਥ 'ਸੁਰਗਾਂ ਤੇ ਮਾਤ ਲੋਕ ਦੀਆਂ ਮੋਹਣੀਆਂ' ਨਹੀਂ ਹੋ ਸਕਦਾ। ਨੇਮਾਂ ਅਨੁਸਾਰ ਸਹੀ ਅਰਥ ਇਹ ਹੋਵੇਗਾ : ਤੈਨੂੰ ਮੋਹਣੀਆਂ, ਜੋ ਮਨ ਨੂੰ ਮੋਹਦੀਆਂ ਹਨ, ਗਾਉਂਦੀਆਂ ਹਨ ਅਤੇ ਤੈਨੂੰ ਸੁਰਗ, ਮਾਤਲੋਕ ਅਤੇ ਪਤਾਲ ਗਾਉਂਦੇ ਹਨ" (੩੪੭/§)।

(iii) ਬਾਣੀ ਵਿਚਲੇ ਜਿਨ੍ਹਾਂ ਸ਼ਬਦਾਂ/ਪ੍ਰਸੰਗਾਂ ਦੇ ਅਰਥਾਂ ਬਾਰੇ ਗੰਭੀਰ ਮਤਭੇਦ

ਹਨ, ਉਥੇ ਸ਼ਬਦਾਰਥ ਵਿਆਖਿਆ, ਵਿਆਕਰਨ ਦੀ ਸੇਧ ਵਿਚਲੇ ਅਰਥਾਂ ਨੂੰ ਮਾਣਤਾ ਦਿੰਦੀ ਹੈ; ਉਦਾਹਰਨ ਵਜੋਂ ਭਗਤ ਫਰੀਦ ਜੀ ਦਾ ਇਹ ਸਲੋਕ *ਕੰਧਿ ਕੁਹਾੜਾ ਸਿਰਿ* GVwwix kYsr Ul bwju Pr Idwhau Ml shuAwpxwqU Mih AMgAw] [੮] ਸ਼ਬਦਾਰਥ ਵਿਆਖਿਆਕਾਰੀ ਨੇ ਇਸ ਸਲੋਕ ਦੇ ਅਰਥਾਉਣ ਵਿਚ ਆ ਰਹੀਆਂ ਮੁਸ਼ਕਿਲਾਂ, ਪ੍ਰਾਪਤ ਅਰਥ, ਸਿਧਾਂਤਕ ਸਮਸਿਆਵਾਂ ਆਦਿ ਬਾਰੇ ਕਾਫ਼ੀ ਲੰਮੀ ਚਰਚਾ ਕਰਕੇ ਵਿਆਕਰਨ ਦੀ ਮਦਦ ਨਾਲ, ਉਥਾਨਕਾ ਸਿਰਜ ਕੇ ਨਿਮਨ ਅਰਥ ਕੀਤੇ ਹਨ:

"... ਘੜਾ ਕਹਿੰਦਾ ਹੈ ਕਿ ਮੈਂ ਤਾਂ ਆਪਣੇ ਮਾਲਕ-ਸਰੋਵਰ ਨੂੰ ਢੂੰਢਦਾ ਹਾਂ ਤੇ ਤੂੰ (ਹੇ ਕੁਹਾੜੇ!) ਅੰਗਾਰ ਭਾਲਦਾ ਹੈ; ਭਾਵ ਰੁਖ ਕਟਣ ਨੂੰ ਫਿਰਦਾ ਹੈਂ, ਤਾਂ ਜੋ ਵਢ ਕੇ, ਸਾੜ ਕੇ ਕੋਇਲੇ ਬਣਾਵਾਂ" (੧੩੮੦/*)। ਭਾਵ ਸਪਸ਼ਟ ਕਰਦਿਆਂ ਦਸਿਆ ਹੈ "ਲੁਹਾਰ ਜਗਿਆਸੂ ਹੈ। ਹਰ ਇਕ ਮਨੁਖ ਦੇ ਸਾਹਮਣੇ ਦੋ ਰਸਤੇ ਹਨ: (੧) ਕੁਹਾੜੇ ਵਾਲਾ ਜ਼ੁਲਮ ਵਾਲਾ, ਤੇ (੨) ਸ਼ਾਂਤ ਬ੍ਰਿਤੀ ਵਾਲਾ, ਮਾਲਕ ਦੀ ਟੋਹ ਰਖਣ ਵਾਲਾ" (੧੩੮੦/*)।

(iv) ਬਾਣੀ ਵਿਚਲੀ ਵਿਆਕਰਨਕ ਨੇਮਾਵਲੀ ਤਲਾਸ਼ਣ ਪਿਛੇ ਮੁਖ ਦ੍ਰਿਸ਼ਟੀ, ਬਾਣੀ-ਅਰਥਾਂ ਦੇ ਗੁਰਬਾਣੀ ਵਿਸ਼ਵ-ਦ੍ਰਿਸ਼ਟੀਕੋਣ ਤੋਂ ਪ੍ਰਮਾਣਿਕ ਅਰਥਾਵਲੀ ਨਿਸ਼ਚਿਤ ਕਰਨ ਦਾ ਜਤਨ ਕਰਨਾ ਵੀ ਹੈ। ਇਸ ਤਥ ਦੀਆਂ ਉਦਾਹਰਨਾਂ ਉਨ੍ਹਾਂ ਬਾਣੀ-ਪ੍ਰਸੰਗਾਂ ਦੇ ਅਰਥਾਂ ਵਿਚ ਵਿਸ਼ੇਸ਼ ਜਾਂ ਸਿਧੇ ਰੂਪ ਵਿਚ ਮਿਲਦੀਆਂ ਹਨ, ਜਿਥੇ ਸਤਹੀ ਨਜ਼ਰ ਨਾਲ ਬਾਣੀ ਵਿਸ਼ਵ-ਦ੍ਰਿਸ਼ਟੀ ਤੋਂ ਵਿਪਰੀਤ-ਭਾਵੀ ਪ੍ਰਸੰਗ ਜਾਪਦੇ ਹਨ ਤੇ ਪਰੰਪਰਿਕ ਵਿਆਖਿਆ ਨੇ ਅਨਰਥ ਵੀ ਕੀਤੇ ਹਨ। ਸ਼ਬਦਾਰਥ ਵਿਆਖਿਆਕਾਰੀ ਵਿਚ ਵਿਆਕਰਨ ਦੀ ਸਹਾਇਤਾ ਨਾਲ ਅਜਿਹੇ ਥਾਂਵਾਂ ਉਤੇ ਸਿਖ ਵਿਸ਼ਵ-ਦ੍ਰਿਸ਼ਟੀਕੋਣ ਸਾਹਮਣੇ ਰਖਿਆ ਗਿਆ ਹੈ, ਜਿਵੇਂ:

*ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ* [੯] ਦੀ ਵਿਆਖਿਆ ਵਿਚ ਕਿਸੇ ਹੋਰ ਦੇ ਕੀਤੇ ਅਰਥ *"ਕੇਸੋ ਨਾਂ ਦੇ ਕਿਸੇ ਗੋਪਾਲ ਨਾਮੇ ਪੰਡਿਤ ਨੂੰ ਸਦ ਕੇ ਪੁਰਾਣ ਪੜ੍ਹਨ"* [੧੦] ਬਾਰੇ ਮਤਭੇਦ ਸੰਕੇਤ ਕੇ, ਵਿਆਕਰਨਕ 'ਨੇਮ ੨੫' {ਨੇਮ ਨੰਬਰ ੨੫ ਅਨੁਸਾਰ ਔਂਕੜ "ਪੁਲਿੰਗ ਇਕ-ਵਚਨ (Masculine Singular) ਦੀ ਨਿਸ਼ਾਨੀ **[ਹੈ]**[੧੧]**}** ਦੀ ਰੋਸ਼ਨੀ ਵਿਚ ਸਪਸ਼ਟ ਕੀਤਾ ਹੈ ਕਿ "ਜੇ **[ਕਿਸੇ]** 'ਕੇਸੋ ਗੋਪਾਲ ਨਾਮੇ ਪੰਡਤ ਨੂੰ ਸਦਣਾ' ਅਰਥ ਹੁੰਦਾ, ਤਾਂ 'ਗੋਪਾਲ' ਅਤੇ 'ਪੰਡਿਤ' ਦੇ ਅੰਤ ਔਂਕੜ ਹੁੰਦਾ ਅਤੇ 'ਪੜਹਿ' ਦੀ ਥਾਂ 'ਪੜੈ' ਹੁੰਦਾ" (੯੨੩/੧੯)। ਇਸੇ ਤਰ੍ਹਾਂ ਹੀ *ਕੋੜ ਬਦੀਆ*[੧੨] ਦੇ ਅਰਥ ਵੇਖੇ ਜਾ ਸਕਦੇ ਹਨ (੧੪੧੩/੯)।

(v) ਬਣਤਰ ਪਖੋਂ ਬਾਣੀ ਵਿਆਕਰਨਕ ਨੇਮ-ਪ੍ਰਬੰਧ ਦੀ ਚੇਤਨਾ ਵਿਚ ਸ਼ਬਦਾਰਥ ਵਿਆਖਿਆ ਰਾਹੀਂ ਵਿਸ਼ੇਸ਼ ਬਾਣੀ-ਪਦ ਦੀ (ਵਿਆਕਰਨਕ) ਰੂਪ-ਬਣਤਰ ਪਛਾਣੀ ਗਈ ਹੈ ਤੇ ਕਿਤੇ-ਕਿਤੇ ਕੇਵਲ 'ਨੇਮ' ਵਲ ਹੀ ਸੰਕੇਤ ਕੀਤਾ ਗਿਆ ਜਾਂ 'ਨੇਮ' ਨਾਲ ਹੀ ਦੇ ਦਿਤਾ ਗਿਆ ਹੈ, ਜਿਵੇਂ:

*ਮਿਲਿਓ ਤਿਸੁ ਸਰਬ ਨਿਧਾਨਾ ਪ੍ਰਭਿ ਕ੍ਰਿਪਾਲਿ ਜਿਸੁ ਦੀਵਨਾ*[੧੩] ਵਿਚ "ਪ੍ਰਭਿ ਕ੍ਰਿਪਾਲਿ ਦੀ ਅੰਤਲੀ ਸਿਹਾਰੀ ਨੇਮ ੨੦ (ੳ) ਵਾਲੀ ਹੈ (੧੦੧੯/੧੦), ਕਿਉਂਕਿ ਜਦ ਕਿਰਿਆ ਭੂਤ ਕਾਲ (Past tense) ਵਿਚ ਹੋਵੇ ਤਾਂ ਉਸਦੇ ਕਰਤਾ ਉਤੇ ਜੋਰ ਦੇਣ ਲਈ ਕਰਤਾ ਦੇ ਅੰਤਲੇ ਅਖਰ ਨਾਲ ਸਿਹਾਰੀ ਹੁੰਦੀ ਹੈ।"[੧੪] ਸ਼ਬਦ ਦੀ ਰੂਪ-ਬਣਤਰ ਵਲ ਕੇਵਲ ਸੰਕੇਤ ਦੀ ਉਦਾਹਰਨ *ਮਨਿ ਤਨਿ ਹਰਿ ਰਵਿਆ ਘਟ ਅੰਤਰਿ*[੧੫] . . . ਦੀ ਵਿਆਖਿਆ ਵਿਚ ਵੇਖੀ ਜਾ ਸਕਦੀ ਹੈ: "ਮਨਿ ਭੀਨੈ ਲਈ ਦੇਖੋ ਨੇਮ ੧੨" (੧੦੫੬/੧)[੧੬] ਅਤੇ ਅਰਥਾਉਣ ਸਮੇਂ 'ਨੇਮ' ਨਾਲ ਹੀ ਦੇਣ ਦੀ ਉਦਾਹਰਨ *ਤੂੰ ਆਪੇ ਕਮਲੁ ਅਲਿਪਤੁ ਹੈ ਸੈ ਹਥਾ ਵਿਚਿ ਗੁਲਾਲੁ॥*[੧੭] ਦੇ ਹਵਾਲੇ 'ਵਿਚਿ ਗੁਲਾਲੁ' ਦਾ ਅਰਥ ਕਰਦਿਆਂ ਦੇਖੀ ਜਾ ਸਕਦੀ ਹੈ, "ਗੁਲਾਲੀ ਰੰਗ ਵਾਲਾ . . . 'ਵਿਚਿ ਗੁਲਾਲੁ' ਦਾ ਅਰਥ 'ਕੀਲਾਲ (ਪਾਣੀ) ਵਿਚ' ਨਹੀਂ ਹੋ ਸਕਦਾ, ਕਿਉਂਕਿ [ਗੁਲਾਲੁ ਦੇ] ਅੰਤ ਔਂਕੜ ਹੈ। ਜਿਨ੍ਹਾਂ ਨਾਵਾਂ ਦੇ ਨਾਲ 'ਵਿਚਿ', 'ਬਾਹਰਿ' ਆਦਿ ਸਥਾਨ-ਵਾਚੀ ਸ਼ਬਦ [ਸੰਬੰਧਕ] ਆਉਂਦੇ ਹਨ, ਉਨ੍ਹਾਂ ਦਾ ਅੰਤਲਾ ਔਂਕੜ ਲਹਿ ਜਾਂਦਾ ਹੈ" (੮੫/+)।

(vi) ਬਾਣੀ ਵਿਆਕਰਨ ਨੇਮ-ਵਿਧਾਨ ਦੀ ਤਲਾਸ਼ ਵਿਚ ਸ਼ਬਦਾਰਥ ਵਿਆਖਿਆਕਾਰੀ ਬਾਣੀ ਦੇ ਮੌਲਿਕ ਨੇਮ-ਪ੍ਰਬੰਧ ਵੀ ਖੋਜਦੀ ਹੈ। ਵਿਆਖਿਆਕਾਰੀ ਵਿਚ ਅਜਿਹੀਆਂ ਅਨੇਕ ਭਾਵ੍ਪੂਰਤ ਟਿਪਣੀਆਂ ਪ੍ਰਾਪਤ ਹਨ, ਜਿਵੇਂ :

"ਮਨ ਬਚ ਕ੍ਰਮ [ਬਾਣੀ ਵਿਚ] ਇਕਠੇ ਆਇਆ ਕਰਦੇ ਹਨ (੯੧੬/੧੮), ਕਈ ਸ਼ਬਦਾਂ ਦੇ ਅੰਤ ਵਿਚ 'ਰ' ਜਾਂ 'ਕੰਨਾ ਰ'[ਾਰ] ਆਉਂਦਾ ਹੈ, ਜਿਸ ਤੋਂ ਭਾਵ 'ਲਗਾਤਾਰ ਬਹੁਤ ਸਾਰੇ' ਲਿਆ ਜਾਂਦਾ ਹੈ, ਜਿਵੇਂ ਖੇਤਾਰ=ਬਹੁਤ ਸਾਰੇ ਖੇਤ; ਫੁਹਾਰ=ਬਹੁਤ ਸਾਰੀਆਂ ਫੂਹਾਂ; ਕਉਲਾਰੁ=ਕੰਵਲਾਂ ਦਾ ਸਮੂਹ (੩੮੯/੩)।"

ਇਸੇ ਤਰ੍ਹਾਂ *ਕਰੁ ਮਸਤਕਿ ਗੁਰਿ ਪੂਰੈ ਧਰਿਓ ਮਨੁ ਜੀਤੋ ਜਗੁ ਸਾਰੀ*[੧੮] ਦੇ ਸੰਬੰਧ ਵਿਚ:

"ਇਥੇ 'ਜੀਤੋ' ਦੇਹਲੀ-ਦੀਪਕ ਹੋ ਕੇ ਦੋਹਾਂ ਪਾਸੇ ਲਗਦਾ ਹੈ- 'ਮਨੁ' ਨਾਲ ਵੀ ਤੇ 'ਜਗੁ' ਨਾਲ ਵੀ [ਭਾਵ ਮਨੁਜੀਤੋ , ਜੀਤੋਜਗੁ ਸ ਜਗੁਜੀਤੋ]" (੨੧੫/੧੫)।[੧੯]

ਅੰਤਲੇ ਕਾਰਕ ਚਿੰਨ੍ਹਾਂ ਦੇ ਮੌਲਿਕ ਸਰੂਪ ਸੰਬੰਧੀ :

"ਭਾਵ-ਵਾਚੀ ਨਾਵਾਂ (abstract nouns) ਦੇ ਅੰਤ ਵਿਚ ਕਈਆਂ ਹੋਰਨਾਂ

ਸ਼ਬਦਾਂ ਵਿਚ ਜਿਥੇ ਛੋਟਾ ਵਵਾ [ ੍ਵ ] ਹੁੰਦਾ ਹੈ ਉਥੇ ਕਈ ਵਾਰ 'ਵਵੇ' ਦੀ ਥਾਂ ਔਂਕੜ ਹੋ ਜਾਂਦਾ ਹੈ, ਜਿਵੇਂ: ਸਤ੍ਵ ਦੀ ਥਾਂ ਸਤੁ, ਬਿਸ੍ਵੰਭਰ ਦੀ ਥਾਂ ਬਿਸੁੰਭਰ, ਮਹਤ੍ਵ ਦੀ ਥਾਂ ਮਹਤੁ, ਤਤ੍ਵ ਦੀ ਥਾਂ ਤਤੁ ਆਦਿ। ਇਸੇ ਤਰ੍ਹਾਂ ਪੈਰਾਂ ਵਾਲੇ ਛੋਟੇ ਰਾਰੇ [੍ਰ] ਦੀ ਥਾਂ ਔਂਕੜ ਆ ਜਾਂਦਾ ਹੈ, ਭਾਵ ਮੰਤ੍ਰ ਦੀ ਥਾਂ ਮੰਤੁ, ਕਲਤ੍ਰ ਦੀ ਥਾਂ ਕਲਤੁ, ਪਵਿਤ੍ਰ ਦੀ ਥਾਂ ਪਵਿਤੁ। ਜਿਵੇਂ: *ਗ੍ਰਿਹ ਮੰਦਰ ਰਥ ਅਸੁ ਦੀਏ ਰਚਿ ਭਲੇ ਸੰਜੋਗ*[੨੧] "ਅਸੁ=(ਅਸ੍ਵ)= ਘੋੜੇ। 'ਸ' ਦੇ ਹੇਠਾਂ ਦਾ ਛੋਟਾ ਵਵਾ, ਔਂਕੜ ਵਿਚ ਬਦਲ ਗਿਆ ਹੈ" (੭੦੬/*); "ਇਹ ਇਕ-ਵਚਨ ਦੀ ਨਿਸ਼ਾਨੀ ਨਹੀਂ" (੯੭੩/੨੪)।[੨੨]

(vii) ਸ਼ਬਦਾਰਥ ਵਿਆਖਿਆਕਾਰੀ ਦਾ ਇਕ ਵਿਸ਼ੇਸ਼ ਪਹਿਲੂ ਭਾਵੇਂ ਵਿਆਕਰਨਕ ਪਹੁੰਚ ਦਾ ਧਾਰਨੀ ਹੈ, ਪਰ ਇਹ ਪਹੁੰਚ 'ਹਠਵਾਦੀ' ਨਹੀਂ, ਇਸ ਨੂੰ ਵਿਸ਼ੇਸ਼ ਤਾਂ ਮੰਨਿਆ ਹੈ, ਪਰ ਮੁਖ ਨਹੀਂ। ਇਸੇ ਸੰਦਰਭ ਵਿਚ ਸ਼ਬਦਾਰਥ ਵਿਆਖਿਆ ਨੇ ਪ੍ਰਵਾਨ ਕੀਤਾ ਹੈ ਕਿ ਬਾਣੀ-ਪਾਠ ਵਿਚ ਅਨੇਕ ਥਾਂ ਆਮ ਭਾਸ਼ਾਈ ਵਿਆਕਰਨਕ ਨੇਮ ਲਾਗੂ ਨਹੀਂ ਹੁੰਦੇ, ਜਿਵੇਂ :

*ਗੁਰਪਰਸਾਦੀ ਸਦ ਸਮ੍ਹਾਲ॥*[੨੩] ਇਥੇ 'ਨੇਮ' ਅਨੁਸਾਰ 'ਸਮ੍ਹਾਲ' ਦੇ ਅੰਤਲੇ 'ਲ' ਨੂੰ ਸਿਹਾਰੀ (ਸਮਾਲਿ) ਚਾਹੀਦੀ ਸੀ, ਪਰ "ਕਈ ਵਾਰ [ਬਾਣੀ ਦੇ ਮੌਲਿਕ ਨੇਮ ਅਨੁਸਾਰ] ਤੁਕਾਂ ਦਾ ਅੰਤਲਾ ਅਖਰ ਲਗ-ਰਹਿਤ ਦਿਤਾ ਹੁੰਦਾ ਹੈ " (੧੧੭੩/੫)। ਇਸੇ ਤਰ੍ਹਾਂ *ਸਾਚਿ ਰਤੇ ਤਿਨ ਸਦ ਬਸੰਤ* ਵਿਚ 'ਬਸੰਤ' (੧੧੭੩/੫; ੧੬)।[੨੪]

ਉਕਤ ਤਥ ਦੀ ਮਿਸਾਲ ਅਰਥਾਉ-ਪ੍ਰਕਿਰਿਆ ਵਿਚੋਂ ਵੀ ਢੂੰਢੀ ਜਾ ਸਕਦੀ ਹੈ, ਜਿਥੇ ਸ਼ਬਦਾਰਥ ਵਿਚ ਵਿਆਕਰਨ ਦੀ ਥਾਂ ਪਰੰਪਰਿਕ ਅਰਥ ਕੀਤੇ ਗਏ ਹਨ, ਜਿਵੇਂ: *ਕਹਤੁ ਕਬੀਰੁ ਸੁਨਹੁ ਰੇ ਲੋਈ* ਵਿਚ 'ਰੇ ਲੋਈ' ਦੇ ਅਰਥ "ਭਗਤ ਕਬੀਰ ਜੀ ਦੀ ਇਸਤਰੀ ਲੋਈ ਜੀ" (੪੮੪/੧੪) ਕੀਤੇ ਹਨ, ਜਦਕਿ ਪ੍ਰੋ. ਸਾਹਿਬ ਸਿੰਘ ਅਨੁਸਾਰ 'ਰੇ' ਸਦਾ ਹੀ ਪੁਲਿੰਗ ਵਾਸਤੇ ਹੁੰਦਾ ਹੈ ਤੇ 'ਰੀ' ਇਸਤਰੀ ਲਿੰਗ ਵਾਸਤੇ" ਇਸ ਤਰ੍ਹਾਂ ਪ੍ਰੋ. ਸਾਹਿਬ ਸਿੰਘ ਜੀ ਇਸ ਦੇ ਅਰਥ "ਰੇ ਲੋਕ! ਹੇ ਜਗਤ! ਹੇ ਦੁਨੀਆ ਦੇ ਮੋਹ!" ਕਰਦੇ ਹਨ, ਕਿਉਂਕਿ ਬਾਣੀ ਵਿਚ 'ਲੋਈ' ਵੀ ਜਗਤ ਵਾਸਤੇ ਆਇਆ ਹੈ।

ਉਪਰੋਕਤ ਤੋਂ ਸ਼ਬਦਾਰਥ ਦੀ ਵਿਆਕਰਨਕ ਪਹੁੰਚ ਸੰਬੰਧੀ ਨਿਮਨ ਧਾਰਨਾਵਾਂ ਸਪਸ਼ਟ ਰੂਪ ਵਿਚ ਸਾਹਮਣੇ ਆਉਂਦੀਆਂ ਹਨ:

-ਵਿਆਕਰਨ ਬਾਣੀ-ਅਰਥਾਉਣ ਲਈ ਇਕ ਮਹਤਵਸ਼ੀਲ ਲੋੜੀਂਦਾ ਸਾਧਨ (tool) ਹੈ, ਪਰ ਇਹ ਆਖਰ ਤੇ ਇਕ ਨਹੀਂ।

-ਬਾਣੀ ਅਰਥਾਂ ਦੀ ਨਿਸ਼ਚਿਤਤਾ, ਪ੍ਰਮਾਣਿਕਤਾ ਤੇ ਸਿਖ ਦ੍ਰਿਸ਼ਟੀਕੋਣ ਦੀ ਸਥਾਪਨਾ ਦੇ ਅਧਾਰਭੂਤ ਥੰਮ੍ਹਾਂ ਵਿਚੋਂ ਇਕ ਥੰਮ੍ਹ ਵਿਆਕਰਨ ਹੈ।

-ਬਾਣੀ ਨੇਮ-ਪ੍ਰਬੰਧ ਨੇ ਬਾਣੀ-ਪਾਠ ਦੀ ਪ੍ਰਮਾਣਿਕਤਾ ਬਣਾਈ ਰਖਣ ਵਿਚ ਵੀ ਅਸਿਧਾ ਰੋਲ ਅਦਾ ਕੀਤਾ ਹੈ।

**ਹਵਾਲੇ ਅਤੇ ਟਿਪਣੀਆਂ:**

੧. ਭਾਗ I, ਭੂਮਿਕਾ, ਪੰਨਾ ਅ.

੨. ਬਾਣੀ ਵਿਆਕਰਨਕ ਨਿਯਮਾਵਲੀ ਦੀ ਟੋਹ ਸਭ ਤੋਂ ਪਹਿਲਾਂ ਕਿਸ ਨੇ ਲਾਈ? ਇਸ ਬਾਰੇ ਫਿਲਹਾਲ ਭਾਵੇਂ ਕੋਈ ਨਿਰਣੈਜਨਕ ਪੁਖਤਾ ਸਬੂਤ ਜਾਂ ਵਿਚਾਰ ਦੇਣੇ ਤਾਂ ਸੰਭਵ ਨਹੀਂ, ਪਰੰਤੂ ਐਨਾ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਨਿਯਮਾਂ ਦੀ ਪਹਿਲੀ ਵਾਰ ਵਿਉਂਤਬਧ ਖੋਜ ਤੇ ਪੇਸ਼ਕਾਰੀ ਦਾ ਸੁਭਾਗ ਪ੍ਰੋ. ਤੇਜਾ ਸਿੰਘ ਜੀ ਨੂੰ ਹੀ ਪ੍ਰਾਪਤ ਹੋਇਆ। ਇਸ ਖੇਤਰ ਵਿਚ ਕਲਾਸਿਕੀ ਦਰਜਾ ਰਖਦੀ ਪੁਸਤਕ *ਗੁਰਬਾਣੀ ਵਿਆਕਰਨ ਦੇ ਰਚੈਤਾ*, ਜਿਹੜੇ ਕਿ ਸ਼ਬਦਾਰਥ ਦੇ ਕਰੀਬ ਸਮਕਾਲ ਵਿਚ ਹੀ *ਦਰਪਣ* ਤਿਆਰ ਕਰ ਰਹੇ ਸਨ, ਪ੍ਰੋ. ਸਾਹਿਬ ਸਿੰਘ ('ਸਰਦਾਰ ਤੇਜਾ ਸਿੰਘ ਜੀ ਨਾਲ ਮੇਰੀ ਸਾਂਝ', *ਅਭਿਨੰਦਨ*, ਭਾਗ II, ਪੰਨਾ ੨੭) ਲਿਖਦੇ ਹਨ ਕਿ "ਦਸੰਬਰ, ੧੯੨੦ 'ਚ...[ਮੈਨੂੰ] ਝਲਕ ਪਈ ਕਿ ਬਾਣੀ ਵਿਚ ਵਰਤੀਆਂ ਲਗਾਂ-ਮਾਤਰਾਂ ਖਾਸ ਵਿਆਕਰਣਕ ਅਰਥ ਰਖਦੀਆਂ ਹਨ... ਮੈਂ [ਸਾਹਿਬ ਸਿੰਘ] ਸਰਦਾਰ ਜੋਧ ਸਿੰਘ ਜੀ [ਭੂਤ-ਪੂਰਵ ਵਾਈਸ ਚਾਂਸਲਰ ਪੰਜਾਬੀ ਯੂਨੀ.] ਨੂੰ ਬੇਨਤੀ ਕੀਤੀ ਕਿ ਮੈਨੂੰ ਵਿਆਕਰਣ ਅਨੁਸਾਰ ਗੁਰਬਾਣੀ ਦੇ ਅਰਥ ਸਮਝਣ ਵਿਚ ਸਹਾਇਤਾ ਤੇ ਅਗਵਾਈ ਕਰੋ। ਉਨ੍ਹਾਂ ਉਤਰ ਦਿੱਤਾ ਕਿ ਇਹ ਜਤਨ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਵਿਚ ਪ੍ਰੋਫੈਸਰ ਤੇਜਾ ਸਿੰਘ ਜੀ ਕਰ ਰਹੇ ਹਨ"। ਸ. ਸ਼ਮਸ਼ੇਰ ਸਿੰਘ ਅਸ਼ੋਕ ('ਤੇਜਾ ਸਿੰਘ ਦੀ ਕੋਸ਼-ਕਲਾ', *ਤੇਜਾ ਸਿੰਘ ਦੀ ਵਾਰਤਕ ਕਲਾ*, (ਸੰਪਾ.) ਬਿਕਰਮ ਸਿੰਘ ਘੁੰਮਣ, ਨਿਊ ਬੁਕ ਕੰਪਨੀ, ਜਲੰਧਰ, ੧੯੭੩, ਪੰਨਾ ੧੪੬) ਅਨੁਸਾਰ "ਪ੍ਰਿੰਸੀਪਲ ਤੇਜਾ ਸਿੰਘ ਹੋਰਾਂ ਸੰਨ ੧੯੨੪-੨੫ ਵਿਚ ਬੜੀ ਖੋਜ ਨਾਲ ਸ਼ਬਦਾਂਤਿਕ ਲਗਾਂਮਾਤ੍ਰਾਂ ਦੇ ਨਾਂ ਹੇਠ ਇਕ ਪੁਸਤਕ ਲਿਖੀ ਸੀ। ਫੇਰ ਇਹੋ [ਲਗਾਮਾਤ੍ਰੀ] ਤਰੀਕਾ ਆਪ ਨੇ ਸੰਨ ੧੯੩੮ [?, ਸਹੀ ੧੯੩੬-੪੧] ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਰਥ ਲਿਖਣ ਸਮੇਂ... ਵਰਤਿਆ। ਇਸੇ ਪ੍ਰੇਰਣਾ ਦੇ ਕਾਰਣ ਪ੍ਰੋ. ਸਾਹਿਬ ਸਿੰਘ ਦੀ ਪ੍ਰਸਿਧ ਇਨਾਮੀ ਪੁਸਤਕ 'ਗੁਰਬਾਣੀ ਵਿਆਕਰਣ'... ਹੋਰ ਵੀ ਉਚੇ ਦਰਜੇ ਦੀ ਮਿਹਨਤ ਤੇ ਖੋਜ... [ਨਾਲ ਲਿਖੀ ਗਈ]", ਡਾ. ਟਰੰਪ ਨੇ ੧੮੭੧-੭੭ ਈ. ਵਿਚ ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ ਕਾਰਜ ਦੌਰਾਨ ਬਾਣੀ ਦੀਆਂ ਵਿਆਕਰਨਕ ਬਣਤਰਾਂ (grammatical forms) ਤੇ ਅਪ੍ਰਚਲਤ ਸ਼ਬਦ (obsolete words) ਨੋਟ ਕੀਤੇ ਸਨ, ਜਿਹਾ ਕਿ ਉਨ੍ਹਾਂ ਆਪਣੇ ਕਾਰਜ ਦੀ ਭੂਮਿਕਾ ਵਿਚ ਦੱਸਿਆ ਹੈ: "As I went on, I noted down all grammatical forms and obsolete words I met with, and thus I gradually drew up a grammar and a dictionary..." *The ADI GRANTH : The Holy Scriptures of the Sikhs*, Munshiram Manoharlal, Delhi, 1978 (3rd ed., 1877 1st), p. vii (preface). ਡਾ. ਟਰੰਪ ਦੇ 'drew up' ਕੀਤੇ 'grammatical forms' ਦੇ ਖਰੜੇ ਨੂੰ ਹਰਨਾਮ ਸਿੰਘ ਸ਼ਾਨ ਦੀ ਸੂਚਨਾ ਅਨੁਸਾਰ 'Grammar to the Adi Granth (1873)' ਸਿਰਲੇਖ ਹੇਠ ਜਰਮਨ ਦੀ State library, Munich ਵਿਚ MSS. No. Cod. Panj. 3 ਹੇਠ ਸੁਰਖਿਅਤ ਕੀਤਾ ਗਿਆ ਹੈ, *ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ-ਇਕ ਆਲੋਚਨਾਤਮਕ ਅਧਿਐਨ ਤੇ ਸਰਵੇਖਣ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ੧੯੯੪, ਪੰਨਾ ੧੦੯. ਇਸ ਖਰੜੇ ਵਿਚ ਕੀ ਹੈ ? ਕੀ ਇਹ ਬਾਣੀ ਦੀ ਵਿਉਂਤਬਧ-ਵਿਆਕਰਨਕ ਨੇਮਾਵਲੀ ਹੈ? ਜਾਂ ਕੇਵਲ Notes ਹਨ? ਇਸ ਬਾਰੇ ਡਾ. ਸ਼ਾਨ ਨੇ ਕੋਈ ਸੂਚਨਾ ਨਹੀਂ ਦਿਤੀ, ਪਰ ਅਨੁਮਾਨ ਲਾਇਆ ਸਕਦਾ ਹੈ ਕਿ ਇਹ ਸਿਰਫ਼ ਸਾਧਾਰਨ Notes ਹੀ ਹੋਣਗੇ, ਜੋ ਕੋਈ ਵੀ ਅਧਿਐਨ ਕਰਤਾ ਅਧਿਐਨ ਕਾਰਜ ਦੌਰਾਨ ਰੁਚੀ ਅਨੁਸਾਰ ਲੈਂਦਾ ਰਹਿੰਦਾ ਹੈ, ਕਿਉਂਕਿ ਇਕ ਤਾਂ ਡਾ. ਟਰੰਪ ਦਾ *The Adi Granth* ਕਾਰਜ ਮੁਕੰਮਲ ਨਹੀਂ; ਦੂਸਰਾ ਡਾ. ਟਰੰਪ ਨੂੰ ਬਾਣੀ ਦੀ ਭਾਸ਼ਾ, ਭਾਵ ਜਾਂ ਮੁਹਾਵਰੇ ਆਦਿ ਦੀ ਕੋਈ ਪੁਖਤਾ ਸਮਝ ਨਹੀਂ ਸੀ। ਡਾ. ਟਰੰਪ ਦੀ ਪਹਿਲਾਂ ਉਧਰਿਤ ਕੀਤੀ ਟਿਪਣੀ ਵਿਚ, ਬਾਣੀ ਦੀ ਜਿਸ 'dictionary' drew up ਕਰਨ ਦਾ ਇਸ਼ਾਰਾ ਮਿਲਦਾ ਹੈ, ਉਸ ਬਾਰੇ H.A. Rose ਨੇ ਨਿਪਟ 'Notes' ਹੋਣ ਦਾ ਇਸ਼ਾਰਾ ਹੀ ਦਿਤਾ ਹੈ: "His notes on the Lexicography of the [Guru] Granth are in the Royal Library at Munich" H.A. Rose, 'GRANTH', Encyclopaedia of Religion and Ethics, (ed.) James Hastings, New York, n.d., vol. vi,

p. 390., (lit.). ਸੋ ਨਿਰਸੰਦੇਹ ਵਿਉਂਤਬਧ ਬਾਣੀ-ਵਿਆਕਰਨਕ ਨੇਮਾਵਲੀ ਤਲਾਸ਼ਣ ਦਾ ਪਹਿਲਾ ਸਿਹਰਾ ਪ੍ਰੋ. ਤੇਜਾ ਸਿੰਘ ਜੀ ਦੇ ਸਿਰ ਹੀ ਜਾਂਦਾ ਹੈ। ਇਕ ਵਿਚਾਰ (idea) ਵਜੋਂ ਇਹ ਗਿ. ਹਜ਼ਾਰਾ ਸਿੰਘ ਜੀ ਦੇ ਮਨ ਵਿਚ ਵੀ ਸੀ ਕਿ ਬਾਣੀ ਦਾ ਇਕ ਆਪਣਾ ਵਿਆਕਰਨ ਤਿਆਰ ਹੋ ਸਕਦਾ ਹੈ, ਜਿਹਾ ਕਿ ਉਨ੍ਹਾਂ *ਜੈਤਸਰੀ ਕੀ ਵਾਰ* (ਸ੍ਰੀ ਅੰਮ੍ਰਿਤਸਰ ੧੮੯੬-੯੭ ਈ.) ਦੇ ਟੀਕੇ ਦੀ ਭੂਮਿਕਾ (ਪੰਨਾ ੬) ਵਿਚ ਪ੍ਰਗਟ ਕੀਤਾ। ਗਿ. ਹਰਬੰਸ ਸਿੰਘ ਨਿਰਣੈਕਾਰ ਦੀ, *ਨਵੀਨ ਗੁਰਬਾਣੀ ਵਿਆਕਰਨ* (ਪਟਿਆਲਾ, ੨੦੦੦, ਪੁਸਤਕ ਦੀ ਭੂਮਿਕਾ, ਪੰਨਾ ੧੪) ਵਿਚ ਡਾ. ਹਰਨਾਮ ਸਿੰਘ ਸ਼ਾਨ ਦਾ ਇਹ ਦਾਅਵਾ, ਕਿ "ਵਰਤਮਾਨ ਸਮੇਂ ਵਿਚ [ਵਿਆਕਰਨ ਦੀ] ਇਸ ਸਚਾਈ ਤੇ ਵਿਲਖਣਤਾਈ ਦਾ ਅਨੁਭਵ, ਸੂਝ ਤੇ ਬੋਧ ਸਭ ਤੋਂ ਪਹਿਲਾਂ [?] ਇਕ ਜਰਮਨ ਮਿਸ਼ਨਰੀ, ਡਾ. ਅਰਨਸਟ ਟਰੰਪ (੧੮੨੮-੧੮੮੫) ਨੂੰ ਹੋਇਆ ਸੀ", ਪੂਰੀ ਤਰ੍ਹਾਂ ਗੈਰ-ਜ਼ਿੰਮੇਵਾਰਾਨਾ ਤੇ ਤਥ-ਰਹਿਤ ਹੈ।

੩. ਬਿਹਾਗੜਾ ਮ: ੪, ੫੪੧.

੪. ਭਾਗ I, ਭੂਮਿਕਾ, ਪੰਨਾ ਸ, ਨੇਮ ੧੩.

੫. *ਉਹੀ*, ਪੰਨਾ ਕ, ਨੇਮ ੨੭.

੬. ਵਡਹੰਸ ਮ: ੧, ੫੫੮.

੭. ਆਸਾ ਮ: ੧, ੩੪੭.

੮. ਸਲੋਕ ੪੩, ੧੩੮੦.

੯. ਰਾਮਕਲੀ ਸਦੁ, ੯੨੩.

੧੦. " ਕੇਸੋ ਗੋਪਾਲ ਪੰਡਿਤ ਕੋ ਸਦੀਓ ਸੰਪੂਰਨ ਪਾਪੋ ਕੇ ਹਰਨੇ ਵਾਲੇ ਜੋ ਹਰੀ ਹੈ ਤਿਸ ਹਰੀ ਕੀ ਕਥਾ ਯੁਕਤ ਜੋ ਪੁਰਾਨ ਹੈ ਸੋ ਪੜਹਿ॥"
*ਫਰੀਦਕੋਟੀ ਟੀਕਾ*, ਭਾਗ ੩, ਪੰਨਾ ੧੮੯੭. ਨੋਟ: *ਫਰੀਦਕੋਟੀ ਟੀਕੇ* ਵਿਚ ਅਰਥ ਸਪਸ਼ਟ ਨਹੀਂ ਹਨ।

੧੧. ਭਾਗ I, ਪੰਨਾ ਕ, ਭੂਮਿਕਾ।

੧੨. *ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ॥* ਸਲੋਕ, ਮ. ੩, ੧੪੧੩.

੧੩. ਮਾਰੂ ਮ: ੫, ੧੦੧੯.

੧੪. ਭਾਗ I, ਪੰਨਾ ਕ, ਨੇਮ ੨੦ (ੳ).

੧੫. ਮਾਰੂ ਮ: ੩, ੧੦੫੬.

੧੬. ਹੋਰ: ੫੮੭/੧, ੬੦੩/੧੦ ਆਦਿ।

੧੭. ਸਿਰੀਰਾਗੁ ਮ: ੧, ੮੫.

੧੮. ਗਉੜੀ ਮ: ੫, ੨੧੫.

੧੯. ਹੋਰ: ੨੧੫/੧੮, ੧੩੨੧/੪.

੨੦. ਭਾਗ I, ਪੰਨਾ ਕ, ਨੇਮ ੨੫ (ਨੋਟ).

੨੧. ਜੈਤਸਰੀ ਮ: ੫, ੭੦੬.

੨੨. ਹੋਰ : ੭੩੬/੫, ੯੧੯/੭.

੨੩. ਬਸੰਤੁ ਮ: ੩, ੧੧੭੩.

੨੪. ਹੋਰ: ੧੧੮੦/੩, ੧੧੯੨/*, ੧੨੪੪/੧੧, ੧੨੮੪/੧, ੧੨੮੮/੧੭.

੨੫. ਆਸਾ ਕਬੀਰ, ੪੮੪.

੨੬. *ਦਰਪਣ*, ਭਾਗ ੩, ਪੰਨੇ ੭੫੬-੫੭.

■

ਜੂਨ ੨੦੧੬ ਦਾ ਬਾਕੀ . . .

# ਸਰਹਿੰਦ ਦਾ ਪਹਿਲਾ ਸਿੱਖ ਨਾਇਬ ਸੂਬੇਦਾਰ ਬਾਬਾ ਆਲੀ ਸਿੰਘ ਜੀ ਸਲੌਦੀ

*-ਸ. ਸਿਮਰਜੀਤ ਸਿੰਘ**

ਬਾਬਾ ਬੰਦਾ ਸਿੰਘ ਬਹਾਦਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਨਾਲ ਪੰਜਾਬ ਵਿੱਚੋਂ ਜ਼ਾਲਮਾਂ ਦੀ ਜੜ੍ਹ ਪੁੱਟਣ ਲਈ ਪਧਾਰਿਆ ਜਿਸ ਦੀਆਂ ਖਬਰਾਂ ਵਜ਼ੀਰ ਖਾਨ ਨੂੰ ਵੀ ਮਿਲ ਰਹੀਆਂ ਸਨ। ਇਕ ਦਿਨ ਭਰੇ ਦਰਬਾਰ ਵਿਚ ਵਜ਼ੀਰ ਖਾਨ ਨੇ ਗੁੱਸੇ ਵਿਚ ਬਾਬਾ ਆਲੀ ਸਿੰਘ ਅਤੇ ਬਾਬਾ ਮਾਲੀ ਸਿੰਘ ਨੂੰ ਤਾਹਨਾ ਮਾਰਿਆ ਕਿ "ਤੁਹਾਡੇ ਗੁਰੂ ਦਾ ਇਕ ਹੋਰ ਬੰਦਾ ਆ ਗਿਆ ਹੈ। ਉਸ ਨੂੰ ਪਤਾ ਨਹੀਂ ਕਿ ਵਜ਼ੀਰ ਖਾਨ ਨਾਲ ਪੰਗਾ ਲੈਣ ਦਾ ਹਸ਼ਰ ਕੀ ਹੁੰਦਾ ਹੈ। ਮੈਂ ਤਾਂ ਗੁਰੂ ਦੇ ਸ਼ੀਰਖੋਰ ਪੁੱਤਰਾਂ ਨੂੰ ਨਹੀਂ ਬਖਸ਼ਿਆ। ਮੈਂ ਤੇ ਨਵਾਬ ਮਲੇਰਕੋਟਲਾ ਵਰਗੇ ਦੀ ਵੀ ਨਹੀਂ ਸੀ ਸੁਣੀ। ਨਾਲੇ ਤੁਹਾਡੇ ਗੁਰੂ ਨੂੰ ਮੇਰੇ ਭੇਜੇ ਬੰਦਿਆਂ ਨੇ ਦੱਖਣ ਵਿਚ ਪਾਰ ਬੁਲਾ ਦਿੱਤਾ ਹੈ। ਇਹ ਬੰਦਾ ਮੇਰੇ ਅੱਗੇ ਕੀ ਚੀਜ਼ ਹੈ! ਇੰਨਾ ਜ਼ਰੂਰ ਕਹਿੰਨਾਂ ਕਿ ਤੁਸੀਂ ਜਾਓ ਤੇ ਇਹਨੂੰ ਪ੍ਰੇਰ ਕੇ ਸਰਹਿੰਦ ਵੱਲ ਲੈ ਕੇ ਆਓ ਤਾਂ ਜੋ ਮੈਂ ਇਸ ਨੂੰ ਦੋਜ਼ਖ ਭੇਜ ਕੇ ਸੀਨੇ ਦੀ ਅੱਗ ਠੰਡੀ ਕਰ ਲਵਾਂ।" ਬਾਬਾ ਆਲੀ ਸਿੰਘ ਤੇ ਬਾਬਾ ਮਾਲੀ ਸਿੰਘ ਨੂੰ ਇਸ ਤਰ੍ਹਾਂ ਦਾ ਚੋਭਵਾਂ ਵਿਅੰਗ ਚੰਗਾ ਨਹੀਂ ਲੱਗਾ। ਉਨ੍ਹਾਂ ਨੇ ਸੂਬਾ ਸਰਹਿੰਦ ਨੂੰ ਖ਼ੁਦਾ ਤੋਂ ਡਰਨ ਲਈ ਕਿਹਾ ਤੇ ਮਜ਼ਲੂਮਾਂ 'ਤੇ ਤਸ਼ੱਦਦ ਨਾ ਕਰਨ ਦੀ ਸਲਾਹ ਦਿੱਤੀ। ਵਜ਼ੀਰ ਖਾਨ ਹਉਮੈ ਵੱਸ ਇਹ ਬਰਦਾਸ਼ਤ ਨਾ ਕਰ ਸਕਿਆ ਅਤੇ ਉਸ ਨੇ ਆਪਣੇ ਅਹਿਲਕਾਰਾਂ ਨੂੰ ਹੁਕਮ ਕੀਤਾ ਕਿ ਬਾਬਾ ਆਲੀ ਸਿੰਘ ਅਤੇ ਬਾਬਾ ਮਾਲੀ ਸਿੰਘ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਜਾਵੇ। ਸਿਪਾਹੀਆਂ ਨੇ ਉਨ੍ਹਾਂ ਨੂੰ ਫੜ ਕੇ ਸਰਹਿੰਦ ਦੀ ਜੇਲ੍ਹ ਦੇ ਤਹਿਖ਼ਾਨੇ ਵਿਚ ਬੰਦ ਕਰ ਦਿੱਤਾ। ਇਸ ਘਟਨਾ ਬਾਰੇ ਭਾਈ ਰਤਨ ਸਿੰਘ (ਭੰਗੂ) 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਲਿਖਦੇ ਹਨ:

*ਸ੍ਰਿਹੰਦ ਢਿਗ ਇਕ ਸਲੌਦੀ ਗ੍ਰਾਮ। ਹੁਤੇ ਉਹਾਂ ਸਿੰਘਨ ਕੇ ਧਾਮ।*
*ਤਿਨ ਮੈਂ ਇਕ ਆਲੀ ਸਿੰਘ ਨਾਮ। ਚਾਕ੍ਰੀ ਕਰਤ ਵਜ਼ੀਰੇ ਧਾਮ।*
*ਨਬਾਬ ਸ੍ਰਿਹੰਦੀ ਉਸੇ ਬੁਲਾਯੋ। ਸੱਦ ਪੁਛਯੋ ਤੁਮ ਗੁਰ ਔਰ ਆਯੋ।*
*ਤੁਮਕੋ ਚਾਹੀਅਤ ਉਸ ਪਹਿ ਜਾਓ। ਉਸਕੋ ਤੁਮ ਈਹਾਂ ਲੈ ਆਓ।*
*ਈਹਾਂ ਆਇ ਦੇਊਂ ਅਲਖ ਮਿਟਾਇ। ਰਲੈ ਪੁਤ੍ਰਨ ਗੁਰ ਸ਼ਿਤਾਬੀ ਜਾਇ।*
*ਸਿੰਘਨ ਕਹੀ ਜਿ ਹੁਇ ਗੁਰ ਪੂਰਾ। ਤੌ ਆਪੈ ਆਉਗੁ ਕਯਾ ਤੁਮੈਂ ਜ਼ਰੂਰਾ।*
*ਫਿਰ ਉਨ ਕਹਯੋ ਤੁਮ ਕੈਦੈ ਪਾਵੈਂ। ਤਬ ਛੋਡੈਂ ਜਬ ਹਮੈਂ ਦਿਖਾਵੈ।*

**ਮੀਤ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

*ਨਹੀ ਆਵੈ ਮੈਂ ਤੁਮ ਦੇਉਗੁ ਮਾਰ। ਬੇੜੀ ਪਾਈ ਇਤੈ ਕਰਾਰ।*

ਬਾਬਾ ਆਲੀ ਸਿੰਘ ਅਤੇ ਬਾਬਾ ਮਾਲੀ ਸਿੰਘ ਆਪਣੇ ਨੇਕ ਸੁਭਾਅ ਕਾਰਨ ਅਹੁਦੇਦਾਰਾਂ ਵਿਚ ਚੰਗੇ ਸਤਿਕਾਰੇ ਜਾਂਦੇ ਸਨ। ਸਰਹਿੰਦ ਦੀ ਕੈਦ ਵਿਚ ਕੈਦੀਆਂ ਦਾ ਲੰਗਰ ਤਿਆਰ ਕਰਨ ਲਈ ਦਾਉਦਪੁਰ ਪਿੰਡ ਦਾ ਇਕ ਵਿਅਕਤੀ ਨੌਕਰੀ ਕਰਦਾ ਸੀ ਜਿਸ ਦੇ ਨਾਨਕੇ ਸਲੌਦੀ ਪਿੰਡ ਵਿਚ ਸਨ। ਸੋ ਬਾਬਾ ਆਲੀ ਸਿੰਘ ਬਾਬਾ ਮਾਲੀ ਸਿੰਘ ਉਸ ਰਾਹੀਂ ਰਾਤ ਨੂੰ ਪਹਿਰੇਦਾਰਾਂ ਨੂੰ ਕੁਝ ਰੁਪਈਏ ਰਿਸ਼ਵਤ ਦੇ ਕੇ ਜੇਲ੍ਹ ਵਿੱਚੋਂ ਨਿਕਲ ਗਏ।

ਬਾਬਾ ਆਲੀ ਸਿੰਘ ਆਪਣੇ ਸਾਥੀਆਂ ਸਮੇਤ ਰਾਤੋ-ਰਾਤ ਆਪਣੇ ਪਿੰਡ ਸਲੌਦੀ ਪਹੁੰਚ ਗਏ। ਉਨ੍ਹਾਂ ਨੇ ਪਿੰਡ ਜਾ ਕੇ ਪਿੰਡ ਦੇ ਲੋਕਾਂ ਨੂੰ ਇਕੱਠੇ ਕਰਕੇ ਸਾਰੀ ਘਟਨਾ ਦੱਸੀ ਅਤੇ ਆਪਣੇ ਅੱਗੇ ਦੀ ਯੋਜਨਾ ਬਾਰੇ ਵੀ ਦੱਸਿਆ। ਪਿੰਡ ਦੇ ਕੁਝ ਹੋਰ ਬੰਦੇ ਵੀ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤ ਹੋ ਗਏ ਅਤੇ ਉਨ੍ਹਾਂ ਪਾਸ ਛੋਟੀ ਜਿਹੀ ਸੈਨਾ ਬਣ ਗਈ। ਹੁਣ ਉਹ ਕਾਫਲੇ ਦੇ ਰੂਪ ਵਿਚ ਕੁਝ ਪੈਦਲ ਅਤੇ ਕੁਝ ਘੋੜਿਆਂ 'ਤੇ ਸਵਾਰ ਹੋ ਕੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਮਿਲਣ ਲਈ ਚੱਲ ਪਏ। ਜਦੋਂ ਇਨ੍ਹਾਂ ਦਾ ਕਾਫਲਾ ਕੈਥਲ ਨੇੜੇ ਭੂਨਾ ਪਿੰਡ ਦੇ ਬਾਹਰ ਪਹੁੰਚਿਆ ਤਾਂ ਉੱਥੇ ੨੦ ਕੁ ਤੁਰਕਾਂ ਦਾ ਜਥਾ ਉਨ੍ਹਾਂ ਦੀ ਨਜ਼ਰੀਂ ਪਿਆ। ਉਸ ਨੂੰ ਦੇਖ ਸਿੰਘਾਂ ਦੇ ਜਥੇ ਨੇ ਉਨ੍ਹਾਂ ਤੋਂ ਲੁਕਣ ਲਈ ਇਕ ਥੇਹ ਵਿਚ ਪਨਾਹ ਲੈ ਲਈ। ਪਰ ਤੁਰਕਾਂ ਨੂੰ ਉਨ੍ਹਾਂ ਦੀ ਸੂਹ ਲੱਗ ਚੁੱਕੀ ਸੀ ਅਤੇ ਉਹ ਉਨ੍ਹਾਂ 'ਤੇ ਝਪਟ ਪਏ। ਸਿੰਘਾਂ ਨੇ ਬੜੀ ਬਹਾਦਰੀ ਨਾਲ ਉਨ੍ਹਾਂ ਦਾ ਮੁਕਾਬਲਾ ਕੀਤਾ ਅਤੇ ਉਨ੍ਹਾਂ ਤੋਂ ਕੁਝ ਘੋੜੀਆਂ ਅਤੇ ਹਥਿਆਰ ਖੋਹ ਲਏ। ਤੁਰਕ ਕੋਈ ਵਾਹ ਨਾ ਚੱਲਦੀ ਦੇਖ ਕੇ ਉੱਥੋਂ ਤਿੱਤਰ ਹੋ ਗਏ। ਸਿੰਘਾਂ ਦਾ ਇਹ ਕਾਫਲਾ ਬਾਬਾ ਬੰਦਾ ਸਿੰਘ ਬਹਾਦਰ ਨੂੰ ਖਰਖੋਦੇ ਨੇੜੇ ਸਿਹਰੀ ਖੰਡੇ ਪਿੰਡ ਜਾ ਮਿਲਿਆ ਅਤੇ ਖਾਲਸਾ ਦਲ ਨਾਲ ਜਾ ਸ਼ਾਮਿਲ ਹੋਇਆ। ਇੱਥੇ ਕੁਝ ਹੀ ਦਿਨਾਂ ਵਿਚ ਪੰਜ ਸੌ ਦੇ ਕਰੀਬ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਪਾਸ ਇਕੱਠੇ ਹੋ ਗਏ। ਭਾਈ ਰਤਨ ਸਿੰਘ (ਭੰਗੂ) ਇਸ ਦਾ ਵਰਨਣ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਕਰਦੇ ਹੋਏ ਲਿਖਦੇ ਹਨ ਕਿ:

*ਦਸਹੁੰ ਭੁਜੰਗੀ ਥੇ ਤੁਰੇ ਆਲੀ ਮਾਲੀ ਸਿੰਘ ਸਾਥ।*
*ਜਾਇ ਦੂਰਉਂ ਬੰਦੈ ਦੇਖ ਕੈ ਧਰਯੋ ਮਾਥ ਪਰ ਹਾਥ॥*
*ਵਾਹਿਗੁਰੂ ਕੀ ਫਤ੍ਹੇ ਬੁਲਾਈ, ਅਕਾਲ ਅਕਾਲ ਕੀ ਵਾਜ ਸੁਣਾਈ।*
*ਅਗੈ ਬੰਦੈ ਯੌ ਬਚਨ ਸੁਣਾਏ, ਚਾਹਤ ਅਪਨੇ ਨਾਮ ਬਤਾਏ॥*
*ਆਲੀ ਮਾਲੀ ਸਿੰਘ ਭਸੌੜੀਏ ਆਏ, ਕਰਾਮਾਤ ਘਰੋਂ ਢੂੰਢਤ ਧਾਏ।*
*ਕਰਾਮਾਤ ਉਸ ਸਤਿਗੁਰ ਮਾਹੀ, ਭੇਜਣ ਵਾਰੋ ਲਾਜ ਰਖਾਹੀਂ॥*
*ਯੌ ਕਹਿ ਉਨ ਕੋ ਨਾਮ ਸੁਨਾਯੋ, ਤੌ ਉਨ ਮਨ ਠੀਕ ਪ੍ਰਤਯਾਯੋ।*
*ਮਾਲੀ ਆਲੀ ਸਿੰਘ ਬੰਦੈ ਕਹੀ, ਉਨ ਮੈ ਤੁਮ ਮੈਂ ਭੇਦੋ ਨਹੀਂ॥*
*ਅਬਹ ਕਾਹੇ ਕੋ ਦੇਰ ਲਗਾਈ, ਕਰੋ ਕਾਰ ਕਰਨ ਆਇ ਜਾਹੀ।*

*ਫਿਰ ਬੰਦੋ ਨ ਉਨ ਸੋਂ ਕਹੀ, ਸਿੰਘ ਆਵਤ ਹੈਂ ਮਿਲਨੇ ਕਈ॥*
*ਉਨ ਕੌ ਚਹਿਯੈ ਸੰਗ ਰਲਾਏਂ, ਇਸ ਕਰਿਕੈ ਹਮ ਦੇਰ ਲਗਾਏਂ।*
*ਜਿਨ ਪੈ ਅਗੇ ਚਿਠੈ ਥੇ ਗਏ, ਸੋ ਅਬ ਆਵਤ ਦੂਰੋਂ ਧਏ॥*

ਬਾਬਾ ਆਲੀ ਸਿੰਘ ਤੇ ਬਾਬਾ ਮਾਲੀ ਸਿੰਘ ਦੇ ਜਥੇ ਤੋਂ ਇਲਾਵਾ ਭਾਈ ਰੂਪੇ ਦੇ ਭਾਈ ਧਰਮ ਸਿੰਘ ਅਤੇ ਭਾਈ ਕਰਮ ਸਿੰਘ, ਭਾਈ ਬਹਿਲੋ, ਭਾਈ ਭਗਤੂ ਕਾ, ਭਾਈ ਫਤਹਿ ਸਿੰਘ, ਚੌਧਰੀ ਰਾਮ ਸਿੰਘ ਤੇ ਭਾਈ ਤ੍ਰਿਲੋਕ ਸਿੰਘ ਦੀ ਪੰਜ ਸੌ ਦੀ ਫ਼ੌਜ ਅਤੇ ਮਾਲਵੇ ਦੇ ਬਹੁਤ ਸਾਰੇ ਸਿੱਖ ਪਰਵਾਰਾਂ ਦੇ ਬਹੁਤ ਸਾਰੇ ਜਵਾਨ ਆਪਣੇ ਘੋੜਿਆਂ ਅਤੇ ਹਥਿਆਰਾਂ ਨਾਲ ਲੈਸ ਹੋ ਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਕੈਂਪ ਵਿਚ ਪਹੁੰਚ ਗਏ ਸਨ। ਕੁਝ ਹੀ ਹਫਤਿਆਂ ਵਿਚ ਇਨ੍ਹਾਂ ਦੀ ਗਿਣਤੀ ਚਾਰ ਹਜ਼ਾਰ ਤਕ ਪਹੁੰਚ ਗਈ। ਇੱਥੇ ਬੈਠ ਕੇ ਹੀ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੀਆਂ ਅਗਲੀਆਂ ਮੁਹਿੰਮਾਂ ਲਈ ਨੀਤੀ ਤਿਆਰ ਕੀਤੀ।

ਬਾਬਾ ਆਲੀ ਸਿੰਘ ਤੇ ਬਾਬਾ ਮਾਲੀ ਸਿੰਘ ਦੇ ਜਥੇ ਦਾ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਜਾ ਮਿਲਣਾ ਬਾਬਾ ਬੰਦਾ ਸਿੰਘ ਬਾਹਦਰ ਲਈ ਬਹੁਤ ਲਾਹੇਵੰਦ ਸੀ ਕਿਉਂਕਿ ਇਹ ਯੋਧੇ ਉਸ ਇਲਾਕੇ ਦੇ ਵਸਨੀਕ ਸਨ ਜਿੱਥੇ ਵਜ਼ੀਰ ਖਾਨ ਅਤਿ ਦਾ ਜ਼ੁਲਮ ਕਮਾ ਰਿਹਾ ਸੀ ਅਤੇ ਇਹ ਯੋਧੇ ਉਸ ਦੇ ਹਰ ਰਾਜ਼ ਦੇ ਵਾਕਫ ਸਨ। ਇਨ੍ਹਾਂ ਸਿੰਘਾਂ ਨੇ ਹੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਜੰਗੀ ਨੁਕਤਾ- ਨਿਗਾਹ ਤੋਂ ਪਹਿਲਾਂ ਸਰਹਿੰਦ ਦੇ ਆਲੇ-ਦੁਆਲੇ ਦੇ ਉਨ੍ਹਾਂ ਅਹਿਲਕਾਰਾਂ ਨੂੰ ਖਤਮ ਕਰਨ ਦੀ ਸਲਾਹ ਦਿੱਤੀ ਜੋ ਸੂਬਾ ਸਰਹਿੰਦ ਵਜ਼ੀਰ ਖਾਨ ਦੇ ਹਰ ਪਾਪ ਵਿਚ ਭਾਈਵਾਲ ਸਨ। ਇਨ੍ਹਾਂ ਨੂੰ ਖਤਮ ਕਰਨਾ ਸੌਖਾ ਸੀ ਅਤੇ ਇਨ੍ਹਾਂ ਦੇ ਖਤਮ ਹੋਣ ਨਾਲ ਵਜ਼ੀਰ ਖਾਨ ਦੀ ਤਾਕਤ ਘੱਟ ਹੁੰਦੀ ਸੀ।

ਗਿਆਨੀ ਗਿਆਨ ਸਿੰਘ ਅਨੁਸਾਰ ਜਥੇ ਦਾ ਪਹਿਲਾ ਨਿਸ਼ਾਨਾ ਕੁਰਮਾਨਾ ਨਗਰ ਬਣਿਆ ਤੇ ਫੇਰ ਟੁਹਾਣਾ ਸ਼ਹਿਰ ਉੱਤੇ ਹਮਲਾ ਕੀਤਾ ਗਿਆ ਜਿੱਥੇ ਵਜ਼ੀਰ ਖਾਨ ਦੇ ਨਜ਼ਦੀਕੀ ਰਿਸ਼ਤੇਦਾਰ ਰਹਿੰਦੇ ਸਨ। ਇਸ ਤੋਂ ਬਾਅਦ ਉਸ ਨੇ ਸੋਨੀਪਤ 'ਤੇ ਕਬਜ਼ਾ ਕੀਤਾ। ਸੋਨੀਪਤ ਸ਼ਹਿਰ ਦਾ ਫ਼ੌਜਦਾਰ ਬਹੁਤ ਡਰ ਗਿਆ। ਲੜਾਈ ਵਿਚ ਖਾਲਸਾ ਫ਼ੌਜ ਨੇ ਦੁਸ਼ਮਣ ਫ਼ੌਜ ਦੇ ਛੱਕੇ ਛੁਡਾ ਦਿੱਤੇ ਅਤੇ ਸੋਨੀਪਤ ਸ਼ਹਿਰ 'ਤੇ ਜਿੱਤ ਪ੍ਰਾਪਤ ਕੀਤੀ। ਸੋਨੀਪਤ ਤੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਸਮਾਣੇ ਵੱਲ ਨੂੰ ਰੁਖ਼ ਕੀਤਾ। ਰਸਤੇ ਵਿਚ ਉਸ ਨੂੰ ਖ਼ਬਰ ਮਿਲੀ ਕਿ ਕੁਝ ਸਿਪਾਹੀ ਸਰਕਾਰੀ ਮਾਮਲੇ ਦੀ ਰਕਮ ਇਕੱਠੀ ਕਰਕੇ ਭੂਨਾ ਪਿੰਡ 'ਚ ਠਹਿਰੇ ਹੋਏ ਹਨ। ਬਾਬਾ ਬੰਦਾ ਸਿੰਘ ਬਹਾਦਰ ਨੂੰ ਇਸ ਸਮੇਂ ਮਾਇਆ ਦੀ ਬਹੁਤ ਜ਼ਰੂਰਤ ਸੀ ਉਸ ਨੇ ਇਸ ਨੂੰ ਰੱਬੀ-ਸਹਾਇਤਾ ਸਮਝਦੇ ਹੋਏ ਸਾਰੀ ਰਕਮ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਉਨ੍ਹਾਂ ਦਿਨਾਂ ਵਿਚ ਕੈਥਲ ਸ਼ਹਿਰ, ਸੁਨਾਮ, ਹਿਸਾਰ, ਅਤੇ ਸ਼ਾਹਬਾਦ ਆਦਿ ਨਗਰ ਦੇ ਆਮਲ ਦਾ ਸਦਰ ਮੁਕਾਮ ਸੀ ਅਤੇ ਉਹ ਇੱਥੇ ਹੀ ਨਿਵਾਸ ਕਰਿਆ ਕਰਦਾ ਸੀ ਜਿਸ ਦਾ ਮੁੱਖ

ਕੰਮ ਇਲਾਕੇ 'ਚੋਂ ਮਾਮਲਾ ਇਕੱਠਾ ਕਰਕੇ ਦਿੱਲੀ ਦੇ ਸ਼ਾਹੀ ਖਜ਼ਾਨੇ ਵਿਚ ਪਹੁੰਚਾਉਣਾ ਹੁੰਦਾ ਸੀ। ਜਦੋਂ ਸਿੰਘਾਂ ਵੱਲੋਂ ਖਜ਼ਾਨਾ ਲੁੱਟੇ ਜਾਣ ਦੀ ਖ਼ਬਰ ਹਾਕਮਾਂ ਤਕ ਪਹੁੰਚੀ ਤਾਂ ਕੈਥਲ ਦਾ ਆਮਿਲ ਫ਼ੌਜ ਲੈ ਕੇ, ਬਾਬਾ ਬੰਦਾ ਸਿੰਘ ਬਹਾਦਰ ਦਾ ਮੁਕਬਲਾ ਕਰਨ ਲਈ ਆ ਚੜ੍ਹਿਆ। ਬਾਬਾ ਬੰਦਾ ਸਿੰਘ ਬਹਾਦਰ ਦੀ ਫੌਜ ਦੀਆਂ ਸ਼ਾਹੀ ਸੈਨਾ ਨਾਲ ਕਈ ਥਾਈਂ ਝੜਪਾਂ ਹੋਈਆਂ ਅਤੇ ਇਸ ਛਾਪਾਮਾਰ ਲੜਾਈ ਵਿਚ ਸ਼ਾਹੀ ਸੈਨਾ ਦੀ ਲੱਕ-ਤੋੜਵੀਂ ਹਾਰ ਹੋਈ ਅਤੇ ਆਮਿਲ ਨੇ ਆਪਣੇ ਸਾਰੇ ਘੋੜੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਭੇਟ ਕਰਕੇ ਆਪਣੀ ਜਾਨ ਬਚਾਈ। ਇਸ ਜੰਗ ਵਿਚ ਸਿੰਘਾਂ ਦੇ ਹੱਥ ਸ਼ਾਹੀ ਖ਼ਜ਼ਾਨੇ ਸਮੇਤ ਬਹੁਤ ਸਾਰਾ ਅਸਲਾ ਬਾਰੂਦ ਅਤੇ ਘੋੜੇ ਵੀ ਆ ਗਏ।

ਪੰਜਾਬ ਵਿਚ ਪੁੱਜਦਿਆਂ ਹੀ ਸਿੱਖ ਦੂਰੋਂ-ਨੇੜਿਓਂ ਬਾਬਾ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠ ਇਕੱਠੇ ਹੋਣੇ ਸ਼ੁਰੂ ਹੋ ਗਏ। ਥੋੜ੍ਹੇ ਹੀ ਸਮੇਂ ਵਿਚ ਪੰਜਾਬ ਦੀ ਸਾਰੀ ਸਿੱਖ ਅਤੇ ਕਿਸਾਨ ਵੱਸੋਂ ਨੇ ਜ਼ਾਲਮਾਂ ਪਾਸੋਂ ਬਦਲਾ ਲੈਣ ਲਈ ਬਗਾਵਤ ਕਰ ਦਿੱਤੀ। ਬਾਬਾ ਬੰਦਾ ਸਿੰਘ ਬਹਾਦਰ ਆਪਣੇ ਜਥੇ ਸਮੇਤ ਸਮਾਣਾ ਨਗਰ ਨੇੜੇ ਪਹੁੰਚ ਗਿਆ ਸੀ। ਦਿੱਲੀ ਦੇ ਚਾਂਦਨੀ ਚੌਂਕ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕਰਨ ਵਾਲਾ ਜਲਾਦ ਜਲਾਲੂਦੀਨ ਵੀ ਇਸੇ ਸ਼ਹਿਰ ਸਮਾਣੇ ਦਾ ਸੀ। ਅਲੀ ਹੁਸੈਨ ਜਿਸ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੁਰਾਨ ਦੀਆਂ ਕਸਮਾਂ ਖਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਝੂਠੇ ਵਾਅਦੇ ਕਰਕੇ ਸ੍ਰੀ ਅਨੰਦਗੜ੍ਹ ਦਾ ਕਿਲ੍ਹਾ ਖਾਲੀ ਕਰਵਾਇਆ ਸੀ ਉਹ ਵੀ ਇਸੇ ਸਮਾਣੇ ਸ਼ਹਿਰ ਦਾ ਸੀ। ਸਰਹਿੰਦ ਸ਼ਹਿਰ ਵਿਖੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲੇ ਜਲਾਦ ਸਾਸ਼ਲ ਬੇਗ ਤੇ ਬਾਸ਼ਲ ਬੇਗ ਵੀ ਇਸੇ ਸ਼ਹਿਰ ਦੇ ਰਹਿਣ ਵਾਲੇ ਸਨ। ਸਮੇਂ ਦੀ ਮਾਰ ਨਾਲ ਵਿਦਵਾਨਾਂ ਦੇ ਸ਼ਹਿਰ ਵਜੋਂ ਜਾਣਿਆ ਜਾਣ ਵਾਲਾ ਸ਼ਹਿਰ ਜਲਾਦਾਂ ਦੇ ਸ਼ਹਿਰ ਵਜੋਂ ਜਾਣਿਆ ਜਾਣ ਲੱਗ ਪਿਆ। ਇਸੇ ਕਾਰਨ ਕਰਕੇ ਖਾਲਸੇ ਨੇ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠ ੧੭੦੯ ਈ: ਵਿਚ ਸਿੰਘਾਂ ਨੇ ਸ਼ਹਿਰ 'ਤੇ ਹੱਲਾ ਬੋਲ ਦਿੱਤਾ। ਇੱਥੋਂ ਦੇ ੨੨ ਜ਼ਾਲਮ ਘਰਾਣੇ ਹਮੇਸ਼ਾਂ ਲਈ ਖ਼ਤਮ ਹੋ ਗਏ। ਸਿੰਘਾਂ ਨੇ ਸਮਾਣੇ ਦੀ ਇੱਟ ਨਾਲ ਇੱਟ ਖੜਕਾ ਕੇ ਇਸ ਨੂੰ ਖੰਡਰ ਦੇ ਰੂਪ ਵਿਚ ਬਦਲ ਦਿੱਤਾ। ਪੁਰਾਣੇ ਨਗਰ ਦੇ ਖੰਡਰ ਹੁਣ ਤਕ ਆਪਣੀ ਹੋਈ ਤਬਾਹੀ ਦੀ ਗਵਾਹੀ ਭਰਦੇ ਹਨ।

ਸਮਾਣੇ ਦੇ ਨੇੜੇ ਹੀ ਪਿੰਡ ਦਮਲਾ ਉਨ੍ਹਾਂ ਪਠਾਣਾਂ ਦਾ ਪਿੰਡ ਸੀ ਜੋ ਪਾਉਂਟਾ ਸਾਹਿਬ ਵਿਖੇ ਪੀਰ ਬੁੱਧੂ ਸ਼ਾਹ ਨਾਲ ਝੂਠ ਬੋਲ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਫ਼ੌਜ ਵਿਚ ਭਰਤੀ ਹੋ ਗਏ ਸਨ। ਇਹ ਪਠਾਣ ਭੰਗਾਣੀ ਦੇ ਯੁੱਧ ਸਮੇਂ ਗੁਰੂ ਜੀ ਨੂੰ ਧੋਖਾ ਦੇ ਕੇ ਦੁਸ਼ਮਣ ਸੈਨਾ ਨਾਲ ਜਾ ਰਲੇ ਸਨ। ਸਿੰਘਾਂ ਨੇ ਦਮਲਾ ਪਿੰਡ 'ਤੇ ਹਮਲਾ ਕਰਕੇ ਇਨ੍ਹਾਂ ਜ਼ਾਲਮਾਂ ਨੂੰ ਸੋਧਿਆ।

ਸਮਾਣੇ ਦੇ ਨੇੜੇ ਜ਼ਿਲ੍ਹਾ ਪਟਿਆਲਾ ਦਾ ਘੁੜਾਮ ਪਿੰਡ ਹੈ। ਇਹ ਪਿੰਡ 'ਪੀਰ ਭੀਖਣ ਸ਼ਾਹ' ਦਾ ਪਿੰਡ ਹੈ। ਇਕ ਵਾਰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ

ਜੀ ਨੇ ਇੱਥੇ ਆਪਣੇ ਪਵਿੱਤਰ ਚਰਨ ਪਾ ਕੇ ਪੀਰ ਭੀਖਣ ਸ਼ਾਹ ਜੀ ਨਾਲ ਮੁਲਾਕਾਤ ਕੀਤੀ ਸੀ। ਗੁਰੂ ਜੀ ਦਾ ਆਉਣਾ ਸੁਣ ਕੇ ਪੀਰ ਭੀਖਣ ਸ਼ਾਹ ਪਿੰਡ ਤੋਂ ਬਾਹਰ ਗੁਰੂ ਜੀ ਦੇ ਸਤਿਕਾਰ ਲਈ ਆਇਆ ਸੀ। ਜਿਸ ਥਾਂ 'ਤੇ ਗੁਰੂ ਜੀ ਦਾ ਪੀਰ ਭੀਖਣ ਸ਼ਾਹ ਜੀ ਨਾਲ ਮੇਲ ਹੋਇਆ ਉਸ ਅਸਥਾਨ 'ਤੇ ਗੁਰਦੁਆਰਾ ਮਿਲਾਪਸਰ ਸੁਸ਼ੋਭਿਤ ਹੈ। ਉਸ ਸਮੇਂ ਵਿਚ ਘੁੜਾਮ ਦੇ ਪਠਾਣ ਹਾਕਮ ਗਰੀਬ ਜਨਤਾ 'ਤੇ ਅੰਤਾਂ ਦਾ ਜ਼ੁਲਮ ਕਰ ਕੇ ਸਢੌਰੇ ਦੇ ਜ਼ਾਲਮ ਹਾਕਮਾਂ ਦਾ ਸਾਥ ਦੇ ਰਹੇ ਸਨ। ਸਿੰਘਾਂ ਨੇ ਘੁੜਾਮ ਦੇ ਜ਼ਾਲਮਾਂ ਨੂੰ ਸੋਧਣ ਦੀ ਤਿਆਰੀ ਕੀਤੀ। ਸਿੰਘਾਂ ਨੇ ਇਨ੍ਹਾਂ ਨੂੰ ਇਨ੍ਹਾਂ ਦੇ ਕੀਤੇ ਦੀ ਸਜ਼ਾ ਦੇਣ ਲਈ ਘੁੜਾਮ ਦੇ ਕਿਲ੍ਹੇ 'ਤੇ ਹਮਲਾ ਕਰ ਦਿੱਤਾ। ਪਠਾਣ ਹਾਕਮਾਂ ਦੀਆਂ ਫੌਜਾਂ ਮੈਦਾਨ ਛੱਡ ਕੇ ਭੱਜ ਗਈਆਂ। ਪਿੰਡ ਘੁੜਾਮ ਤੋਂ ਬਾਹਰ ਅੱਜ ਵੀ ਇਕ ਬਾਉਲੀ ਹੈ ਜਿਸ ਬਾਰੇ ਲੋਕਾਂ ਵਿਚ ਵਿਸ਼ਵਾਸ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਸ਼ਹੀਦ ਹੋਏ ਸਿੰਘਾਂ ਨੂੰ ਇਸ ਬਾਉਲੀ ਦੇ ਪਾਣੀ ਨਾਲ ਇਸ਼ਨਾਨ ਕਰਵਾ ਕੇ ਉਨ੍ਹਾਂ ਦਾ ਸਸਕਾਰ ਇੱਥੇ ਹੀ ਕਰਵਾਇਆ ਸੀ। ਇਸ ਸਥਾਨ 'ਤੇ ਸ਼ਹੀਦਾਂ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਕੀਤਾ ਗਿਆ ਹੈ।

ਘੁੜਾਮ ਤੋਂ ਬਾਅਦ ਸਿੰਘਾਂ ਦੀ ਫੌਜ ਨੇ ਠਸਕਾ ਪਿੰਡ ਵੱਲ ਚਾਲੇ ਪਾ ਦਿੱਤੇ। ਇਸ ਪਿੰਡ ਨੂੰ ਪੀਰਾਂ ਦਾ ਠਸਕਾ ਵੀ ਕਿਹਾ ਜਾਂਦਾ ਹੈ। ਜ਼ਾਲਮ ਸ਼ਾਸਕਾਂ ਨੂੰ ਠਸਕੇ ਵਾਲੇ ਪੀਰਾਂ ਤੇ ਬਹੁਤ ਵਿਸ਼ਵਾਸ ਸੀ ਕਿ ਪੀਰ ਜਾਫ਼ਰ ਅਲੀ ਦੇ ਹੁੰਦਿਆਂ ਬਾਬਾ ਬੰਦਾ ਸਿੰਘ ਬਹਾਦਰ ਉਨ੍ਹਾਂ ਦਾ ਵਾਲ ਵੀ ਵਿੰਗਾ ਨਹੀਂ ਕਰ ਸਕਦਾ। ਜਦੋਂ ਪੀਰ ਜਾਫ਼ਰ ਅਲੀ ਨੂੰ ਸਿੰਘਾਂ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਆਪ ਸਿੰਘਾਂ ਪਾਸ ਆ ਕੇ ਪੱਲਾ ਅੱਡ ਕੇ ਜ਼ਾਲਮਾਂ ਦੇ ਕੀਤੇ ਗੁਨਾਹਾਂ ਦੀ ਮੁਆਫੀ ਮੰਗਣ ਲੱਗਾ ਅਤੇ ਅੱਗੇ ਤੋਂ ਇਨ੍ਹਾਂ ਜ਼ਾਲਮਾਂ ਦਾ ਸਾਥ ਦੇਣ ਤੋਂ ਤੋਬਾ ਕੀਤੀ। ਇਸ ਤਰ੍ਹਾਂ ਉਸ ਨੇ ਠਸਕਾ ਪਿੰਡ 'ਤੇ ਹਮਲਾ ਹੋਣੋਂ ਬਚਾ ਲਿਆ। ਠਸਕਾ ਪਿੰਡ ਤੋਂ ਬਾਅਦ ਖਾਲਸਾ ਫੌਜ ਨੇ ਪ੍ਰਸਿੱਧ ਇਤਿਹਾਸਕ ਸ਼ਹਿਰ ਥਾਨੇਸਰ ਵੱਲ ਚਾਲੇ ਪਾ ਦਿੱਤੇ ਅਤੇ ਸ਼ਹਿਰ 'ਤੇ ਹਮਲਾ ਕਰ ਦਿੱਤਾ ਗਿਆ। ਸਿੰਘਾਂ ਦੀ ਫੌਜ ਨੇ ਕਿਸੇ ਵੀ ਧਾਰਮਿਕ ਅਸਥਾਨ ਨੂੰ ਨੁਕਸਾਨ ਨਹੀਂ ਪਹੁੰਚਾਇਆ। ਇਸ ਦੇ ਸਬੂਤ ਵਜੋਂ ਥਾਨੇਸਰ ਵਿਚ ਜੰਮ ਕੇ ਲੜਾਈ ਹੋਣ ਦੇ ਬਾਵਜੂਦ ਸ਼ੇਖ ਚਿੱਲੀ ਦਾ ਮਕਬਰਾ ਅੱਜ ਵੀ ਕਾਇਮ ਹੈ।

ਇੱਥੋਂ ਖਾਲਸਾ ਫੌਜ ਨੇ ਸ਼ਾਹਬਾਦ ਸ਼ਹਿਰ ਵੱਲ ਨੂੰ ਰੁਖ਼ ਕੀਤਾ। ਸ਼ਾਹਬਾਦ ਵਿਚ ਬਹੁਤ ਹੀ ਮਜ਼ਬੂਤ ਕਿਲ੍ਹਾ ਸੀ ਜਿਸ ਵਿਚ ਜ਼ਾਲਮ ਹਾਕਮਾਂ ਦੇ ਇਸ਼ਾਰਿਆਂ 'ਤੇ ਕੰਮ ਕਰਨ ਵਾਲੇ ਸ਼ੇਖ-ਸੱਯਦ ਅਤੇ ਸ਼ਾਹੀ ਸੈਨਾ ਦੇ ਪ੍ਰਸਿੱਧ ਯੋਧੇ ਤੇ ਲੜਾਕੂ ਰਹਿੰਦੇ ਸਨ। ਸਮਾਣੇ ਦੀ ਜੰਗ ਦੇ ਹਾਲਾਤਾਂ ਤੋਂ ਜਾਣੂ ਇਹ ਸਾਰੇ ਇੰਨ੍ਹੇ ਡਰੇ ਹੋਏ ਸਨ ਕਿ ਕਿਸੇ ਨੇ ਵੀ ਕਿਲ੍ਹੇ ਤੋਂ ਬਾਹਰ ਨਿਕਲ ਕੇ ਸਿੰਘਾਂ ਦਾ ਮੁਕਾਬਲਾ ਕਰਨ ਦੀ ਹਿੰਮਤ ਨਹੀਂ ਕੀਤੀ। ਫੌਜਦਾਰ ਆਪਣੇ ਪਰਵਾਰ ਸਮੇਤ ਦਿੱਲੀ ਵੱਲ ਨੂੰ ਦੌੜ ਗਿਆ ਤੇ ਸਿੰਘਾਂ ਨੇ ਇਸ ਕਿਲ੍ਹੇ 'ਤੇ ਆਸਾਨੀ ਨਾਲ ਕਬਜ਼ਾ ਕਰ ਲਿਆ। ਅੱਜ ਵੀ ਸਿੰਘਾਂ ਵੱਲੋਂ ਫ਼ਤਿਹ

ਕੀਤੇ ਕਿਲ੍ਹੇ ਦੀ ਇਮਾਰਤ ਦੇ ਕੁਝ ਭਾਗ ਸ਼ਾਹਬਾਦ ਮਾਰਕੰਡਾ ਵਿਚ ਦੇਖੇ ਜਾ ਸਕਦੇ ਹਨ ਜਿਸ ਨੂੰ 'ਕਿਲ੍ਹਾ ਸਿੱਖਾਂ' ਕਿਹਾ ਜਾਂਦਾ ਹੈ।

ਸ਼ਾਹਬਾਦ ਨੂੰ ਫ਼ਤਿਹ ਕਰਨ ਤੋਂ ਬਾਅਦ ਖਾਲਸਾ ਫੌਜਾਂ ਨੇ ਪਿੰਡ ਕੁੰਜਪੁਰੇ ਵੱਲ ਨੂੰ ਕੂਚ ਕੀਤਾ। ਕੁੰਜਪੁਰਾ ਪਿੰਡ ਸਰਹਿੰਦ ਦੇ ਜ਼ਾਲਮ ਸੂਬਾ ਵਜ਼ੀਰ ਖਾਨ ਦਾ ਜੱਦੀ ਪਿੰਡ ਸੀ। ਵਜ਼ੀਰ ਖਾਨ ਨੂੰ ਖੁਫੀਆਂ ਖ਼ਬਰਾਂ ਤੋਂ ਬਾਬਾ ਬੰਦਾ ਸਿੰਘ ਬਹਾਦਰ ਦਾ ਕੁੰਜਪੁਰੇ ਵੱਲ ਨੂੰ ਆਉਣ ਦਾ ਪਤਾ ਲੱਗਾ ਤਾਂ ਉਸ ਨੇ ਆਪਣੇ ਪਿੰਡ ਦੀ ਸੁਰੱਖਿਆ ਲਈ ਪੰਜ ਸੌ ਘੋੜ ਸਵਾਰਾਂ ਨੂੰ ਦੋ ਵੱਡੀਆਂ ਤੋਪਾਂ ਦੇ ਕੇ ਪਿੰਡ ਦੀ ਰਾਖੀ ਲਈ ਭੇਜਿਆ, ਪਰ ਉਨ੍ਹਾਂ ਦੇ ਪਿੰਡ ਪਹੁੰਚਣ ਤੋਂ ਪਹਿਲਾ ਹੀ ਸਿੰਘਾਂ ਨੇ ਕੁੰਜਪੁਰੇ 'ਤੇ ਕਬਜ਼ਾ ਕਰ ਲਿਆ। ਇੱਥੇ ਸਿੰਘਾਂ ਨੇ ਸੂਬਾ ਸਰਹਿੰਦ ਦੇ ਜ਼ੁਲਮਾਂ ਵਿਚ ਹੱਥ ਵਟਾਉਣ ਵਾਲੇ ਉਸ ਦੇ ਭਾਈਚਾਰੇ ਅਤੇ ਰਿਸ਼ਤੇਦਾਰਾਂ ਨੂੰ ਰੱਜ ਕੇ ਸੋਧਿਆ। ਇਸ ਤੋਂ ਬਾਅਦ ਖਾਲਸਾ ਫੌਜਾਂ ਮੁਸਤਫਾਬਾਦ ਨੂੰ ਫ਼ਤਿਹ ਕਰਦੀਆਂ ਹੋਈਆਂ ਕਪੂਰੀ ਪਹੁੰਚੀਆਂ।

ਕਪੂਰੀ ਦਾ ਫ਼ੌਜਦਾਰ ਕਾਦਮ-ਉਦ-ਦੀਨ ਬੜਾ ਅਤਿਆਚਾਰੀ ਅਤੇ ਵਿਭਚਾਰੀ ਵਿਅਕਤੀ ਸੀ। ਕਾਦਮ-ਉਦ-ਦੀਨ ਦਾ ਪਿਤਾ ਕਪੂਰੀ ਦਾ ਚੌਧਰੀ ਸੱਯਦ ਅਮਾਨੁੱਲ ਗੁਜਰਾਤ ਵਿਚ ਉੱਚ-ਅਧਿਕਾਰੀ ਸੀ। ਹਿੰਦੂਆਂ ਨੂੰ ਕਤਲ ਕਰਨ ਅਤੇ ਉਨ੍ਹਾਂ ਦਾ ਧਰਮ ਪਰਿਵਰਤਿਤ ਕਰਨ ਵਿਚ ਇਹ ਬਹੁਤ ਸਰਗਰਮ ਸੀ। ਇਹ ਦੋਵੇਂ ਪਿਉ-ਪੁੱਤਰ ਹਰ ਨਵੀਂ ਵਿਆਹੀ ਆਈ ਗ਼ੈਰ ਮੁਸਲਿਮ ਇਸਤਰੀ ਨੂੰ ਚੁੱਕ ਕੇ ਉਸ 'ਤੇ ਅਥਾਹ ਤਸ਼ੱਦਦ ਕਰਦੇ। ਸਿੰਘਾਂ ਨੇ ਕਪੂਰੀ 'ਤੇ ਹੱਲਾ ਬੋਲ ਕੇ ਫ਼ੌਜਦਾਰ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਕਪੂਰੀ ਨੂੰ ਫ਼ਤਿਹ ਕੀਤਾ।

ਕਪੂਰੀ ਤੋਂ ਸਿੰਘ ਸਢੌਰੇ ਪੁੱਜੇ। ਸਢੌਰਾ ਮੌਜੂਦਾ ਹਰਿਆਣਾ ਪ੍ਰਾਂਤ ਦਾ ਇਕ ਪੁਰਾਤਨ ਕਸਬਾ ਹੈ। ਇਸ ਕਸਬੇ ਵਿਚ ਸੱਯਦ ਸ਼ਾਹ ਬਦਰੁੱਦੀਨ ਦਾ ਨਿਵਾਸ ਸੀ, ਜਿਸ ਨੂੰ ਲੋਕ ਪਿਆਰ ਨਾਲ ਪੀਰ ਬੁੱਧੂ ਸ਼ਾਹ ਵੀ ਕਹਿੰਦੇ ਹਨ। ਪੀਰ ਬੁੱਧੂ ਸ਼ਾਹ ਜੀ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਅਥਾਹ ਸ਼ਰਧਾ ਸੀ। ਭੰਗਾਣੀ ਦੇ ਯੁੱਧ ਸਮੇਂ ਪੀਰ ਜੀ ਦੀ ਸਿਫਾਰਸ਼ 'ਤੇ ਰੱਖੇ ਪੰਜ ਸੌ ਪਠਾਣ ਗੁਰੂ ਜੀ ਨੂੰ ਧੋਖਾ ਦੇ ਕੇ ਭੱਜ ਗਏ ਸਨ। ਜਦੋਂ ਪੀਰ ਬੁੱਧੂ ਸ਼ਾਹ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਆਪਣੇ ਸੱਤ ਸੌ ਮੁਰੀਦਾਂ ਅਤੇ ਚਾਰ ਪੁੱਤਰਾਂ ਸਮੇਤ ਗੁਰੂ ਜੀ ਦੀ ਮਦਦ ਲਈ ਪਹੁੰਚ ਗਏ। ਪੀਰ ਬੁੱਧੂ ਸ਼ਾਹ ਦੇ ਦੋ ਸਪੁੱਤਰ ਅਤੇ ਕਈ ਮੁਰੀਦ ਇਸ ਜੰਗ ਵਿਚ ਸ਼ਹੀਦੀ ਪ੍ਰਾਪਤ ਕਰ ਗਏ। ਬਾਅਦ ਵਿਚ ਸਢੌਰੇ ਦੇ ਹਾਕਮ ਉਸਮਾਨ ਖਾਨ ਨੇ ਪੀਰ ਬੁੱਧੂ ਸ਼ਾਹ 'ਤੇ ਗੁਰੂ ਜੀ ਦੀ ਮਦਦ ਕਰਨ ਦਾ ਦੋਸ਼ ਲਗਾ ਕੇ ਕਤਲ ਕਰਵਾ ਦਿੱਤਾ ਸੀ। ਫ਼ੌਜਦਾਰ ਨੇ ਇਲਾਕੇ ਦੇ ਲੋਕਾਂ ਨੂੰ ਬੜਾ ਤੰਗ ਕੀਤਾ ਹੋਇਆ ਸੀ, ਇੱਥੋਂ ਤਕ ਕਿ ਉਹ ਉਨ੍ਹਾਂ ਨੂੰ ਮੁਰਦੇ ਵੀ ਸਾੜਨ ਨਹੀਂ ਸੀ ਦਿੰਦਾ। ਸਿੰਘਾਂ ਦੇ ਉੱਥੇ ਪੁੱਜਦਿਆਂ ਹੀ ਬਹੁਤ ਸਾਰੇ ਲੋਕ ਉਨ੍ਹਾਂ ਨਾਲ ਆ ਮਿਲੇ। ਸਿੱਟੇ ਵਜੋਂ ਫ਼ੌਜਦਾਰ ਉਸਮਾਨ ਖਾਨ ਨੂੰ ਲੱਕ-ਤੋੜਵੀਂ ਹਾਰ ਹੋਈ। ਉਸਮਾਨ ਖਾਨ ਵਰਗੇ ਜ਼ਾਲਮਾਂ ਨੂੰ ਸਿੰਘਾਂ ਨੇ ਫਾਂਸੀ 'ਤੇ ਲਟਕਾ ਕੇ ਉਸ ਦੇ

ਕੀਤੇ ਦੀ ਸਜ਼ਾ ਦਿੱਤੀ। ਸਿੰਘਾਂ ਨੇ ਸਢੌਰੇ 'ਤੇ ਜਿੱਤ ਪ੍ਰਾਪਤ ਕਰ ਲਈ। ਬਹੁਤ ਸਾਰੇ ਮੁਸਲਮਾਨਾਂ ਨੇ ਪੀਰ ਬੁੱਧੂ ਸ਼ਾਹ ਦੀ ਹਵੇਲੀ ਵਿਚ ਪਨਾਹ ਲੈ ਲਈ। ਇਸ ਬਾਰੇ ਵਿਚ ਮੁਹੰਮਦ ਕਾਸਿਮ 'ਇਬਰਤ ਨਾਮੇ' ਵਿਚ ਲਿਖਦਾ ਹੈ, "ਸਢੌਰੇ ਵਿਚ ਪੀਰ ਬੁੱਧੂ ਸ਼ਾਹ ਦੀ ਹਵੇਲੀ ਅੰਦਰ ਸ਼ਰਨ ਲੈਣ ਲਈ ਨਗਰ ਦੇ ਅਮੀਰਾਂ ਅਤੇ ਚੌਧਰੀਆਂ, ਜੋ ਹਰ ਕਿਸਮ ਦੇ ਪਾਪ ਵਿਚ ਲਿਪਾਇਮਾਨ ਰਹਿੰਦੇ ਸਨ, ਨੇ ਆਪਣੇ ਪਰਵਾਰਾਂ ਦੀ ਸੁਰੱਖਿਆ ਲਈ ਗਰੀਬ ਲੋਕਾਂ ਨੂੰ ਅੰਦਰ ਪ੍ਰਵੇਸ਼ ਹੀ ਨਹੀਂ ਕਰਨ ਦਿੱਤਾ।" ਸਢੌਰਾ ਨਿਵਾਸੀਆਂ ਨੇ ਸਿੰਘਾਂ ਦੀ ਅਧੀਨਗੀ ਪ੍ਰਵਾਨ ਕਰ ਲਈ ਅਤੇ ਉਸ ਦੀ ਆਗਿਆ ਵਿਚ ਰਹਿਣ ਦਾ ਪ੍ਰਣ ਕੀਤਾ। ਸਿੰਘਾਂ ਨੇ ਉਨ੍ਹਾਂ 'ਤੇ ਇਤਬਾਰ ਕਰ ਲਿਆ ਅਤੇ ਸਭ ਨੂੰ ਮੁਆਫ ਕਰਕੇ ਸ਼ੁਭ ਚਿੰਤਕਾਂ ਵਾਲਾ ਵਿਵਹਾਰ ਸ਼ੁਰੂ ਕਰ ਦਿੱਤਾ। ਪਰੰਤੂ ਇਕ ਦਿਨ ਉਨ੍ਹਾਂ ਵੱਲੋਂ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਨੂੰ ਇਕ ਗੁਪਤ ਪੱਤਰ ਲਿਖ ਕੇ ਬਾਂਸ ਦੀ ਪੋਰੀ ਵਿਚ ਪਾ ਕੇ ਭੇਜਿਆ ਗਿਆ ਜਿਸ ਰਾਹੀਂ ਵਜ਼ੀਰ ਖਾਨ ਤੋਂ ਮਦਦ ਮੰਗੀ ਗਈ ਸੀ ਅਤੇ ਸਿੰਘਾਂ ਵਿਰੁੱਧ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਵਾਇਆ ਗਿਆ ਸੀ। ਇਕ ਸਿੱਖ ਨੂੰ ਸ਼ੱਕ ਹੋ ਜਾਣ 'ਤੇ ਪੱਤਰ ਲੈ ਕੇ ਜਾ ਰਹੇ ਕਰਮਚਾਰੀ ਤੋਂ ਉਹ ਪੱਤਰ ਬਰਾਮਦ ਕਰ ਲਿਆ ਗਿਆ ਅਤੇ ਬਾਬਾ ਬੰਦਾ ਸਿੰਘ ਬਹਾਦਰ ਪਾਸ ਪੇਸ਼ ਕੀਤਾ ਗਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਸਢੌਰਾ-ਨਿਵਾਸੀਆਂ ਤੋਂ ਇਸ ਧੋਖਾਧੜੀ ਦੀ ਸਜ਼ਾ ਬਾਰੇ ਪੁੱਛਿਆ ਤਾਂ ਸਭ ਨੇ ਇਕ ਅਵਾਜ਼ ਵਿਚ ਕਿਹਾ ਕਿ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਏ। ਬਾਬਾ ਬੰਦਾ ਸਿੰਘ ਬਹਾਦਰ ਨੇ ਐਲਾਨ ਕਰ ਦਿੱਤਾ ਕਿ ਜਿਸ ਜਿਸ ਦੇ ਵੀ ਹਸਤਾਖਰ ਉਸ ਪੱਤਰ 'ਤੇ ਹਨ ਉਨ੍ਹਾਂ ਨੂੰ ਕਤਲ ਕਰ ਦਿੱਤਾ ਜਾਏ। ਉਨ੍ਹਾਂ ਸਾਰੇ ਦਗਾਬਾਜ਼ਾਂ ਨੂੰ ਸਜ਼ਾ ਦਿੱਤੀ ਗਈ ਉਹ ਥਾਂ ਹੁਣ ਕਤਲਗੜ੍ਹੀ ਦੇ ਨਾਂ ਨਾਲ ਪ੍ਰਸਿੱਧ ਹੈ। ਇੱਥੇ ਅੱਜਕਲ੍ਹ ਜੈਨ ਹਾਈ ਸਕੂਲ ਚੱਲ ਰਿਹਾ ਹੈ।

ਸਿੰਘਾਂ ਪਾਸ ਬਨੂੜ ਦੇ ਇਲਾਕੇ ਦੇ ਹਿੰਦੂਆਂ ਨੇ ਆ ਫਰਿਆਦ ਕੀਤੀ ਕਿ ਮੁਗ਼ਲ ਸਰਕਾਰ ਦੇ ਫੌਜਦਾਰ ਫਿਰੋਜ਼ ਖਾਂ ਮੇਵਾਤੀ ਦੇ ਜ਼ੁਲਮਾਂ ਤੋਂ ਉਨ੍ਹਾਂ ਤੋਂ ਬਚਾਇਆ ਜਾਵੇ, ਕਿਉਂਕਿ ਨਵਾਬ ਦੇ ਸਿਪਾਹੀ ਉਨ੍ਹਾਂ ਦਾ ਜ਼ਬਰਦਸਤੀ ਧਰਮ ਪਰਿਵਰਤਨ ਕਰਵਾਉਣ ਲਈ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦਿੰਦੇ ਹਨ। ਉਨ੍ਹਾਂ ਦੀਆਂ ਬਹੂ-ਬੇਟੀਆਂ ਨੂੰ ਜ਼ਬਰਦਸਤੀ ਚੁੱਕ ਕੇ ਲੈ ਜਾਂਦੇ ਹਨ। ਬਾਬਾ ਬੰਦਾ ਸਿੰਘ ਬਹਾਦਰ ਨੇ ਸਿੰਘਾਂ ਨੂੰ ਛੱਤ ਬਨੂੜ ਵੱਲ ਕੂਚ ਕਰਨ ਦਾ ਹੁਕਮ ਦਿੱਤਾ। ਅੰਬਾਲਾ ਤੋਂ ਬਨੂੜ ਵੱਲ ਨੂੰ ਜਾਣ ਵਾਲੀ ਸੜਕ 'ਤੇ ਸਿੰਘਾਂ ਨੇ ਪੜਾਅ ਕੀਤਾ। ਇੱਥੇ ਅੱਜਕਲ੍ਹ ਬਾਬਾ ਬੰਦਾ ਸਿੰਘ ਦੀ ਯਾਦ ਵਿਚ ਇਕ ਗੁਰਦੁਆਰਾ ਸਾਹਿਬ ਵੀ ਸੁਸ਼ੋਭਿਤ ਹੈ ਜਿਸ ਨੂੰ ਗੁਰਦੁਆਰਾ ਚੋਈ ਸਾਹਿਬ ਕਿਹਾ ਜਾਂਦਾ ਹੈ। ਉਨ੍ਹਾਂ ਸਮਿਆਂ ਵਿਚ ਇਹ ਇਲਾਕਾ ਜੰਗਲਾਂ ਨਾਲ ਭਰਿਆ ਹੋਇਆ ਸੀ ਤੇ ਇਕ ਚੋਈ ਇੱਥੋਂ ਦੀ ਲੰਘਦੀ ਸੀ। ਬਨੂੜੀਆਂ ਨੇ ਚੁੱਪ-ਚਾਪ ਸਿੰਘਾਂ ਦੀ ਈਨ ਮੰਨ ਲਈ। ਇੱਥੇ ਬੈਠ ਕੇ ਹੀ ਸਿੰਘਾਂ ਨੇ ਸਰਹਿੰਦ 'ਤੇ ਹਮਲਾ ਕਰਨ ਤੋਂ ਪਹਿਲਾਂ ਆਪਣੀ ਸਾਰੀ ਸ਼ਕਤੀ ਇਕੱਠੀ ਕਰਨ ਦੀ ਵਿਉਂਤ ਬਣਾਈ ਅਤੇ ਇਹ ਵੀ

ਕਿਹਾ ਜਾਂਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਮਾਝੇ, ਮਾਲਵੇ-ਦੁਆਬੇ ਦੇ ਸਿੰਘਾਂ ਨੂੰ ਚਿੱਠੀਆਂ ਲਿਖ ਕੇ ਧਰਮ-ਯੁੱਧ ਵਿਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਜਿਸ ਕਿਸੇ ਨੇ ਵੀ ਬਾਬਾ ਬੰਦਾ ਸਿੰਘ ਬਹਾਦਰ ਦਾ ਖ਼ਤ ਪੜ੍ਹਿਆ ਜਾਂ ਸੁਣਿਆ ਉਹ ਘਰ ਦੇ ਕੰਮ-ਕਾਰ ਵਿਸਾਰ ਕੇ ਘਰੇਲੂ ਹਥਿਆਰ ਲੈ ਕੇ ਸਿੰਘਾਂ ਨੂੰ ਜਾ ਮਿਲਿਆ। ਵੱਡੀ ਗਿਣਤੀ ਵਿਚ ਸਤਲੁਜ ਦਰਿਆ ਤੋਂ ਉਰਲੇ ਪਾਸੇ ਦੇ ਸਿੰਘ ਕਾਫੀ ਮਾਤਰਾ ਵਿਚ ਇੱਥੇ ਬਾਬਾ ਬੰਦਾ ਸਿੰਘ ਬਹਾਦਰ ਪਾਸ ਇਕੱਠੇ ਹੋ ਗਏ ਸਨ। ਸਰਹਿੰਦ ’ਤੇ ਹਮਲਾ ਕਰਨ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਜੰਗੀ ਨੁਕਤਾ-ਨਿਗਾਹ ਤੋਂ ਕੀਰਤਪੁਰ ਵੱਲੋਂ ਜਿੱਤਾਂ ਪ੍ਰਾਪਤ ਕਰਦੇ ਆ ਰਹੇ ਸਿੱਖ ਜਥੇ ਦੀ ਉਡੀਕ ਕਰਨੀ ਠੀਕ ਸਮਝੀ। ਇੱਥੇ ਹੀ ਸਿੰਘਾਂ ਨਾਲ ਮਾਝੇ ਤੋਂ ਆਏ ਸਿੰਘਾਂ ਦਾ ਮਿਲਾਪ ਹੋਇਆ ਦੱਸਿਆ ਜਾਂਦਾ ਹੈ। ਇਸ ਥਾਂ ਦੀ ਚੋਣ ਕਰਨਾ ਸਿੰਘਾਂ ਦੀ ਜੰਗੀ ਸੂਝ ਮੰਨਿਆ ਜਾ ਸਕਦਾ ਹੈ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਬਨੂੜ ’ਤੇ ਚੜ੍ਹਾਈ ਕਰਨ ਤੋਂ ਪਹਿਲਾਂ ਅਜਿਹੇ ਥਾਂ ਦੀ ਜ਼ਰੂਰਤ ਹੈ ਜਿੱਥੇ ਉਨ੍ਹਾਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੋ ਸਕਣ ਤੇ ਆਮ ਲੋਕਾਂ ਦਾ ਕੋਈ ਨੁਕਸਾਨ ਵੀ ਨਾ ਹੋਵੇ। ਇਸ ਜਗ੍ਹਾ ’ਤੇ ਪਾਣੀ ਦਾ ਚੋਅ ਹੋਣ ਕਾਰਨ ਫੌਜ ਦੀ ਮੁੱਖ ਮੁੱਢਲੀ ਲੋੜ ਚੰਗੀ ਤਰ੍ਹਾਂ ਪੂਰੀ ਹੁੰਦੀ ਸੀ ਤੇ ਜੰਗਲ ਬੀਆਬਾਨ ਦਾ ਇਲਾਕਾ ਹੋਣ ਕਾਰਨ ਜੰਗ ਸਮੇਂ ਆਮ ਲੋਕਾਂ ਦਾ ਕੋਈ ਜ਼ਿਆਦਾ ਨੁਕਸਾਨ ਹੋਣ ਦਾ ਵੀ ਕੋਈ ਡਰ ਨਹੀਂ ਸੀ।

ਬਨੂੜ ਨੂੰ ਫ਼ਤਿਹ ਕਰਨ ਤੋਂ ਬਾਅਦ ੧੭੧੦ ਈ: ਨੂੰ ਸਿੰਘਾਂ ਦੀ ਤਿੱਖੀ ਨਜ਼ਰ ਆਪਣੇ ਮੁੱਖ ਨਿਸ਼ਾਨੇ ਸਰਹਿੰਦ ’ਤੇ ਸੀ। ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਨੇ ਭੋਲੀ-ਭਾਲੀ ਜਨਤਾ ਦੇ ਨੱਕ ਵਿਚ ਦਮ ਕੀਤਾ ਹੋਇਆ ਸੀ। ਇੱਥੋਂ ਤਕ ਕੇ ਉਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ੀਰਖੋਰ ਬੱਚਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤਾ ਸੀ। ਇਸ ਘਟਨਾ ਦਾ ਸਿੱਖਾਂ ਵਿਚ ਭਾਰੀ ਰੋਸ ਸੀ। ਵਜ਼ੀਰ ਖਾਨ ਨੂੰ ਵੀ ਲਗਾਤਾਰ ਬਾਬਾ ਬੰਦਾ ਸਿੰਘ ਬਹਾਦਰ ਦੀ ਜਿੱਤ ਦੀਆਂ ਖ਼ਬਰਾਂ ਮਿਲ ਰਹੀਆਂ ਸਨ। ਬਨੂੜ ’ਤੇ ਸਿੰਘਾਂ ਦਾ ਕਬਜ਼ਾ ਹੋ ਜਾਣ ਦੀ ਖ਼ਬਰ ਸੁਣ ਕੇ ਵਜ਼ੀਰ ਖਾਨ ਨੇ ਸਿੰਘਾਂ ਨੂੰ ਸਰਹਿੰਦ ਸ਼ਹਿਰ ਤੋਂ ਦੂਰ ਰਸਤੇ ਵਿਚ ਹੀ ਰੋਕਣ ਦੀ ਵਿਉਂਤ ਬਣਾਈ। ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਮਹਾਨ ਜਰਨੈਲ ਬਾਬਾ ਆਲੀ ਸਿੰਘ ਜੀ ਅਤੇ ਬਾਬਾ ਮਾਲੀ ਸਿੰਘ ਜੀ ਸਨ ਜੋ ਸਾਰੀਆਂ ਜੰਗਾਂ ਵਿਚ ਉਨ੍ਹਾਂ ਦਾ ਸਾਥ ਦਿੰਦੇ ਆ ਰਹੇ ਸਨ ਅਤੇ ਉਹ ਸਰਹਿੰਦ ਦੇ ਚੱਪੇ-ਚੱਪੇ ਤੋਂ ਜਾਣੂ ਸਨ। ਬਾਬਾ ਬੰਦਾ ਸਿੰਘ ਬਹਾਦਰ ਨੇ ਉਨ੍ਹਾਂ ਨਾਲ ਸਲਾਹ ਕਰਕੇ ਸਰਹਿੰਦ ’ਤੇ ਹੱਲਾ ਬੋਲਣ ਦੀ ਸਾਰੀ ਤਿਆਰੀ ਕਰ ਲਈ।

ਸਰਹਿੰਦ ਤੋਂ ਕੋਈ ੪੦ ਕਿਲੋਮੀਟਰ ਦੀ ਦੂਰੀ ’ਤੇ ਪਿੰਡ ਮਨੌਲੀ ਹੈ। ਇਸ ਪਿੰਡ ਵਿਚ ਇਕ ਪੁਰਾਤਨ ਕਿਲ੍ਹਾ ਹੈ ਜਿਸ ਬਾਰੇ ਇਤਿਹਾਸਕਾਰਾਂ ਦਾ ਅਨੁਮਾਨ ਹੈ ਕਿ ਇਹ ਕਿਲ੍ਹਾ ਸਰਹਿੰਦ ਸ਼ਹਿਰ ਤੋਂ ਦੂਰ ਇਸ ਲਈ ਬਣਾਇਆ ਗਿਆ ਸੀ ਤਾਂ ਕਿ ਇੱਥੇ ਸਰਹਿੰਦ ਦੀ ਸੁਰੱਖਿਆ ਲਈ ਜੰਗੀ ਸਾਜ਼-ਓ-ਸਾਮਾਨ ਜਮ੍ਹਾਂ ਕੀਤਾ ਜਾ

ਸਕੇ ਅਤੇ ਲੋੜ ਪੈਣ 'ਤੇ ਫੌਰਨ ਮਦਦ ਹਾਸਲ ਕਰਕੇ ਦੁਸ਼ਮਣ ਦਾ ਮਲੀਆਮੇਟ ਕਰ ਦਿੱਤਾ ਜਾਵੇ ਕਿਉਂਕਿ ਪਿੰਡ ਦੇ ਬਜ਼ੁਰਗ ਲੋਕਾਂ ਅਨੁਸਾਰ ਇਹ ਕਿਲ੍ਹਾ ਕਿਸੇ ਸਮੇਂ ਸੰਘਣੇ ਜੰਗਲਾਂ ਨਾਲ ਘਿਰਿਆ ਹੋਇਆ ਸੀ ਅਤੇ ਇਸ ਦੇ ਨਾਲ ਹੀ ਖਰੜ, ਸੁਹਾਣਾ ਤੇ ਮਨੀਮਾਜਰਾ ਦੇ ਛੋਟੇ ਕਿਲ੍ਹੇ ਵੀ ਸਨ ਜੋ ਹੁਣ ਸਮੇਂ ਦੀ ਧੂੜ ਵਿਚ ਮਿਟ ਚੁੱਕੇ ਹਨ। ਖਰੜ ਵਾਲਾ ਕਿਲ੍ਹਾ ਤਾਂ ਥੋੜ੍ਹਾ ਸਮਾਂ ਪਹਿਲਾਂ ਹੀ ਢਾਹ ਕੇ ਉਸ ਦੇ ਸਥਾਨ ਤੇ ਆਲੀਸ਼ਾਨ ਮਾਰਕੀਟ ਖੜ੍ਹੀ ਕੀਤੀ ਜਾ ਚੁੱਕੀ ਹੈ। ਪਿੰਡ ਮਨੌਲੀ ਦੇ ਕਿਲ੍ਹੇ ਬਾਰੇ ਬਾਬਾ ਆਲੀ ਸਿੰਘ ਤੇ ਬਾਬਾ ਮਾਲੀ ਸਿੰਘ ਤੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਜਾਣਕਾਰੀ ਪ੍ਰਾਪਤ ਕਰ ਲਈ ਸੀ। ਇਸ ਲਈ ਸਿੰਘਾਂ ਨੇ ਸਰਹਿੰਦ ਤੋਂ ੧੨ ਕੋਹ ਦੀ ਦੂਰੀ 'ਤੇ ਚੱਪੜਚਿੜੀ ਦੇ ਮੈਦਾਨ ਪਾਸ ਡੇਰੇ ਲਾ ਲਏ ਤਾਂ ਕਿ ਵਜ਼ੀਰ ਖਾਨ ਦੀਆਂ ਫੌਜਾਂ ਨੂੰ ਵਿਚਕਾਰ ਹੀ ਘੇਰਿਆ ਜਾ ਸਕੇ ਅਤੇ ਉਸ ਦਾ ਸੰਪਰਕ ਮਨੌਲੀ ਦੇ ਕਿਲ੍ਹੇ ਨਾਲੋਂ ਤੋੜ ਦਿੱਤਾ ਜਾਵੇ।

ਚੱਪੜਚਿੜੀ ਅਤੇ ਸੁਹਾਣਾ ਵਿਚਕਾਰ ਪਿੰਡ ਮਟੌਰ ਹੈ। ਇੱਥੇ ਮਾਤਾ ਸੁੰਦਰੀ ਜੀ ਦੇ ਨਾਂ 'ਤੇ ਗੁਰਦੁਆਰਾ ਸੁਸ਼ੋਭਿਤ ਹੈ ਜਿਸ ਦੀ ਸੇਵਾ ਸੰਭਾਲ ਬੁੱਢਾ ਦਲ ਦੇ ਨਿਹੰਗ ਸਿੰਘਾਂ ਵੱਲੋਂ ਕੀਤੀ ਜਾਂਦੀ ਹੈ। ਇਲਾਕੇ ਦੇ ਲੋਕਾਂ ਵਿਚ ਇਹ ਧਾਰਨਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ 'ਤੇ ਹਮਲਾ ਕਰਨ ਤੋਂ ਪਹਿਲਾਂ ਇਸ ਸਥਾਨ 'ਤੇ ਖਾਲਸਾ ਫੌਜ ਨਾਲ ਆਈਆਂ ਬੀਬੀਆਂ ਦਾ ਪੜਾਅ ਕੀਤਾ ਅਤੇ ਇਸ ਸਥਾਨ ਤੋਂ ਖਾਲਸਾ ਫੌਜਾਂ ਲਈ ਲੰਗਰ-ਪਾਣੀ ਆਦਿ ਤਿਆਰ ਹੋ ਕੇ ਜਾਂਦਾ ਰਿਹਾ।

ਚੱਪੜਚਿੜੀ ਸ਼ਬਦ 'ਛਪੜ ਝਿੜੀ' ਤੋਂ ਬਦਲ ਕੇ ਬਣਿਆ ਹੈ। ਇਹ ਪਿੰਡ ਖਰੜ ਤੋਂ ਬਨੂੜ ਨੂੰ ਜਾਂਦੇ ਹੋਏ ਰਸਤੇ ਵਿਚ ਪੈਂਦਾ ਹੈ। ਇਸ ਪਿੰਡ ਦੇ ਇਕ ਮੈਦਾਨ ਦੇ ਪੱਛਮ ਵੱਲ ਵੱਡੇ-ਵੱਡੇ ਟਿੱਬੇ ਸਨ ਅਤੇ ਪੂਰਬ ਵੱਲ ਇਕ ਵੱਡਾ ਸਾਰਾ ਛੱਪੜ ਅਤੇ ਦੱਖਣ ਵੱਲ ਦਰਖਤਾਂ ਦੇ ਝੁੰਡਾਂ ਦੀ ਝਿੜੀ ਸੀ। ਯਾਤਰੀਆਂ ਦੇ ਆਰਾਮ ਲਈ ਇਹ ਇਕ ਬਹੁਤ ਹੀ ਵਧੀਆ ਥਾਂ ਸੀ। ਇੱਥੇ ਯਾਤਰੀਆਂ ਲਈ ਛਾਂ ਅਤੇ ਪਾਣੀ ਪਸ਼ੂਆਂ ਲਈ ਚਾਰਾ ਸਭ ਕੁਝ ਸੀ।

ਦੂਸਰੇ ਪਾਸੇ ਵਜ਼ੀਰ ਖਾਨ ਨੇ ਪੂਰੇ ਜ਼ੋਰਾਂ-ਸ਼ੋਰਾਂ ਨਾਲ ਜੰਗੀ ਤਿਆਰੀ ਅਰੰਭੀ ਹੋਈ ਸੀ। ਵਜ਼ੀਰ ਖਾਨ ਨੇ ਚਲਾਕੀ ਨਾਲ ਸੁੱਚਾ ਨੰਦ ਦੇ ਭਤੀਜੇ ਗੰਡਾ ਮੱਲ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਫ਼ੌਜ ਵਿਚ ਰਲ ਜਾਣ ਲਈ ਭੇਜ ਦਿੱਤਾ ਤਾਂ ਕਿ ਜਦੋਂ ਸਮਾਂ ਆਏ ਤਾਂ ਉਹ ਭੱਜ ਜਾਏ ਜਿਸ ਨਾਲ ਸਿੰਘਾਂ ਦਾ ਹੌਸਲਾ ਟੁੱਟ ਜਾਏਗਾ। ਉਸ ਨੇ ਗੁਆਂਢੀ ਰਿਆਸਤਾਂ ਤੋਂ ਮਦਦ ਲਈ ਸੈਨਾ ਬੁਲਾ ਲਈ ਸੀ ਅਤੇ ਮੁਸਲਮਾਨਾਂ ਵਿਚ ਜਹਾਦ ਦਾ ਨਾਅਰਾ ਲਾ ਕੇ ਮੁਸਲਮਾਨਾਂ ਨੂੰ ਸਿੰਘਾਂ ਵਿਰੁੱਧ ਡਟ ਜਾਣ ਦਾ ਹੋਕਾ ਦੇ ਦਿੱਤਾ। ਜੰਗ ਦੇ ਮੈਦਾਨ ਵਿਚ ਜਾ ਕੇ ਇਕ ਪਾਸੇ ਵਜ਼ੀਰ ਖਾਨ ਨੇ ਮੁਹਾਰਤ-ਪ੍ਰਾਪਤ ਤੋਪਖਾਨੇ ਦੀ ਸੈਨਾ ਕੰਧ ਵਾਂਗ ਖੜ੍ਹੀ ਕਰ ਦਿੱਤੀ। ਦੂਜੇ ਪਾਸੇ ਹਾਥੀ ਕਤਾਰਾਂ ਵਿਚ ਖੜ੍ਹੇ ਕਰ ਦਿੱਤੇ। ਤੀਜੇ ਪਾਸੇ ਨਵਾਬ ਅਤੇ ਵਜ਼ੀਰਾਂ ਦੀ ਫ਼ੌਜ ਰਹਿਕਲੇ, ਜੰਬੂਰੇ ਆਦਿ ਬੀੜ

ਕੇ ਸੈਨਾ ਪੂਰੇ ਜੰਗੀ ਨੁਕਤਾ-ਨਿਗਾਹ ਤੋਂ ਤਿਆਰ-ਬਰ-ਤਿਆਰ ਖੜ੍ਹੀ ਕਰ ਦਿੱਤੀ। ਵਜ਼ੀਰ ਖਾਨ ਰਾਜਿਆਂ ਵਿਚਕਾਰ ਆਪ ਉੱਚੇ ਹਾਥੀ 'ਤੇ ਚੜ੍ਹ ਕੇ ਫ਼ੌਜ ਨੂੰ ਦਿਸ਼ਾ-ਨਿਰਦੇਸ਼ ਦੇ ਰਿਹਾ ਸੀ।

ਦੂਸਰੇ ਪਾਸੇ ਬਾਬਾ ਬੰਦਾ ਸਿੰਘ ਬਹਾਦਰ ਨੇ ਚੋਣਵੇਂ ਸਿੱਖ ਯੋਧਿਆਂ ਨੂੰ ਜੰਗੀ ਨੁਕਤਾ-ਨਿਗਾਹ ਸਮਝਾ ਕੇ ਸਿੱਖਾਂ ਦੇ ਅਲੱਗ-ਅਲੱਗ ਜਥੇ ਤਿਆਰ ਕਰ ਦਿੱਤੇ। ਪਹਿਲੇ ਜਥੇ ਵਿਚ ਮਾਲਵੇ ਦੇ ਸਿੰਘ ਸਨ, ਜਿਨ੍ਹਾਂ ਦੀ ਜਥੇਦਾਰੀ ਭਾਈ ਫਤਹਿ ਸਿੰਘ, ਭਾਈ ਕਰਮ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਆਲੀ ਸਿੰਘ ਕਰ ਰਹੇ ਸਨ। ਦੂਜਾ ਜਥਾ ਮਝੈਲ ਸਿੰਘਾਂ ਦਾ ਸੀ ਜਿਸ ਦੀ ਅਗਵਾਈ ਭਾਈ ਬਿਨੋਦ ਸਿੰਘ, ਭਾਈ ਬਾਜ ਸਿੰਘ, ਭਾਈ ਰਾਮ ਸਿੰਘ, ਭਾਈ ਸ਼ਾਮ ਸਿੰਘ ਕਰ ਰਹੇ ਸਨ। ਕੁਝ ਵਿਅਕਤੀ ਜੋ ਲੁੱਟ-ਮਾਰ ਕਰਨ ਦੀ ਮਨਸ਼ਾ ਨਾਲ ਸਿੱਖਾਂ ਦੀ ਫ਼ੌਜ ਵਿਚ ਆਣ ਰਲੇ ਸਨ, ਬਾਬਾ ਬੰਦਾ ਸਿੰਘ ਬਹਾਦਰ ਨੇ ਉਨ੍ਹਾਂ ਦੀ ਨਿਸ਼ਾਨਦੇਹੀ ਕਰ ਕੇ ਉਨ੍ਹਾਂ ਨੂੰ ਮਲਵਈਆਂ ਅਤੇ ਮਝੈਲਾਂ ਦੇ ਜਥਿਆਂ ਵਿਚ ਵੰਡ ਦਿੱਤਾ ਤਾਂ ਕਿ ਉਹ ਕਿਸੇ ਵੀ ਤਰ੍ਹਾਂ ਦੀ ਚਲਾਕੀ ਨਾ ਕਰ ਸਕਣ।

ਬਾਬਾ ਬੰਦਾ ਸਿੰਘ ਬਹਾਦਰ ਨੇ ਉੱਚੀ ਜਗ੍ਹਾ 'ਤੇ ਮੋਰਚਾ ਬਣਾ ਕੇ ਦੁਸ਼ਮਣ ਦੀ ਫ਼ੌਜ ਦੀ ਸਾਰੀ ਜੰਗੀ ਤਿਆਰੀ ਦਾ ਅੰਦਾਜ਼ਾ ਲਗਾਇਆ। ਸਿੰਘਾਂ ਨੇ ਸ਼ਾਹੀ ਫ਼ੌਜ ਦੇ ਤੋਪਚੀਆਂ ਨੂੰ ਬਾਰੂਦ ਭਰਨ ਤੋਂ ਪਹਿਲਾਂ ਹੀ ਜਾ ਦਬੋਚਿਆ। ਤੋਪਚੀਆਂ ਨੂੰ ਤੀਰਾਂ ਦਾ ਸ਼ਿਕਾਰ ਬਣਾ ਕੇ ਖ਼ਤਮ ਕਰ ਦਿੱਤਾ ਅਤੇ ਰਹਿੰਦਿਆਂ ਨੂੰ ਤੇਗ ਦੀ ਭੇਟ ਕਰ ਦਿੱਤਾ। ਇਸ ਤੋਂ ਅੱਗੇ ਹਾਥੀਆਂ ਦੀ ਕੰਧ ਸੀ। ਬਾਬਾ ਬੰਦਾ ਸਿੰਘ ਬਹਾਦਰ ਜ਼ਿਆਦਾ ਸਮਾਂ ਜੰਗਲਾਂ ਵਿਚ ਵਿਚਰਦਾ ਰਿਹਾ ਸੀ, ਇਸ ਲਈ ਜੰਗਲੀ ਜਾਨਵਰਾਂ ਤੇ ਪਸ਼ੂ-ਪੰਛੀਆਂ ਦੇ ਸੁਭਾਅ ਤੋਂ ਚੰਗੀ ਤਰ੍ਹਾਂ ਵਾਕਿਫ ਸੀ। ਬਾਬਾ ਬੰਦਾ ਸਿੰਘ ਬਹਾਦਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਿੰਘਾਂ ਨੇ ਹਾਥੀਆਂ ਦੀਆਂ ਸੁੰਡਾਂ 'ਤੇ ਜ਼ੋਰਦਾਰ ਹਮਲਾ ਕੀਤਾ ਜਿਸ ਨਾਲ ਹਾਥੀ ਘਬਰਾ ਕੇ ਪਿੱਛੇ ਵੱਲ ਨੂੰ ਭੱਜ ਨਿਕਲੇ ਅਤੇ ਆਪਣੀ ਹੀ ਸੈਨਾ ਦਾ ਨੁਕਸਾਨ ਕਰਨ ਲੱਗੇ। ਇਸ ਮੌਕੇ 'ਤੇ ਸੁੱਚਾ ਨੰਦ ਦਾ ਭਤੀਜਾ ਗੰਡਾ ਮੱਲ ਆਪਣੇ ਸਾਥੀਆਂ ਸਮੇਤ ਮੈਦਾਨ ਵਿੱਚੋਂ ਭੱਜ ਨਿਕਲਿਆ ਅਤੇ ਰੌਲਾ ਪਾ ਦਿੱਤਾ ਕਿ ਭੱਜ ਜਾਓ। ਇਸ ਨਾਲ ਲੁੱਟ-ਮਾਰ ਦੀ ਮਨਸ਼ਾ ਨਾਲ ਆਏ ਨੌਜਵਾਨ ਵੀ ਭੱਜ ਨਿਕਲੇ। ਇਸ ਨਾਲ ਸੁਭਾਵਕ ਹੀ ਵਜ਼ੀਰ ਖਾਨ ਦਾ ਪੱਲੜਾ ਕੁਝ ਸਮੇਂ ਲਈ ਭਾਰੀ ਹੋ ਗਿਆ। ਉਸ ਸਮੇਂ ਬਾਬਾ ਆਲੀ ਸਿੰਘ ਜੀ ਤੇ ਭਾਈ ਬਾਜ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਖਾਲਸਾ ਫੌਜ ਦਾ ਹੌਸਲਾ ਵਧਾਉਣ ਲਈ ਆਪ ਜੰਗ ਦੇ ਮੈਦਾਨ ਵਿਚ ਆ ਕੇ ਲੜਨ ਦੀ ਸਲਾਹ ਦਿੱਤੀ। ਇਸ ਸੰਬੰਧ ਵਿਚ ਭਾਈ ਰਤਨ ਸਿੰਘ (ਭੰਗੂ) ਨੇ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਲਿਖਿਆ ਹੈ ਕਿ :

*ਆਲੀ ਸਿੰਘ ਬਾਜ ਸਿੰਘ ਹਥ ਜੋੜੇ, ਬੈਠੇ ਹੋ ਕਿਮ ਚੜ੍ਹੋ ਨਾ ਘੋੜੇ?*
*ਤਬ ਬੰਦੇ ਉਨ ਸਬਹਨ ਕਹਯੋ, ਏਕ ਪਹਿਰ ਤੁਮ ਤਕੜੇ ਰਹਯੋ।*
*ਤੌ ਮਾਲਕ ਫਿਰ ਹਮ ਵਲ ਕਰੈ, ਸਭ ਤੁਰਕਨ ਕੌ ਮਾਰ ਸੁ ਡਰੈ।*

ਬਾਬਾ ਬੰਦਾ ਸਿੰਘ ਬਹਾਦਰ ਆਪਣੇ ਸਿੰਘਾਂ ਨੂੰ ਹੌਸਲਾ ਦੇਣ ਲਈ ਝੱਟ ਮੋਰਚੇ ਵਿੱਚੋਂ ਨਿਕਲ ਆਏ ਅਤੇ ਸਿੰਘਾਂ ਦੀ ਪਹਿਲੀ ਕਤਾਰ ਵਿਚ ਆਣ ਕੇ ਵਜ਼ੀਰ ਖਾਨ ਨੂੰ ਲਲਕਾਰਨ ਲੱਗ ਪਏ। ਬਾਬਾ ਬੰਦਾ ਸਿੰਘ ਬਹਾਦਰ ਦੇ ਮੈਦਾਨ ਵਿਚ ਆ ਜਾਣ ਕਾਰਨ ਸਿੰਘਾਂ ਦੇ ਹੌਸਲੇ ਬੁਲੰਦ ਹੋ ਗਏ ਅਤੇ ਉਹ ਦੁਸ਼ਮਣ ਦੀਆਂ ਫ਼ੌਜਾਂ 'ਤੇ ਬਿਜਲੀ ਵਾਂਗ ਟੁੱਟ ਪਏ। ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਜੀ ਵੱਲੋਂ ਬਖਸ਼ੇ ਇਕ ਤੀਰ ਨੂੰ ਚਿੱਲੇ 'ਤੇ ਚਾੜ੍ਹ ਕੇ ਛੱਡਿਆ ਤਾਂ ਸਿੰਘਾਂ ਨੇ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਅਸਮਾਨ ਗੁੰਜਾ ਦਿੱਤਾ। ਸਿੰਘਾਂ ਦੇ ਜ਼ੋਰਦਾਰ ਹਮਲੇ ਅੱਗੇ ਸ਼ਾਹੀ ਸੈਨਾ ਦੇ ਪੈਰ ਥਿੜਕ ਗਏ। ਮਲੇਰਕੋਟਲੇ ਵਾਲੇ ਸ਼ੇਰ ਮੁਹੰਮਦ ਖਾਨ ਅਤੇ ਖਵਾਜਾ ਅਲੀ ਖਾਨ ਦੋਵੇਂ ਹੀ ਸਿੰਘਾਂ ਹੱਥੋਂ ਮਾਰੇ ਗਏ। ਉਨ੍ਹਾਂ ਦੇ ਧਰਤੀ 'ਤੇ ਡਿੱਗਣ ਦੀ ਦੇਰ ਸੀ ਕਿ ਉਨ੍ਹਾਂ ਦੀ ਸੈਨਾ ਮੈਦਾਨ ਛੱਡ ਕੇ ਭੱਜ ਗਈ। ਮਲੇਰਕੋਟਲੀਆਂ ਦਾ ਸਾਰਾ ਮੋਰਚਾ ਸਿੰਘਾਂ ਦੇ ਹੱਥ ਆ ਗਿਆ। ਦੂਜੇ ਪਾਸੇ ਕਥਿਤ ਗਾਜ਼ੀਆਂ ਦਾ ਵੀ ਇਹੋ ਹਾਲ ਸੀ। ਸਿੰਘ ਹੁਣ ਪੂਰੇ ਜੋਸ਼ ਨਾਲ ਵਜ਼ੀਰ ਖਾਨ ਵਾਲੇ ਮੋਰਚੇ ਵੱਲ ਵਧੇ। ਇਕ ਪਾਸੇ ਤੋਂ ਭਾਈ ਬਾਜ ਸਿੰਘ ਅਤੇ ਦੂਸਰੇ ਪਾਸੇ ਤੋਂ ਭਾਈ ਫਤਹਿ ਸਿੰਘ ਨੇ ਹੱਲਾ ਬੋਲਿਆ। ਇਸ ਲੜਾਈ ਵਿਚ ਵਜ਼ੀਰ ਖਾਨ ਮਾਰਿਆ ਗਿਆ। ਵਜ਼ੀਰ ਖਾਨ ਦੀ ਲਾਸ਼ ਨੂੰ ਇਕ ਜੰਡ ਦੇ ਦਰਖਤ ਨਾਲ ਲਟਕਾ ਦਿੱਤਾ ਗਿਆ। ਇਹ ਜੰਡ ਦਾ ਦਰਖਤ ਅੱਜਕਲ੍ਹ ਚੱਪੜਚਿੜੀ ਵਿਚ ਬਣੇ ਗੁਰੂ ਨਾਨਕ ਮਿਸ਼ਨ ਸਕੂਲ ਦੇ ਅਹਾਤੇ ਦੇ ਅੰਦਰ ਹੈ। ਦੂਸਰੇ ਦਿਨ ਵਜ਼ੀਰ ਖਾਨ ਦੀ ਲਾਸ਼ ਨੂੰ ਬਲਦਾਂ ਪਿੱਛੇ ਬੰਨ ਕੇ ਸਿੰਘ ਸਰਹਿੰਦ ਵੱਲ ਨੂੰ ਰਵਾਨਾ ਹੋ ਗਏ।

ਸਿੰਘਾਂ ਨੇ ਸਰਹਿੰਦ ਦੀ ਜਿੱਤ ਤੋਂ ਪਿੱਛੋਂ ਜ਼ਾਲਮਾਂ ਨੂੰ ਚੁਣ-ਚੁਣ ਕੇ ਮਾਰਿਆ। ਹਕੂਮਤ ਦੀ ਛਤਰ-ਛਾਇਆ ਹੇਠ ਸੁੱਚਾ ਨੰਦ ਇਸ ਤਰ੍ਹਾਂ ਦੇ ਜ਼ੁਲਮ ਕਰ ਰਿਹਾ ਸੀ ਕਿ ਉਸ ਦੇ ਸਿੱਖਾਂ ਹੱਥੋਂ ਮਾਰੇ ਜਾਣ ਨੂੰ ਕੀਤੇ ਦਾ ਫਲ ਦੱਸਦਿਆਂ ਮੁਹੰਮਦ ਕਾਸਿਮ 'ਇਬਰਤ ਨਾਮੇ' ਵਿਚ ਲਿਖਦਾ ਹੈ, "ਮੈਂ ਆਸ-ਪਾਸ ਦੇ ਭਰੋਸੇਯੋਗ ਲੋਕਾਂ ਤੋਂ ਸੁਣਿਆ ਹੈ ਕਿ ਸ਼ਹੀਦ (ਵਜ਼ੀਰ ਖਾਨ) ਦੀ ਹਕੂਮਤ ਦੇ ਦਿਨੀਂ ਕਿਹੜਾ ਜ਼ੁਲਮ ਸੀ ਜੋ ਇਸ ਅਨਿਆਈ (ਸੁੱਚਾ ਨੰਦ) ਨੇ ਗਰੀਬਾਂ ਉੱਤੇ ਨਾ ਕੀਤਾ ਹੋਵੇ ਅਤੇ ਫਸਾਦ ਦਾ ਕਿਹੜਾ ਬੀਜ ਸੀ ਜੋ ਇਸ ਨੇ ਆਪਣੇ ਲਈ ਨਾ ਬੀਜਿਆ ਹੋਵੇ ਕਿ ਜਿਸ ਦਾ ਫਲ ਇਸ ਨੂੰ ਪ੍ਰਾਪਤ ਹੋਇਆ?"

ਇੰਨੀ ਭਿਆਨਕ ਜੰਗ ਕਰਨ ਬਾਅਦ ਸਿੰਘਾਂ ਨੇ ਕਿਸੇ ਮਸਜਿਦ ਨੂੰ ਨੁਕਸਾਨ ਨਹੀਂ ਪਹੁੰਚਾਇਆ, ਕਿਉਂਕਿ ਉਹ ਧਰਮ-ਵਿਰੋਧੀ ਨਹੀਂ ਸੀ, ਉਹ ਤਾਂ ਸਿਰਫ਼ ਜ਼ੁਲਮ ਅਤੇ ਜ਼ਾਲਮਾਂ ਦਾ ਵਿਰੋਧੀ ਸੀ, ਕਿਉਂਕਿ ਸਿੱਖ ਜ਼ੁਲਮ ਅਤੇ ਅਤਿਆਚਾਰ ਨੂੰ ਖ਼ਤਮ ਕਰਨਾ ਧਾਰਮਿਕ ਸਾਧਨਾ ਦਾ ਅਨਿੱਖੜ ਅੰਗ ਸਮਝਦੇ ਹਨ। ਚੱਪੜ-ਚਿੜੀ ਦੇ ਯੁੱਧ ਸਮੇਂ ਬਾਬਾ ਆਲੀ ਸਿੰਘ ਤੇ ਬਾਬਾ ਮਾਲੀ ਸਿੰਘ ਨੇ ਅਨੂਪਮ ਬਹਾਦਰੀ ਦਿਖਾਈ।

**ਚਲਦਾ...**

# ਭਾਈ ਮਨੀ ਸਿੰਘ ਜੀ ਸ਼ਹੀਦ

*-ਸ. ਬਿਕਰਮਜੀਤ ਸਿੰਘ**

ਸਿੱਖ ਇਤਿਹਾਸ ਵਿਚ ਭਾਈ ਮਨੀ ਸਿੰਘ ਜੀ ਦਾ ਨਾਂ ਵਿਸ਼ੇਸ਼ ਜ਼ਿਕਰਯੋਗ ਹੈ। ਭਾਈ ਸਾਹਿਬ ਗੁਰੂ-ਘਰ ਨੂੰ ਸਮਰਪਿਤ ਗੁਰਸਿੱਖ ਸਨ। ਜਿੱਥੇ ਉਹ ਬਹੁਤ ਉੱਚੀ-ਸੁੱਚੀ ਸ਼ਖ਼ਸੀਅਤ ਦੇ ਮਾਲਕ ਸਨ, ਉੱਥੇ ਉਹ ਗੁਰਬਾਣੀ ਦੇ ਗਿਆਤਾ ਤੇ ਵਿਦਵਾਨ ਵੀ ਸਨ। ਭਾਈ ਸਾਹਿਬ ਦੇ ਜੀਵਨ 'ਤੇ ਝਾਤੀ ਮਾਰਦਿਆਂ ਇਹ ਪਤਾ ਚਲਦਾ ਹੈ ਕਿ ਉਹ ਸੰਤ ਵੀ ਸਨ ਤੇ ਸਿਪਾਹੀ ਵੀ। ਉਨ੍ਹਾਂ ਅੰਦਰ ਭਗਤੀ ਤੇ ਸ਼ਕਤੀ ਦਾ ਸੰਤੁਲਨ ਸੁਮੇਲ ਸੀ। ਭਾਈ ਸਾਹਿਬ ਪਰਮਾਤਮਾ ਦੀ ਬਖ਼ਸ਼ਿਸ਼ ਨਾਲ ਅਜਿਹੀ ਮਾਨਸਿਕ ਅਵਸਥਾ 'ਤੇ ਪਹੁੰਚੇ ਹੋਏ ਸਨ ਜਿੱਥੇ ਤਨ ਦੇ ਤਸੀਹਿਆਂ ਨਾਲ ਮਨ ਨੂੰ ਨਹੀਂ ਡਰਾਇਆ ਜਾ ਸਕਦਾ ਸੀ।

ਭਾਈ ਮਨੀ ਸਿੰਘ ਜੀ ਦੇ ਜਨਮ ਬਾਰੇ ਵੱਖ-ਵੱਖ ਵਿਦਵਾਨਾਂ ਦੇ ਆਪੋ-ਆਪਣੇ ਵਿਚਾਰ ਹਨ ਪਰੰਤੂ 'ਸ਼ਹੀਦ ਬਿਲਾਸ' ਕ੍ਰਿਤ ਸੇਵਾ ਸਿੰਘ (ਜੋ ਕਿ ਕੁਲ ਪਰੰਪਰਾ ਤੋਂ ਭਾਈ ਮਨੀ ਸਿੰਘ ਦੇ ਪਰਿਵਾਰ ਨਾਲ ਸੰਬੰਧਿਤ ਸੀ) ਅਨੁਸਾਰ ਭਾਈ ਮਨੀ ਸਿੰਘ ਜੀ ਦਾ ਜਨਮ ੧੦ ਮਾਰਚ, ੧੬੪੪ ਈ. (ਚੇਤਰ ਸੁਦੀ ੧੨, ੧੭੦੧ ਬਿ.) ਨੂੰ ਅਜੋਕੇ ਪਾਕਿਸਤਾਨ ਵਿਚ ਮੁਲਤਾਨ ਦੇ ਨੇੜੇ ਪਿੰਡ ਅਲੀਪੁਰ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਂ ਭਾਈ ਮਾਈ ਦਾਸ ਜੀ ਅਤੇ ਮਾਤਾ ਬੀਬੀ ਮਧਰੀ ਬਾਈ ਸੀ।

ਇਤਿਹਾਸਿਕ ਸ੍ਰੋਤਾਂ ਵਿਚ ਭਾਈ ਸਾਹਿਬ ਦੇ ਪਰਵਾਰਿਕ ਪਿਛੋਕੜ 'ਤੇ ਝਾਤ ਮਾਰੀ ਜਾਵੇ, ਤਾਂ ਪਤਾ ਲਗਦਾ ਹੈ ਕਿ ਉਨ੍ਹਾਂ ਦੇ ਦਾਦਾ ਭਾਈ ਬਲੂ ਰਾਉ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਫੌਜ ਦੇ ਜਰਨੈਲ ਸਨ। ਜਿਨ੍ਹਾਂ ਦੀ ਸ਼ਹੀਦੀ ਸ੍ਰੀ ਅੰਮ੍ਰਿਤਸਰ ਦੇ ਪਹਿਲੇ ਜੰਗ ਦੌਰਾਨ ਹੋਈ ਸੀ। ਇਸੇ ਭਾਈ ਬੱਲੂ ਰਾਉ ਦੇ ੧੨ ਸਪੁੱਤਰ ਸਨ ਜਿਨ੍ਹਾਂ ਵਿਚ ਇਕ ਭਾਈ ਮਾਈ ਦਾਸ ਜੀ ਸਨ, ਜੋ ਕਿ ਭਾਈ ਮਨੀ ਸਿੰਘ ਦੇ ਪਿਤਾ ਸਨ। ਭਾਈ ਮਾਈ ਦਾਸ ਜੀ ਦੇ ਦੋ ਵਿਆਹ ਹੋਏ ਸਨ। ਜਿਸ ਤਹਿਤ ਉਨ੍ਹਾਂ ਦੀ ਪਹਿਲੀ ਪਤਨੀ ਬੀਬੀ ਮਧਰੀ ਦੀ ਕੁੱਖੋਂ ੭ ਪੁੱਤਰ ਦੂਜੀ ਪਤਨੀ ਬੀਬੀ ਲਡਿਕੀ ਤੋਂ ਪੰਜ ਪੁੱਤਰ ਪੈਦਾ ਹੋਏ ਸਨ। ਸੋ ਇਸ ਤਰ੍ਹਾਂ ਭਾਈ ਮਨੀ ਸਿੰਘ ਜੀ ਕੁੱਲ ੧੨ ਭਰਾ ਸਨ, ਜਿਨ੍ਹਾਂ ਵਿੱਚੋਂ ਭਾਈ ਮਨੀ ਸਿੰਘ ਜੀ ਸਮੇਤ ੧੧ ਭਰਾ ਸਿੱਖ ਧਰਮ ਲਈ ਸ਼ਹੀਦ ਹੋਏ।

ਭਾਈ ਮਨੀ ਸਿੰਘ ਜੀ ਜਦ ੧੩ ਕੁ ਵਰ੍ਹਿਆਂ ਦੇ ਹੋਏ ਤਾਂ ਆਪ ਜੀ ਦੇ ਪਿਤਾ ਭਾਈ ਮਾਈ ਦਾਸ ਜੀ ਸਤਵੇਂ ਪਾਤਸ਼ਾਹ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਦਰਸ਼ਨਾਂ

**੨੯੪੬/੭ ਬਾਜ਼ਾਰ ਲੁਹਾਰਾਂ, ਚੌਂਕ ਲਛਮਣਸਰ, ਸ੍ਰੀ ਅੰਮ੍ਰਿਤਸਰ। ਮੋ: +੯੧੯੭੭੯-੦੦੩੭੨*

ਲਈ ਆਪ ਨੂੰ ਪਹਿਲੀ ਵਾਰ ਸ੍ਰੀ ਕੀਰਤਪੁਰ ਸਾਹਿਬ ਲੈ ਕੇ ਆਏ। ਇੱਥੇ ਆਪ ਲੱਗਭਗ ੨ ਸਾਲ ਰਹੇ ਅਤੇ ਗੁਰੂ-ਘਰ ਦੀ ਸੇਵਾ ਕੀਤੀ। ਇਸ ਤੋਂ ਬਾਅਦ ਆਪ ਦੇ ਪਿਤਾ ਆਪ ਨੂੰ ਕੀਰਤਪੁਰ ਸਾਹਿਬ ਤੋਂ ਵਾਪਸ ਲੈ ਗਏ। ਵਾਪਸੀ ਘਰ ਪਹੁੰਚ ਕੇ ਭਾਈ ਮਨੀ ਸਿੰਘ ਜੀ ਦਾ ਵਿਆਹ ਪਿੰਡ ਖੈਰਪੁਰ ਜ਼ਿਲ੍ਹਾ ਮੁਜ਼ੱਫਰਗੜ੍ਹ ਵਿਚ ਭਾਈ ਲੱਖੀ ਰਾਏ (ਭਾਈ ਲੱਖੀ ਸ਼ਾਹ) ਦੀ ਬੇਟੀ ਬੀਬੀ ਸੀਤੋ ਬਾਈ ਨਾਲ ਕਰਵਾਇਆ ਗਿਆ।

ਕੁਝ ਸਮੇਂ ਬਾਅਦ ਭਾਈ ਮਨੀ ਸਿੰਘ ਜੀ ਗੁਰੂ-ਘਰ ਦੀ ਸੇਵਾ ਹਿੱਤ ਆਪਣੇ ਵੱਡੇ ਦੋ ਭਰਾਵਾਂ ਭਾਈ ਜੇਠਾ ਜੀ ਅਤੇ ਭਾਈ ਦਿਆਲਾ ਜੀ ਨਾਲ ਮੁੜ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਪਾਸ ਆ ਗਏ। ਜਦ ਗੁਰੂ ਜੀ ਜੋਤੀ ਜੋਤ ਸਮਾ ਗਏ ਤਾਂ ਭਾਈ ਸਾਹਿਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨਾਲ ਦਿੱਲੀ ਚਲੇ ਗਏ। ਫਿਰ ਜਦ ਮਾਰਚ, ੧੬੬੪ ਈ. ਵਿਚ ਅਠਵੇਂ ਪਾਤਸ਼ਾਹ ਜੋਤੀ ਜੋਤ ਸਮਾ ਗਏ ਤਾਂ ਭਾਈ ਸਾਹਿਬ ਗੁਰੂ ਹਰਿਰਾਇ ਸਾਹਿਬ ਜੀ ਦੀ ਸੁਪਤਨੀ ਮਾਤਾ ਸੁਲੱਖਣੀ (ਮਾਤਾ ਕਿਸ਼ਨ ਕੌਰ) ਨਾਲ ਬਾਬਾ ਬਕਾਲਾ ਵਿਖੇ ਨੌਵੇਂ ਪਾਤਸ਼ਾਹ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸੇਵਾ ਵਿਚ ਹਾਜ਼ਰ ਹੋ ਗਏ।

ਭਾਈ ਮਨੀ ਸਿੰਘ ਜੀ ਨੇ ਕੁਝ ਸਮਾਂ ਬਾਬਾ ਬਕਾਲਾ ਵਿਖੇ ਠਹਿਰ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸੇਵਾ ਕੀਤੀ। ਇਸ ਉਪਰੰਤ ਆਪ ਮੁੜ ਵਾਪਸ ਆਪਣੇ ਪਿੰਡ ਅਲੀਪੁਰ ਆ ਗਏ। ਫਿਰ ਜਦ ਨੌਵੇਂ ਪਾਤਸ਼ਾਹ 'ਚੱਕ ਨਾਨਕੀ' ਦੇ ਸਥਾਨ 'ਤੇ ਚਲੇ ਗਏ ਤਾਂ ਭਾਈ ਮਨੀ ਸਿੰਘ ਜੀ ਵੀ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਉੱਥੇ ਚੱਕ ਨਾਨਕੀ ਵਿਖੇ ਪਹੁੰਚ ਗਏ।

ਜਦ ਔਰੰਗਜ਼ੇਬ ਦੀ ਕੱਟੜਤਾ ਦੇ ਸਤਾਏ ਕਸ਼ਮੀਰੀ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਦਰਬਾਰ ਵਿਚ ਹਾਜ਼ਰ ਹੋਏ ਤਾਂ ਉਨ੍ਹਾਂ ਦੀ ਫਰਿਆਦ ਸੁਣ ਕੇ ਗੁਰੂ ਜੀ ਨੇ ਦਿੱਲੀ ਵੱਲ ਨੂੰ ਚਾਲੇ ਪਾ ਦਿੱਤੇ। ਜਦ ਦਿੱਲੀ ਵਿਚ ਗੁਰੂ ਜੀ ਦੀ 'ਸ਼ਹੀਦੀ' ਹੋ ਗਈ ਤਾਂ ਉਸ ਸਮੇਂ ਭਾਈ ਮਨੀ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਹਾਜ਼ਰ ਸਨ।

ਭਾਈ ਮਨੀ ਸਿੰਘ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਨਾਲ ਰੱਖਦੇ ਸਨ। ਜਦੋਂ ਗੁਰੂ ਜੀ ਪਾਉਂਟਾ ਸਾਹਿਬ ਵਿਖੇ ਗਏ ਸਨ ਤਾਂ ਭਾਈ ਸਾਹਿਬ ਵੀ ਉਨ੍ਹਾਂ ਦੇ ਨਾਲ ਸਨ। ਗੁਰੂ ਜੀ ਗੁਰੂ-ਦਰਬਾਰ ਦੇ ਵਿਸ਼ੇਸ਼ ਕਾਰਜ ਭਾਈ ਮਨੀ ਸਿੰਘ ਜੀ ਨੂੰ ਹੀ ਸੌਂਪਦੇ ਸਨ। ਇਸ ਤੋਂ ਇਲਾਵਾ ਆਪ ਜੀ ਨੂੰ ਗੁਰਬਾਣੀ ਅਤੇ ਗੁਰਮਤਿ ਵਿਚਾਰਧਾਰਾ ਦੀ ਡੂੰਘੀ ਸੋਝੀ ਹੋਣ ਕਾਰਨ ਗੁਰੂ ਜੀ ਨੇ ਆਪ ਨੂੰ ਗੁਰਬਾਣੀ ਦੇ ਗੁਟਕੇ, ਪੋਥੀਆਂ ਆਦਿ ਲਿਖਵਾਉਣ ਤੇ ਲਿਖਣ ਦਾ ਕਾਰਜ ਵੀ ਸੌਂਪਿਆ।

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਵੈਰੀ-ਦਲਾਂ ਨਾਲ ਵੱਖ-ਵੱਖ ਜੰਗ-ਯੁੱਧ ਕਰਨੇ ਪਏ ਤਾਂ ਉਨ੍ਹਾਂ ਜੰਗਾਂ-ਯੁੱਧਾਂ ਵਿਚ ਭਾਈ ਮਨੀ ਸਿੰਘ ਜੀ ਵੀ ਸ਼ਾਮਲ ਹੁੰਦੇ ਰਹੇ।

ਭਾਈ ਸਾਹਿਬ ਗੁਰੂ ਜੀ ਦੇ ਲੱਗਭਗ ਸਾਰੇ ਜੰਗਾਂ ਵਿਚ ਸ਼ਾਮਲ ਹੋਏ।

ਸੰਮਤ ੧੭੫੬ ਬਿਕ੍ਰਮੀ (ਸੰਨ ੧੬੯੯ ਈ.) ਦੀ ਵੈਸਾਖੀ ਵਾਲੇ ਦਿਨ ਜਦ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਤਾਂ ਉਸ ਸਮੇਂ ਭਾਈ ਮਨੀ ਸਿੰਘ ਜੀ ਨੇ ਵੀ ਅੰਮ੍ਰਿਤ-ਪਾਨ ਕੀਤਾ। ਉਸ ਸਮੇਂ ਭਾਈ ਸਾਹਿਬ ਦੇ ਭਰਾਵਾਂ ਅਤੇ ਪੰਜ ਪੁੱਤਰਾਂ-- ਭਾਈ ਬਚਿਤ੍ਰ ਸਿੰਘ, ਭਾਈ ਉਦੇ ਸਿੰਘ, ਭਾਈ ਅਨਿਕ ਸਿੰਘ, ਭਾਈ ਅਜਬ ਸਿੰਘ ਅਤੇ ਭਾਈ ਅਜਾਇਬ ਸਿੰਘ ਨੇ ਵੀ ਅੰਮ੍ਰਿਤ-ਪਾਨ ਕੀਤਾ।

ਜਦੋਂ ਸੋਢੀ ਹਰਿ ਜੀ ਦਾ ਦੇਹਾਂਤ ਹੋ ਗਿਆ ਤਾਂ ਉਸਦੇ ਪੁੱਤਰ ਨਿਰੰਜਨ ਰਾਏ ਨੇ ਗੱਦੀ ਸੰਭਾਲੀ ਤਾਂ ਕੁਝ ਸਮੇਂ ਬਾਅਦ ਜਦ ਹਰਿ ਜੀ ਦੀ ਸੰਤਾਨ ਅੰਮ੍ਰਿਤਸਰ ਛੱਡ ਗਈ ਤਾਂ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਕੋਈ ਵੀ ਪ੍ਰਬੰਧਕ ਨਾ ਰਿਹਾ। ਜਿਸ ਦੇ ਫਲਸਰੂਪ ਸ੍ਰੀ ਅੰਮ੍ਰਿਤਸਰ ਦੀ ਸੰਗਤ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਚਲਾਉਣ ਲਈ ਅਤੇ ਸੇਵਾ-ਸੰਭਾਲ ਕਰਨ ਲਈ ਯੋਗ-ਮੁਖੀ ਸਿੰਘ, ਪ੍ਰਬੰਧਕ ਆਦਿ ਭੇਜਣ ਦੀ ਬੇਨਤੀ ਕੀਤੀ। ਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਮੁੱਖ ਗ੍ਰੰਥੀ ਥਾਪ ਕੇ ਸ੍ਰੀ ਅੰਮ੍ਰਿਤਸਰ ਭੇਜਿਆ। ਗੁਰੂ ਜੀ ਨੇ ਭਾਈ ਸਾਹਿਬ ਨਾਲ ਸਮੁੱਚੇ ਪ੍ਰਬੰਧਾਂ ਅਤੇ ਸੇਵਾ ਦੀ ਦੇਖ ਰੇਖ ਹਿੱਤ ਪੰਜ ਹੋਰ ਸਿੰਘਾਂ-- ਭਾਈ ਭੂਪਤਿ ਸਿੰਘ, ਭਾਈ ਗੁਲਜ਼ਾਰ ਸਿੰਘ, ਭਾਈ ਕੋਇਰ ਸਿੰਘ, ਭਾਈ ਦਾਨ ਸਿੰਘ ਅਤੇ ਭਾਈ ਕੀਰਤ ਸਿੰਘ ਨੂੰ ਵੀ ਭੇਜਿਆ। ਸ੍ਰੀ ਅੰਮ੍ਰਿਤਸਰ ਪੁੱਜ ਕੇ ਭਾਈ ਮਨੀ ਸਿੰਘ ਜੀ ਨੇ ਅਤੇ ਉਨ੍ਹਾਂ ਨਾਲ ਆਏ ਪੰਜ ਸਿੰਘਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਮਰਯਾਦਾ ਨੂੰ ਬਹਾਲ ਕੀਤਾ। ਭਾਈ ਸਾਹਿਬ ਇੱਥੇ ਸੰਗਤਾਂ ਨੂੰ ਗੁਰਬਾਣੀ-ਕਥਾ ਨਾਲ ਨਿਹਾਲ ਕਰਦੇ, ਗੁਰਮਤਿ ਦੀ ਰਹਿਣੀ ਦ੍ਰਿੜ੍ਹ ਕਰਾਉਂਦੇ ਤੇ ਗੁਰੂ ਵਾਲੇ ਬਣਨ ਦੀ ਪ੍ਰੇਰਨਾ ਕਰਦੇ। ਦੂਰ-ਦੁਰੇਡਿਓਂ ਸੰਗਤਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨਾਂ ਲਈ ਪੁੱਜਣ ਲੱਗੀਆਂ ਜਿਸ ਕਾਰਨ ਇੱਥੇ ਰੌਣਕ ਵਧਣ ਲੱਗੀ। ਭਾਈ ਮਨੀ ਸਿੰਘ ਜੀ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਰਹਿੰਦਿਆਂ ਕਾਫੀ ਸਮਾਂ ਬੀਤ ਗਿਆ। ਇਸ ਦੌਰਾਨ ਭਾਈ ਸਾਹਿਬ ਕਲਗੀਧਰ ਪਿਤਾ ਦੇ ਦਰਸ਼ਨਾਂ ਲਈ ਸ੍ਰੀ ਅਨੰਦਪੁਰ ਸਾਹਿਬ ਵੀ ਆਂਦੇ-ਜਾਂਦੇ ਰਹਿੰਦੇ।

'ਸ਼ਹੀਦ ਬਿਲਾਸ' ਅਨੁਸਾਰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਦੇ ਪਰਿਵਾਰ ਦੀਆਂ ਗੁਰੂ-ਘਰ ਨੂੰ ਸਮਰਪਿਤ ਸੇਵਾਵਾਂ ਨੂੰ ਦੇਖਦਿਆਂ ਹੋਇਆਂ ਇਕ ਖਾਸ ਹੁਕਮਨਾਮਾ ਵੀ ਬਖਸ਼ਿਸ਼ ਕੀਤਾ ਜਿਸ ਵਿਚ ਉਨ੍ਹਾਂ ਦੇ ਪੁੱਤਰਾਂ ਨੂੰ "ਫਰਜੰਦਹ ਖਾਨੇਜਾਦ" ਆਖਿਆ ਗਿਆ, ਜਿਸ ਦਾ ਉਤਾਰਾ ਇਸ ਪ੍ਰਕਾਰ ਹੈ:

ੴ ਸਤਿਗੁਰ ਪ੍ਰਸਾਦਿ

ਸ੍ਰੀ ਸਤਿਗੁਰੂ ਜੀ ਕੀ ਆਗਯਾ ਹੈ। ਭਾਈ ਬਚਿਤ੍ਰ ਸਿੰਘ ਜੀ। ਭਾਈ ਉਦੇ

ਸਿੰਘ ਜੀ। ਭਾਈ ਅਨਿਕ ਸਿੰਘ ਜੀ। ਭਾਈ ਅਜਬ ਸਿੰਘ ਜੀ। ਭਾਈ ਅਜਾਇਬ ਸਿੰਘ ਜੀ। ਨਾਇਕ ਮਾਈ ਦਾਸੁ ਵੋਇ ਮਨੀ ਸਿੰਘ ਨੂੰ ਵਾਹਗੁਰੂ ਸਰਮ ਰਖੇਗਾ। ਤੁਸੀ ਮੇਰੇ ਪੁਤ੍ਰ ਫਰਜੰਦਹ ਖਾਨੇਜਾਦ ਹੋ। ਤੁਸਾਂ ਉਪਰ ਮੇਰੀ ਖੁਸੀ ਹੈ। ਸਭ ਬਰਤਾਰੇ ਕੇ ਤੁਸੀ ਮਹਿਰਮ ਹੋ। ਹੋਰ ਕੋਡੀ ਦਮੜੀ ਪੈਸਾ ਧੇਲਾ ਰੁਪੈਯਾ ਰਛਿਆ ਦਾ ਜੋ ਅਸਾਨੂੰ ਦੇਏਗਾ। ਇਹ ਮੇਰੇ ਫਰਜੰਦ ਹੈਨ। ਸਿਖਾ ਪੁਤਾ ਸੇਵਾ ਦਾ ਵੇਲਾ ਹੈ। ਜੇ ਲੋਚ ਕੇ ਸੇਵਾ ਕਰੋਗੇ ਤੁਸਾ ਤੇ ਸੇਵਾ ਦਰਗਾਹ ਥਾਇ ਪਵੇਗੀ। ਤੁਸਾਂ ਉਪਰ ਵਾਹਿਗੁਰੂ ਰਛਿਆ ਕਰੇਗਾ। ਸੰਵਤ ੧੭੬੦ ਮਿਤੀ ਕਤਕ ੧

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਛੱਡਣ ਤੋਂ ਲੈ ਕੇ ਚਮਕੌਰ ਦੀ ਗੜ੍ਹੀ ਤਕ ਵੈਰੀਆਂ ਨਾਲ ਹੋਈਆਂ ਜੰਗਾਂ ਸਮੇਂ ਗੁਰੂ ਜੀ ਦੇ ਸਾਹਿਬਜ਼ਾਦੇ ਅਤੇ ਹੋਰ ਅਨੇਕਾਂ ਸਿੰਘ ਸ਼ਹੀਦ ਹੋ ਗਏ, ਉੱਥੇ ਭਾਈ ਮਨੀ ਸਿੰਘ ਜੀ ਦੇ ਪੁੱਤਰਾਂ ਨੇ ਵੀ ਪੰਥ ਲਈ ਸ਼ਹੀਦੀ ਪ੍ਰਾਪਤ ਕੀਤੀ।

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਲਵਾ ਖੇਤਰ ਵਿਚ ਤਲਵੰਡੀ ਸਾਬੋ ਵਿਖੇ ਸਨ, ਤਾਂ ਭਾਈ ਮਨੀ ਸਿੰਘ ਜੀ ਵੀ ਉਨ੍ਹਾਂ ਕੋਲ ਹਾਜ਼ਰ ਹੋਏ। ਗੁਰੂ ਜੀ ਨੇ ਇੱਥੇ ਭਾਈ ਮਨੀ ਸਿੰਘ ਜੀ ਦੀ ਕਲਮ ਤੋਂ ਆਪਣੀ ਨਿਗਰਾਨੀ ਹੇਠ ਇਕ ਬੀੜ ਲਿਖਵਾਈ ਜਿਸ ਵਿਚ ਨੌਵੇਂ ਪਾਤਸ਼ਾਹ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਰਾਗ-ਅਨੁਸਾਰ ਢੁਕਵੇਂ ਸਥਾਨ 'ਤੇ ਦਰਜ ਕੀਤਾ। ਭਾਈ ਮਨੀ ਸਿੰਘ ਜੀ ਨੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਹੋਰ ਸਿੰਘਾਂ ਅਤੇ ਸੰਗਤਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅਰਥਾਂ ਦੀ ਜਾਣਕਾਰੀ ਲੈਣ ਹਿੱਤ ਸੰਥਾ ਕਥਾ ਵੀ ਸਰਵਣ ਕੀਤੀ। ਸੰਪੂਰਣ ਕਥਾ ਦੀ ਸਮਾਪਤੀ ਤੋਂ ਬਾਅਦ ਗੁਰੂ ਜੀ ਨੇ ਭਾਈ ਸਾਹਿਬ ਦੀ ਗੁਰਬਾਣੀ ਦੇ ਅਰਥ ਪੜ੍ਹਾਉਣ ਦੀ ਵਿਸ਼ੇਸ਼ ਡਿਊਟੀ ਵੀ ਲਗਾਈ। ਜਿਸ ਤਹਿਤ ਭਾਈ ਸਾਹਿਬ ਨੇ ਗੁਰਬਾਣੀ ਦੇ ਅਰਥਾਂ ਦੀ ਟਕਸਾਲ ਅਰੰਭ ਕੀਤੀ।

ਜਦ ਗੁਰੂ ਸਾਹਿਬ ਤਲਵੰਡੀ ਸਾਬੋ ਤੋਂ ਦੱਖਣ ਵੱਲ ਚਲੇ ਗਏ ਤਾਂ ਭਾਈ ਮਨੀ ਸਿੰਘ ਜੀ ਗੁਰੂ ਜੀ ਦੇ ਹੁਕਮ ਅਨੁਸਾਰ ਸ੍ਰੀ ਅੰਮ੍ਰਿਤਸਰ ਪਰਤ ਆਏ। ੧੭੦੮ ਈ. ਵਿਚ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਅਤੇ ੧੭੧੬ ਈ. ਵਿਚ ਬਾਬਾ ਬੰਦਾ ਸਿਘ ਬਹਾਦਰ ਦੇ ਸ਼ਹੀਦ ਹੋ ਜਾਣ ਤੋਂ ਬਾਅਦ ਭਾਈ ਮਨੀ ਸਿੰਘ ਜੀ ਸਿੱਖਾਂ ਦੀ ਯੋਗ ਅਗਵਾਈ ਕਰਦੇ ਰਹੇ। ਮਾਤਾ ਸੁੰਦਰੀ ਜੀ ਦੇ ਦਿੱਲੀ ਤੋਂ ਚਿੱਠੀ ਲਿਖਣ ਉਪਰੰਤ ਭਾਈ ਸਾਹਿਬ ਨੇ 'ਤੱਤ ਖਾਲਸਾ' ਅਤੇ 'ਬੰਦਈ ਖਾਲਸਾ' ਦੇ ਆਪਸੀ ਮਤਭੇਦ ਨੂੰ ਖਤਮ ਕਰਨ ਲਈ ਵੀ ਆਪਣਾ ਯੋਗਦਾਨ ਪਾਇਆ।

ਕਾਫੀ ਲੰਮਾ ਸਮਾਂ ਭਾਈ ਮਨੀ ਸਿੰਘ ਜੀ ਦੀ ਯੋਗ ਅਗਵਾਈ ਹੇਠਾਂ ਸਿੱਖਾਂ ਨੂੰ ਜਿੰਨੇ ਵੀ ਮਸਲੇ ਦਰਪੇਸ਼ ਆਉਂਦੇ ਰਹੇ ਉਨ੍ਹਾਂ ਸਭਨਾਂ ਦੇ ਹੱਲ ਭਾਈ ਮਨੀ ਸਿੰਘ ਜੀ ਪੂਰਨ ਗੁਰ-ਮਰਯਾਦਾ ਅਨੁਸਾਰ ਕਰਦੇ ਰਹੇ। ਭਾਈ ਮਨੀ ਸਿੰਘ ਜੀ ਦੀ ਅਗਵਾਈ

ਵਿਚ ਪੰਥ ਦੀ ਚੜ੍ਹਦੀ ਕਲਾ ਹੁੰਦੀ ਗਈ।

ਸੰਨ ੧੭੩੩ ਈ. (ਸੰਮਤ ੧੭੯੦ ਬਿ.) ਵਿਚ ਜਦ ਦੀਵਾਲੀ (ਬੰਦੀ ਛੋੜ ਦਿਵਸ) ਪੁਰਬ ਨੇੜੇ ਆਇਆ ਤਾਂ ਭਾਈ ਮਨੀ ਸਿੰਘ ਜੀ ਨੇ ਇਸ ਪੁਰਬ ਨੂੰ ਮਨਾਉਣ ਹਿੱਤ ਲਾਹੌਰ ਜਾ ਕੇ ਜ਼ਕਰੀਆ ਖਾਨ ਨਾਲ ਲਾਹੌਰ ਦੇ ਨਾਮੀ ਸਿੰਘਾਂ ਰਾਹੀਂ ਗੱਲ ਤੋਰੀ ਕਿਉਂਕਿ ਸਿੱਖਾਂ ਉੱਤੇ ਸਖਤੀ ਦਾ ਦੌਰ ਅਜੇ ਖਤਮ ਨਹੀਂ ਸੀ ਹੋਇਆ। ਜਿਸ ਕਾਰਨ ਸ੍ਰੀ ਅੰਮ੍ਰਿਤਸਰ ਵਿਖੇ ਦੀਵਾਲੀ ਦਾ ਪੁਰਬ ਮਨਾਉਣ 'ਤੇ ਮੁਗ਼ਲਾਂ ਨੇ ਕੁਝ ਸਾਲਾਂ ਤੋਂ ਰੋਕ ਲਗਾਈ ਹੋਈ ਸੀ। ਸੂਬੇਦਾਰ ਨੇ ਸ੍ਰੀ ਅੰਮ੍ਰਿਤਸਰ ਵਿਖੇ ਦੀਵਾਲੀ ਮਨਾਉਣ ਦੀ ਇਜਾਜ਼ਤ ਤਾਂ ਦੇ ਦਿੱਤੀ ਪਰੰਤੂ ਇਸ ਦੇ ਇਵਜ਼ ਵਜੋਂ ਉਸ ਨੇ ਜਜ਼ੀਆ (ਟੈਕਸ) ਮੰਗਿਆ। ਭਾਈ ਸਾਹਿਬ ਨੇ ਜਜ਼ੀਏ ਦੀ ਰਕਮ ਦੀਵਾਲੀ ਦੇ ਮੇਲੇ ਪਿੱਛੋਂ ਦੇਣੀ ਮੰਨ ਲਈ।

ਸ੍ਰੀ ਅੰਮ੍ਰਿਤਸਰ ਵਿਖੇ ਮੇਲਾ ਮਨਾਉਣ ਵਾਸਤੇ ਭਾਈ ਸਾਹਿਬ ਨੇ ਚਿੱਠੀ-ਪੱਤਰਾਂ ਰਾਹੀਂ ਸਿੱਖਾਂ ਨੂੰ ਦੀਵਾਲੀ ਦੇ ਮੇਲੇ 'ਤੇ ਸ਼ਾਮਲ ਹੋਣ ਲਈ ਸ੍ਰੀ ਅੰਮ੍ਰਿਤਸਰ ਪੁੱਜਣ ਦੇ ਸੱਦੇ ਭੇਜ ਦਿੱਤੇ। ਪਰੰਤੂ ਸੂਬੇ ਦੇ ਦਿਲ ਵਿਚ ਖੋਟ ਆ ਜਾਣ ਕਾਰਨ ਹਕੂਮਤ ਨੇ ਦੀਵਾਲੀ ਦੇ ਦਿਨ ਸ੍ਰੀ ਅੰਮ੍ਰਿਤਸਰ ਵਿਖੇ ਇਕੱਠੇ ਹੋਣ ਵਾਲੇ ਸਿੱਖਾਂ ਨੂੰ ਖਤਮ ਕਰਨ ਦੀ ਸਾਜ਼ਿਸ਼ ਰਚ ਲਈ। ਇਸ ਗੱਲ ਦਾ ਜਦੋਂ ਭਾਈ ਸਾਹਿਬ ਨੂੰ ਪਤਾ ਲੱਗਾ ਤਾਂ ਭਾਈ ਸਾਹਿਬ ਨੇ ਸਿੰਘਾਂ ਰਾਹੀਂ ਸੁਨੇਹੇ ਭੇਜ ਕੇ ਸੰਗਤਾਂ ਨੂੰ ਸ੍ਰੀ ਅੰਮ੍ਰਿਤਸਰ ਆਉਣੋਂ ਰੋਕ ਦਿੱਤਾ। ਜਿਸ ਕਾਰਨ ਸ੍ਰੀ ਦਰਬਾਰ ਸਾਹਿਬ ਵਿਖੇ ਚੜ੍ਹਨ ਵਾਲੀ ਦਰਸ਼ਨੀ-ਭੇਟਾ ਬਹੁਤ ਘੱਟ ਚੜ੍ਹੀ। ਸਿੱਟੇ ਵਜੋਂ ਭਾਈ ਸਾਹਿਬ ਸੂਬੇਦਾਰ ਵਲੋਂ ਤੈਅ ਕੀਤੀ ਜਜ਼ੀਏ ਦੀ ਰਕਮ ਅਦਾ ਨਾ ਕਰ ਸਕੇ। ਪਰੰਤੂ ਸੂਬਾ-ਲਾਹੌਰ ਨੂੰ ਇਹ ਗੱਲ ਮਨਜ਼ੂਰ ਨਹੀਂ ਸੀ। ਜਦੋਂ ਸੂਬੇ ਨੂੰ ਕਰ ਨਾ ਮਿਲਣ ਕਾਰਨ ਉਸ ਨੇ ਜਦੋਂ ਭਾਈ ਮਨੀ ਸਿੰਘ ਦੀ ਜਵਾਬ ਤਲਬੀ ਕੀਤੀ ਤਾਂ ਭਾਈ ਸਾਹਿਬ ਨੇ ਸਾਰੀ ਸਥਿਤੀ ਬਾਰੇ ਸੂਚਿਤ ਕਰਨ ਲਈ ਭਾਈ ਭੂਪਤ ਸਿੰਘ ਤੇ ਭਾਈ ਗੁਲਜ਼ਾਰ ਸਿੰਘ ਨੂੰ ਲਾਹੌਰ ਭੇਜਿਆ ਤਾਂ ਜੋ ਸੂਬੇ ਨੂੰ ਸੂਚਿਤ ਕੀਤਾ ਜਾਏ ਕਿ ਸੰਗਤ ਘੱਟ ਆਉਣ ਕਰਕੇ ਮਾਇਆ ਘੱਟ ਇਕੱਠੀ ਹੋਈ ਹੈ ਜਿਸ ਕਾਰਨ ਟੈਕਸ ਦੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਸਿਰਫ ਸੇਵਾ ਸਿੰਘ ਭੱਟ ਦੇ ਹਵਾਲੇ ਅਨੁਸਾਰ ਇਹ ਵੀ ਮੰਨਿਆ ਜਾਂਦਾ ਹੈ ਕਿ ਭਾਈ ਸਾਹਿਬ ਨੇ ਜਜ਼ੀਏ ਦੀ ਇਹ ਰਕਮ ਵੈਸਾਖੀ ਦੇ ਪੁਰਬ ਤਕ ਤਾਰਨ ਦੀ ਮੁਹਲਤ ਵੀ ਲੈ ਲਈ ਸੀ। ਪਰੰਤੂ ਜਦ ਵੈਸਾਖੀ ਦਾ ਮੇਲਾ ਨੇੜੇ ਆਇਆ ਤਾਂ ਫਿਰ ਪਹਿਲਾਂ ਵਾਂਗ ਹੀ ਹਕੂਮਤ ਵੱਲੋਂ ਸਿੰਘਾਂ ਨੂੰ ਖਤਮ ਕਰਨ ਦੀ ਸਾਜ਼ਿਸ਼ ਰਚੀ ਗਈ। ਜਿਸ ਬਾਰੇ ਭਾਈ ਮਨੀ ਸਿੰਘ ਅਤੇ ਹੋਰ ਸਿੰਘਾਂ ਨੂੰ ਮੁੜ ਇਤਲਾਹ ਮਿਲ ਗਈ। ਦੀਵਾਲੀ ਦੇ ਮੇਲੇ ਵਾਂਗ ਵੈਸਾਖੀ ਦਾ ਮੇਲਾ ਵੀ ਨਾ ਮਨਾਇਆ ਗਿਆ ਤੇ ਨਾ ਹੀ ਮਾਇਆ ਇਕੱਤਰ ਹੋਈ।

ਭਾਈ ਮਨੀ ਸਿੰਘ ਜੀ ਨੂੰ ਫੜ ਕੇ ਹੋਰ ਮੁਖੀ ਸਿੱਖਾਂ ਸਮੇਤ ਲਾਹੌਰ ਲਿਜਾਇਆ

ਗਿਆ। ਫੜੇ ਗਏ ਸਾਰੇ ਸਿੰਘ-- ਭਾਈ ਗੁਲਜ਼ਾਰ ਸਿੰਘ, ਭਾਈ ਭੂਪਤ ਸਿੰਘ, ਭਾਈ ਮੁਹਕਮ ਸਿੰਘ, ਭਾਈ ਚੈਨ ਸਿੰਘ, ਭਾਈ ਕੀਰਤ ਸਿੰਘ, ਭਾਈ ਆਲਮ ਸਿੰਘ, ਭਾਈ ਅਉਲੀਆ ਸਿੰਘ, ਭਾਈ ਸੰਗਤ ਸਿੰਘ ਅਤੇ ਭਾਈ ਕਾਨ੍ਹ ਸਿੰਘ ਆਦਿ ਸਿੰਘਾਂ ਨੂੰ ਭਾਈ ਮਨੀ ਸਿੰਘ ਸਮੇਤ ਬੰਦੀ ਖਾਨੇ ਅੰਦਰ ਬਹੁਤ ਹੀ ਸਰੀਰਕ ਕਸ਼ਟ ਦਿੱਤੇ ਪਰੰਤੂ ਸਾਰੇ ਸਿੰਘ ਅਕਾਲ ਪੁਰਖ ਦੇ ਭਾਣੇ ਅੰਦਰ ਰਹਿ ਕੇ ਅਡੋਲ ਰਹੇ। ਭਾਈ ਸਾਹਿਬ ਨੂੰ ਜ਼ਕਰੀਆ ਖਾਨ ਨੇ ਬਾਕੀ ਰਹਿੰਦੇ ਸਿੰਘਾਂ ਨੂੰ ਫੜਾਉਣ ਦਾ ਹੁਕਮ ਕੀਤਾ ਪਰ ਭਾਈ ਸਾਹਿਬ ਨਾ ਮੰਨੇ। ਅੰਤ ਹਕੂਮਤ ਵੱਲੋਂ ਭਾਈ ਮਨੀ ਸਿੰਘ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰਨ ਦਾ ਹੁਕਮ ਦਿੱਤਾ।

ਅੰਤ ਭਾਈ ਸਾਹਿਬ ਨੂੰ ਸੰਨ ੧੭੩੪ ਈ. ਨੂੰ ਲਾਹੌਰ ਦੇ ਨਖਾਸ ਚੌਂਕ ਵਿਖੇ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ। ਇਨ੍ਹਾਂ ਦੇ ਨਾਲ ਇਨ੍ਹਾਂ ਦੇ ਦੋ ਸਪੁੱਤਰ ਭਾਈ ਚਿੱਤ੍ਰ ਸਿੰਘ ਅਤੇ ਭਾਈ ਗੁਰਬਖਸ਼ ਸਿੰਘ ਨੂੰ ਵੀ ਸ਼ਹੀਦ ਕੀਤਾ ਗਿਆ। ਭਾਈ ਭੂਪਤ ਸਿੰਘ ਦੀਆਂ ਅੱਖਾਂ ਕੱਢ ਕੇ ਚਰਖੜੀ 'ਤੇ ਚਾੜ ਕੇ ਅਤੇ ਭਾਈ ਗੁਲਜ਼ਾਰ ਸਿੰਘ ਨੂੰ ਪੁੱਠਾ ਲਟਕਾ ਕੇ ਖੱਲ ਲਾਹ ਕੇ ਸ਼ਹੀਦ ਕੀਤਾ।

*ਮਨੀ ਸਿੰਘ ਕੇ ਸਾਥ ਜੋ ਫੜੇ ਸਿੰਘ ਥੇ ਔਰ।*
*ਮਾਰੇ ਚਰਖ ਚੜ੍ਹਾਇਕੈ ਚੌਕ ਨਿਕਾਸ ਲਹੌਰ।* *(ਪੰਥ ਪ੍ਰਕਾਸ਼)*

ਭਾਈ ਮਨੀ ਸਿੰਘ ਦੀ ਉਮਰ ਉਸ ਸਮੇਂ ਲੱਗਭਗ ੯੦ ਵਰ੍ਹਿਆਂ ਦੀ ਸੀ ਜਿਸ ਵਿੱਚੋਂ ਲੱਗਭਗ ੭੭ ਵਰ੍ਹੇ ਪੰਥ ਦੀ ਸੇਵਾ ਵਿਚ ਲਗਾਏ। ਭਾਈ ਸਾਹਿਬ ਦੀ ਜਿੱਥੇ ਆਪਣੀ ਸ਼ਹੀਦੀ ਅਦੁੱਤੀ ਤੇ ਲਾਸਾਨੀ ਹੈ, ਉੱਥੇ ਉਨ੍ਹਾਂ ਦੇ ਪਰਿਵਾਰ ਦੇ ਵੱਖ-ਵੱਖ ਜੀਆਂ, ਭਰਾਵਾਂ, ਪੁੱਤਰਾਂ, ਪੋਤਰਿਆਂ ਨੇ ਵੀ ਵੱਖ-ਵੱਖ ਸਮੇਂ ਵੱਖ-ਵੱਖ ਸਥਾਨਾਂ 'ਤੇ ਆਪਣਾ ਜੀਵਨ ਪੰਥ ਦੇ ਲੇਖੇ ਲਾ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ।

**ਸਹਾਇਕ ਪੁਸਤਕਾਂ:**

*ਭਾਈ ਮਨੀ ਸਿੰਘ: ਜੀਵਨੀ ਤੇ ਰਚਨਾ;* ਡਾ. ਰਤਨ ਸਿੰਘ ਜੱਗੀ
*ਸਿੱਖ ਪੰਥ ਵਿਸ਼ਵ ਕੋਸ਼:* ਡਾ. ਰਤਨ ਸਿੰਘ ਜੱਗੀ।
*ਪ੍ਰਮੁੱਖ ਸਿੱਖ ਸ਼ਖ਼ਸੀਅਤਾਂ:* ਸੰਪਾਦਕ: ਸ. ਰੂਪ ਸਿੰਘ
*ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ:* ਗਿਆਨੀ ਕਿਰਪਾਲ ਸਿੰਘ
*ਪੰਥ ਪ੍ਰਕਾਸ਼:* ਗਿਆਨੀ ਗਿਆਨ ਸਿੰਘ

■

# ਭਾਈ ਤਾਰੂ ਸਿੰਘ ਜੀ ਦੀ ਲਾਸਾਨੀ ਸ਼ਹੀਦੀ

*-ਡਾ. ਗੁਰਚਰਨ ਸਿੰਘ**

ਸਿੱਖ ਇਤਿਹਾਸ ਵਿਚ ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਇਕ ਐਸੀ ਸ਼ਹਾਦਤ ਹੈ ਜਿਸ ਨੇ ਜ਼ਿੰਦਗੀ ਅਤੇ ਮੌਤ ਦੇ ਘੋਲ ਨੂੰ ਇਕ ਨਵੇਂ ਰੂਪ ਵਿਚ ਸੰਸਾਰ ਦੇ ਸਾਹਮਣੇ ਲਿਆਂਦਾ ਅਤੇ ਕੇਸ ਗੁਰੂ ਦੀ ਮੋਹਰ ਅਤੇ ਸਿੱਖ ਦੀ ਪਛਾਣ ਹਨ ਦੇ ਗੁਰ-ਹੁਕਮਾਂ ਦੀ ਪਾਲਣਾ ਕਰਦਿਆਂ ਭਾਈ ਤਾਰੂ ਸਿੰਘ ਨੇ ਆਪਣੀ ਖੋਪਰੀ ਉਤਰਵਾ ਕੇ ਵੀ ਸਿੱਖੀ ਨੂੰ ਕੇਸਾਂ ਸੁਵਾਸਾਂ ਨਾਲ ਨਿਭਾਉਣ ਦਾ ਪ੍ਰਣ ਪੂਰਾ ਕੀਤਾ। ਜਦੋਂ ਮੁਸਲਮਾਨੀ ਤਾਕਤ ਹਿੰਦੁਸਤਾਨ ਵਿਚ ਆਉਣ ਨਾਲ ਮੁਗ਼ਲ ਹਕੂਮਤ ਪੱਕੇ ਪੈਰੀਂ ਹੋ ਗਈ ਤਾਂ ਉਸ ਨੇ ਸਾਰੇ ਹਿੰਦੁਸਤਾਨ ਨੂੰ ਇਸਲਾਮ ਧਰਮ ਵਿਚ ਲਿਆਉਣ ਦੇ ਨਿਸ਼ਚੇ ਦੀ ਪੂਰਤੀ ਹਿੱਤ ਹਕੂਮਤ ਦੇ ਸਾਰੇ ਵਸੀਲੇ ਵਰਤੋਂ ਵਿਚ ਲਿਆਂਦੇ। ਇਸਲਾਮ ਵਿਚ ਜਬਰੀ ਮਜ਼ਹਬੀ ਬਦਲਾਉਣਾ ਜਾਇਜ਼ ਹੈ। ਇਸ ਲਈ ਮੁਸਲਮਾਨੀ ਹਕੂਮਤ ਨੇ ਹਰ ਜਾਇਜ਼ ਤੇ ਨਜਾਇਜ਼ ਢੰਗ ਵਰਤ ਕੇ ਦੂਜੇ ਧਰਮਾਂ ਵਾਲਿਆਂ 'ਤੇ ਅਜਿਹੇ ਜ਼ੁਲਮ ਢਾਹੇ ਕਿ ਸ਼ੈਤਾਨ ਵੀ ਤੋਬਾ ਕਰ ਉਠਿਆ। ਇਸ ਮਜ਼ਹਬੀ ਜਨੂੰਨ ਤੇ ਜ਼ੁਲਮ ਦੀ ਹਨ੍ਹੇਰੀ ਨੂੰ ਠੱਲਣ ਲਈ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤੱਤੀ ਤਵੀ 'ਤੇ ਬੈਠੇ ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਸੀਸ ਬਲੀਦਾਨ ਕੀਤਾ ਅਤੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਰਬੰਸ ਹੀ ਵਾਰ ਦਿੱਤਾ। ੧੭੧੬ ਈ. ਵਿਚ ਬਾਬਾ ਬੰਦਾ ਸਿੰਘ ਜੀ ਦੀ ਦਰਦਨਾਕ ਸ਼ਹਾਦਤ ਮਗਰੋਂ ਮੁਗ਼ਲਾਂ ਦੇ ਇਸਲਾਮਿਕ ਆਤੰਕ ਦੇ ਜ਼ੁਲਮ ਦੇ ਝੱਖੜ ਨੇ ਅਜਿਹਾ ਭਿਆਨਕ ਰੂਪ ਧਾਰ ਲਿਆ ਕਿ ਇਨਸਾਨੀ ਤਵਾਰੀਖ਼ ਵਿਚ ਉਸ ਨਿਰਦਈਪੁਣੇ ਦੀ ਨਜ਼ੀਰ ਕਿਤੇ ਵੀ ਨਹੀਂ ਮਿਲਦੀ। ਭਾਈ ਤਾਰੂ ਸਿੰਘ ਜੀ ਵੀ ਮੁਸਲਮਾਨਾ ਦੀ ਜ਼ਬਰੀ ਧਰਮ ਬਦਲਾਉਣ ਦੀ ਨੀਤੀ ਦਾ ਸ਼ਿਕਾਰ ਹੋਏ ਸਨ।

ਅਠਾਰ੍ਹਵੀਂ ਸਦੀ ਦਾ ਬਹੁਤਾ ਸਮਾਂ ਸਿੱਖਾਂ ਲਈ ਬੜੀ ਕਰੜੀ ਪ੍ਰੀਖਿਆ ਦਾ ਸਮਾਂ ਰਿਹਾ ਹੈ। ਇਕ ਪਾਸੇ ਮੁਗ਼ਲ, ਈਰਾਨੀ ਤੇ ਅਫ਼ਗਾਨ ਪੰਜਾਬ ਵਿਚ ਆਪਣੀ ਹਕੂਮਤ ਨੂੰ ਤਕੜਾ ਕਰਨ ਦੇ ਯਤਨ ਕਰ ਰਹੇ ਸਨ ਤੇ ਦੂਜੇ ਪਾਸੇ ਉਨ੍ਹਾਂ ਦੇ ਟਾਕਰੇ ਲਈ ਸਿੱਖ ਲਹਿਰ ਦੇਸ਼ ਨੂੰ ਗ਼ੁਲਾਮੀ ਤੋਂ ਮੁਕਤ ਕਰਾਉਣ ਅਤੇ ਸਾਰੇ ਵਸਨੀਕਾਂ ਲਈ ਇੱਕੋ ਜਿਹੇ ਹੱਕ ਪ੍ਰਾਪਤ ਕਰਨ ਲਈ ਪੂਰੀ ਜਦੋ-ਜਹਿਦ ਕਰ ਰਹੀ ਸੀ। ਇਸ ਜੱਦੋ-ਜਹਿਦ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਅਤੇ ਖਾਲਸਾ ਰਾਜ ਦੀ

**18, Guru Arjun Nagar, Sophia Girls School Rd, Railway Colony, Saharanpur-247001 (UP) Ph: 0132-2727843*

ਸਥਾਪਨਾ ਦੇ ਵਿਚਕਾਰਲੇ ਸਮੇਂ ਵਿਚ ਅਨੇਕ ਵਾਰ ਸਿੱਖਾਂ ਦਾ ਕਤਲ-ਏ-ਆਮ ਹੋਇਆ। ਬੇਗੁਨਾਹਾਂ ਨੂੰ ਸਿਰਫ ਇਸ ਲਈ ਲਾਹੌਰ ਲਿਆ ਕੇ ਭਿਆਨਕ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਕਿਉਂਕਿ ਉਹ ਸਿੱਖ ਸਨ। ਇਸ ਘੋਰ ਅੰਧਕਾਰ ਦੇ ਸਮੇਂ ਅਬਦੁਸ ਸਮਦ ਖਾਂ ਪੰਜਾਬ ਦਾ ਗਵਰਨਰ ਸੀ। ਉਸ ਦੀ ਸਖਤੀ ਕਾਰਨ ਸਿੱਖ ਆਪਣੀ ਜਾਨ ਬਚਾਉਣ ਲਈ ਛੁਪ ਗਏ। ਉਧਰੋਂ ਦਿੱਲੀ ਦੇ ਹੁਕਮਰਾਨ ਫ਼ਰੁੱਖਸੀਅਰ ਨੇ ਫੁਰਮਾਨ ਜਾਰੀ ਕਰ ਦਿੱਤੇ ਕਿ ਜਿੱਥੇ ਵੀ ਕੋਈ ਸਿੱਖ ਮਿਲ ਜਾਵੇ ਉਸ ਨੂੰ ਇਸਲਾਮ ਨਾ ਕਬੂਲਣ 'ਤੇ ਕਤਲ ਕਰ ਦਿੱਤਾ ਜਾਵੇ। ਹੁਣ ਸਿੱਖ ਨੂੰ ਇਸਲਾਮ ਅਤੇ 'ਮੌਤ' ਵਿੱਚੋਂ ਇੱਕ ਦੀ ਚੋਣ ਕਰਨੀ ਪੈਂਦੀ ਸੀ, ਪਰ ਸਿੱਖਾਂ ਨੇ ਕਦੇ ਵੀ ਧਰਮ ਤਬਦੀਲੀ ਨਹੀਂ ਕੀਤੀ, ਸਗੋਂ ਸਿੱਖੀ ਦੇ ਪ੍ਰਣ ਨੂੰ ਪਾਲਦਿਆਂ ਮੌਤ ਨੂੰ ਹੀ ਕਬੂਲਿਆ। ੧੭੧੬ ਈ. ਤੋਂ ੧੭੨੬ ਈ. ਤਕ ਅਬਦੁਸ ਸਮਦ ਖਾਂ ਨੇ ਸਿੱਖਾਂ 'ਤੇ ਬਹੁਤ ਜ਼ੁਲਮ ਢਾਹੇ। ਉਸ ਦੇ ਨਾਲ ਸਰਹੰਦ ਤੇ ਜੰਮੂ ਦੇ ਗਵਰਨਰ ਫ਼ਰੁੱਖਸੀਅਰ ਨੂੰ ਖੁਸ਼ ਕਰਨ ਲਈ ਇਸ ਕੰਮ ਵਿਚ ਇਕ ਦੂਸਰੇ ਤੋਂ ਅੱਗੇ ਨਿਕਲਣ ਦਾ ਯਤਨ ਕਰ ਰਹੇ ਸਨ। ਉਨ੍ਹਾਂ ਨੇ ਪਿੰਡਾਂ ਦੇ ਮੁਖੀਆਂ ਤੋਂ ਲਿਖਿਤ ਰੂਪ ਵਿਚ ਲੈ ਲਿਆ ਕਿ ਉਨ੍ਹਾਂ ਦੀ ਹੱਦ ਅੰਦਰ ਕਿਸੇ ਸਿੱਖ ਨੂੰ ਰਹਿਣ ਨਹੀਂ ਦਿੱਤਾ ਜਾਵੇਗਾ। ਇਸ ਭਿਆਨਕ ਸਮੇਂ ਸਿੱਖਾਂ ਦੇ ਰਹਿਣ ਵਾਸਤੇ ਸ਼ਿਵਾਲਕ ਦੀਆਂ ਪਹਾੜੀਆਂ, ਮਾਲਵੇ ਦੇ ਮਾਰੂਥਲ ਅਤੇ ਲੱਖੀ ਦਾ ਜੰਗਲ ਹੀ ਥਾਹਰ ਸਥਲ ਬਣ ਗਏ ਸਨ। ਸਿੱਖਾਂ ਪਾਸੋਂ ਮੁ਼ਗਲ ਹਕੂਮਤ ਨੇ ਨਾਗਰਿਕ ਹੋਣ ਦੇ ਸਾਰੇ ਹੱਕ ਖੋਹ ਲਏ ਤਾਂ ਉਨ੍ਹਾਂ ਨੂੰ ਮਜ਼ਬੂਰ ਹੋ ਕੇ ਇਹ ਰਸਤਾ ਅਪਣਾਉਣਾ ਪਿਆ ਕਿ ਜਿੱਥੇ ਵੀ ਅਤੇ ਜਦੋਂ ਵੀ ਉਨ੍ਹਾਂ ਨੂੰ ਸਰਕਾਰੀ ਖ਼ਜ਼ਾਨਾ ਅਤੇ ਹੋਰ ਕੁਝ ਮਿਲ ਜਾਂਦਾ, ਉਹ ਹਰ ਹੀਲੇ ਪ੍ਰਾਪਤ ਕਰਨ ਤੋਂ ਸੰਕੋਚ ਨਹੀਂ ਕਰਦੇ ਸਨ। ਹਕੂਮਤ ਵੱਲੋਂ ਹਰ ਸਿੱਖ ਦੇ ਸਿਰ ਦਾ ਮੁੱਲ ੨੫ ਰੁਪਏ ਅਤੇ ਜੀਉਂਦੇ ਸਿੱਖ ਨੂੰ ਫੜ ਕੇ ਲਿਆਉਣ ਦੇ ੧੦੦ ਰੁਪਏ ਨਿਯਤ ਕੀਤੇ ਗਏ।

੧੭੨੬ ਈ. ਵਿਚ ਅਬਦੁਸ ਸਮਦ ਖਾਂ ਦੇ ਬੁੱਢੇ ਹੋ ਜਾਣ ਨਾਲ ਉਸ ਨੂੰ ਮੁਲਤਾਨ ਦਾ ਗਵਰਨਰ ਬਣਾ ਦਿੱਤਾ ਗਿਆ ਅਤੇ ਉਸ ਦਾ ਪੁੱਤਰ ਜ਼ਕਰੀਆ ਖਾਂ ਜਿਹੜਾ ਕਿ ਖਾਨ ਬਹਾਦਰ ਕਰ ਕੇ ਜਾਣਿਆ ਜਾਂਦਾ ਸੀ, ਲਾਹੌਰ ਦਾ ਗਵਰਨਰ ਨਿਯੁਕਤ ਹੋਇਆ। ਜ਼ਕਰੀਆ ਖਾਨ ਆਪਣੇ ਜ਼ਾਲਮ ਪਿਤਾ ਤੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਸੀ। ਉਸ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਹੋਰ ਵੀ ਤੇਜ਼ੀ ਨਾਲ ਜ਼ੁਲਮ ਢਾਉਣੇ ਸ਼ੁਰੂ ਕਰ ਦਿੱਤੇ। ਉਸ ਨੇ ਜੰਗਲਾਂ, ਮਾਰੂਥਲਾਂ ਅਤੇ ਪਹਾੜਾਂ ਵਿਚ ਸਿੰਘਾਂ ਦਾ ਸ਼ਿਕਾਰ ਕਰਨ ਲਈ ਤਾਜੀਰੀ ਪਾਰਟੀਆਂ ਸੰਗਠਤ ਕੀਤੀਆਂ। ਜਿੱਥੇ ਵੀ ਕੋਈ ਸਿੱਖ ਨਜ਼ਰੀਂ ਆਉਂਦਾ, ਉਸ ਨੂੰ ਪਕੜ ਕੇ ਲਾਹੌਰ ਦੇ ਨਖਾਸ ਚੌਂਕ 'ਤੇ ਲਿਜਾ ਕੇ ਤਸੀਹੇ ਦੇਣ ਉਪਰੰਤ ਕਤਲ ਕਰ ਦਿੱਤਾ ਜਾਂਦਾ। ਇਹ ਸਭ ਕੁਝ ਹੁੰਦਿਆਂ ਵੀ ਸਿੰਘਾਂ ਨੇ ਹਿੰਮਤ ਨਹੀਂ ਛੱਡੀ ਕਿਉਂਕਿ ਉਨ੍ਹਾਂ ਦੇ ਸਾਹਮਣੇ ਸਿੱਖੀ ਅਤੇ ਸ਼ਹਾਦਤਾਂ ਦਾ

ਗੌਰਵਮਈ ਇਤਿਹਾਸ ਸੀ, ਜਿਸ ਤੋਂ ਉਹ ਪ੍ਰੇਰਣਾ ਲੈਂਦੇ ਸਨ। ਜ਼ਕਰੀਆ ਖਾਨ ਇਤਨੀ ਹਕੂਮਤ ਅਤੇ ਫੌਜ ਦਾ ਮਾਲਕ ਹੁੰਦਿਆਂ ਵੀ ਸਿੱਖਾਂ ਨੂੰ ਕਾਬੂ ਨਾ ਕਰ ਸਕਿਆ। ਲਾਚਾਰ ਹੋ ਕੇ ਉਸ ਨੇ ਭਾਈ ਸੁਬੇਗ ਸਿੰਘ ਰਾਹੀਂ ਸਿੱਖਾਂ ਕੋਲ ਸੁਨੇਹਾ ਭੇਜਿਆ ਕਿ ਉਨ੍ਹਾਂ ਦਾ ਮੁਖੀ ਮੁਗ਼ਲ ਸਰਕਾਰ ਪਾਸੋਂ 'ਨਵਾਬ' ਦਾ ਖ਼ਿਤਾਬ ਅਤੇ ਇੱਕ ਲੱਖ ਦੀ ਜਾਗੀਰ ਲੈ ਲਵੇ ਅਤੇ ਸਿੱਖ ਸ਼ਾਂਤੀ ਨਾਲ ਰਹਿਣ। ਪਹਿਲਾਂ ਤਾਂ ਸਿੱਖ ਇਸ ਸਮਝੌਤੇ ਨੂੰ ਨਾ ਮੰਨੇ, ਪਰੰਤੂ ਪਿੱਛੋਂ ਸਰਬ-ਸੰਮਤੀ ਨਾਲ ਫੈਸਲਾ ਕਰਨ 'ਤੇ ਇਹ ਪਦਵੀ ਪੱਖਾ ਝੱਲਣ ਦੀ ਸੇਵਾ ਕਰ ਰਹੇ ਸ. ਕਪੂਰ ਸਿੰਘ ਨੂੰ ਦੇ ਦਿੱਤੀ ਗਈ। ਜ਼ਕਰੀਆ ਖਾਨ ਤੇ ਸਿੱਖਾਂ ਵਿਚਕਾਰ ਇਹ ਸਮਝੌਤਾ ੧੭੩੩ ਈ. ਵਿਚ ਹੋਇਆ। ਜ਼ਕਰੀਆ ਖਾਨ ਨੇ ਸੋਚਿਆ ਕਿ ਇਸ ਪ੍ਰਕਾਰ ਸਿੱਖ ਸਰਕਾਰੀ ਖਜ਼ਾਨਿਆਂ ਦੀ ਲੁੱਟ-ਮਾਰ ਛੱਡ ਕੇ ਖੇਤੀ ਦੀ ਵਾਹੀ ਦੇ ਕੰਮ ਅਤੇ ਹੋਰ ਵਿਹਾਰਾਂ ਵਿਚ ਪੈ ਜਾਣਗੇ, ਪਰ ਇਹ ਉਸ ਦਾ ਭੁਲੇਖਾ ਸੀ। ਸਿੰਘ ਤਾਂ ਹੁਣ ਪੂਰਨ ਰੂਪ ਵਿਚ ਸਿਪਾਹੀ ਬਣ ਚੁੱਕੇ ਸਨ। ਉਨ੍ਹਾਂ ਨੇ ਸਾਰਾ ਬਾਰੀ ਦੁਆਬ ਉਜਾੜ ਦਿੱਤਾ। ਸਤਲੁਜ ਪਾਰ ਪੁੱਜ ਕੇ ਮਾਲਵੇ ਪਹੁੰਚੇ ਤੇ ਉੱਥੇ ਆਲਾ ਸਿੰਘ ਦੀ ਛੋਟੀ ਜਿਹੀ ਰਿਆਸਤ ਪਟਿਆਲਾ ਕਾਇਮ ਕਰਨ ਵਿਚ ਸਹਾਇਤਾ ਕੀਤੀ। ਇਨ੍ਹਾਂ ਸਰਗਰਮੀਆਂ ਕਾਰਨ ਸਿੱਖਾਂ ਨੂੰ ਦਿੱਤੀ ਜਾਗੀਰ ਜ਼ਬਤ ਕਰ ਲਈ ਗਈ ਅਤੇ ਸਿੱਖਾਂ ਦੇ ਵਿਰੁੱਧ ਹੋਰ ਕਰੜੀ ਕਾਰਵਾਈ ਕਰਨੀ ਅਰੰਭ ਦਿੱਤੀ ਗਈ।

੧੭੩੪ ਈ. ਵਿਚ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਜ਼ਕਰੀਆ ਖਾਨ ਦੇ ਜ਼ੁਲਮ ਦੀ ਇਕ ਹੋਰ ਦਰਦਨਾਕ ਦਾਸਤਾਨ ਸਾਹਮਣੇ ਲਿਆਉਂਦੀ ਹੈ। ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਨੇ ਸਿੱਖਾਂ ਦੇ ਹਿਰਦੇ ਵਿਚ ਹਕੂਮਤ ਦੇ ਖ਼ਿਲਾਫ਼ ਲਾਂਬੂ ਲਾ ਦਿੱਤੇ ਅਤੇ ਉਹ ਬਦਲਾ ਲੈਣ ਲਈ ਮੌਕੇ ਦੀ ਉਡੀਕ ਕਰਨ ਲੱਗੇ। ਜਦੋਂ ਅਗਲੇ ਸਾਲ ਨਾਦਰਸ਼ਾਹ ਨੇ ਹਮਲਾ ਬੋਲਿਆ ਤਾਂ ਉਹ ਦਿੱਲੀ ਤੇ ਹੋਰ ਥਾਵਾਂ ਦੀ ਲੁੱਟਮਾਰ ਕਰ ਕੇ ਵਾਪਸ ਪਰਤ ਰਿਹਾ ਸੀ ਤਾਂ ਸਿੱਖਾਂ ਦੇ ਜਥੇ ਉਸ ਦੀ ਫੌਜ ਦੇ ਪਿਛਲੇ ਹਿੱਸੇ 'ਤੇ ਟੁੱਟ ਕੇ ਪੈ ਗਏ ਅਤੇ ਸ਼ਾਹੀ ਖ਼ਜ਼ਾਨੇ ਦਾ ਬਹੁਤ ਸਾਰਾ ਹਿੱਸਾ ਲੁੱਟ ਲਿਆ। ਇਸ ਪੁਰ ਨਾਦਰ ਸ਼ਾਹ ਨੇ ਜ਼ਕਰੀਆ ਖਾਨ ਨੂੰ ਸੁਚੇਤ ਕਰਦਿਆਂ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਇਹ ਬਾਗੀ ਸਿੱਖ ਰਾਜ ਦੇ ਮਾਲਕ ਬਣ ਜਾਣਗੇ। ਨਾਦਰ ਸ਼ਾਹ ਦੀ ਇਸ ਚਿਤਾਵਨੀ ਨਾਲ ਜ਼ਕਰੀਆ ਖਾਨ ਨੂੰ ਸਿੱਖਾਂ ਵੱਲੋਂ ਹੋਰ ਖ਼ਤਰਾ ਮਹਿਸੂਸ ਹੋਣ ਲੱਗਾ ਅਤੇ ਉਸ ਨੇ ਸਿੰਘਾਂ ਦਾ ਖੁਰਾ ਖੋਜ ਮਿਟਾਉਣ ਲਈ ਹੋਰ ਸਖਤ ਕਦਮ ਉਠਾਏ। ਸਿੰਘਾਂ ਨੂੰ ਪਕੜਨ ਲਈ ਗਸ਼ਤੀ ਦਸਤੇ ਕਾਇਮ ਕੀਤੇ। ਉਸ ਨੇ ਇਸ ਮੁਹਿੰਮ ਵਿਚ ਸਹਾਇਤਾ ਕਰਨ ਵਾਲਿਆਂ ਲਈ ਇਨਾਮਾਂ ਦੀ ਸੂਚੀ ਦਾ ਐਲਾਨ ਕੀਤਾ ਜੋ ਇਸ ਪ੍ਰਕਾਰ ਸੀ-- (ੳ) ਜੇ ਕੋਈ ਸਿੱਖ ਦੇ ਕੇਸ ਕਤਲ ਕਰੇ, ਉਸ ਨੂੰ ਇਕ ਕੰਬਲ ਅਤੇ ਇਕ ਬਿਸਤਰਾ ਇਨਾਮ ਵਜੋਂ ਮਿਲਦਾ ਸੀ, (ਅ) ਜਿਹੜਾ ਸਿੱਖਾਂ ਦੇ ਆਲੇ-ਦੁਆਲੇ

ਦੀ ਖ਼ਬਰ ਦੇਵੇ, ਉਸ ਨੂੰ ਦਸ ਰੁਪਏ ਦਿੱਤੇ ਜਾਂਦੇ ਸਨ, (ੲ) ਜੇ ਕੋਈ ਸਿੱਖ ਨੂੰ ਕਤਲ ਕਰਦਾ ਸੀ ਜਾਂ ਫੜਾਉਂਦਾ ਸੀ, ਉਸ ਨੂੰ ਪੰਜਾਹ ਰੁਪਏ ਦਾ ਇਨਾਮ ਮਿਲਦਾ ਸੀ। ਇਸ ਐਲਾਨ ਦੇ ਹੁੰਦਿਆਂ ਹੀ ਸਿੱਖ ਫਿਰ ਪਹਾੜਾਂ, ਜੰਗਲਾਂ ਤੇ ਮਾਰੂਥਲਾਂ ਵਿਚ ਜਾ ਛੁਪੇ। ਜਦੋਂ ਵੀ ਕਿਸੇ ਨੂੰ ਕੋਈ ਸਿੱਖ ਨਜ਼ਰ ਆ ਜਾਂਦਾ ਤਾਂ ਉਸ ਨੂੰ ਵੇਖਣ ਵਾਲੇ ਸਾਰੇ ਇਸ ਤਰ੍ਹਾਂ ਸਿੱਖ ਆ ਗਿਆ ! ਸਿੱਖ ਆ ਗਿਆ ! ਚਿਲਾਉਣ ਲੱਗਦੇ ਅਤੇ ਹਥਿਆਰ ਲੈ ਕੇ ਉਸ ਨੂੰ ਮਾਰਨ ਲਈ ਪਿੱਛੇ ਦੌੜਦੇ ਪਰ ਸਿੱਖ ਤਤਕਾਲ ਹੀ ਅਲੋਪ ਹੋ ਜਾਂਦੇ। ਸਿੱਖਾਂ ਵਿਰੁੱਧ ਮੁਖ਼ਬਰੀ ਕਰਨ ਵਾਲਿਆਂ ਵਿਚ ਛੀਨਾ ਨਿਵਾਸੀ 'ਕਰਮਾ', ਤਲਵੰਡੀ ਨਿਵਾਸੀ 'ਰਾਮਾ' ਜੰਡਿਆਲਾ ਨਿਵਾਸੀ ਹਰਿਭਗਤ ਨਿਰੰਜਨੀਆ ਆਦਿ ਦੇ ਨਾਮ ਪ੍ਰਸਿੱਧ ਹਨ।

ਸਿੰਘਾਂ ਵਿਰੁੱਧ ਹਕੂਮਤ ਦੇ ਜ਼ੁਲਮ ਦੀ ਇੰਤਹਾ ਹੋਣ ਦੇ ਨਾਲ ਹੀ ਸਿੱਖ ਗੁਰਧਾਮਾਂ ਦੀ ਬੇਅਦਬੀ ਵੀ ਜ਼ਕਰੀਆ ਖਾਨ ਦੀ ਹਕੂਮਤ ਵੱਲੋਂ ਸ਼ੁਰੂ ਹੋ ਗਈ। ਇਸ ਵੇਲੇ ਸ੍ਰੀ ਅੰਮ੍ਰਿਤਸਰ ਮੱਸੇ ਰੰਘੜ ਦੇ ਕਬਜ਼ੇ ਵਿਚ ਸੀ ਤੇ ਉਹ ਪਵਿੱਤਰ ਦਰਬਾਰ ਸਾਹਿਬ ਦੇ ਸਥਾਨ 'ਤੇ ਬੈਠ ਕੇ ਸ਼ਰਾਬ ਪੀਂਦਾ ਅਤੇ ਕੰਜਰੀਆਂ ਦੇ ਨਾਚ ਕਰਾਉਂਦਾ ਸੀ। ਸਿੱਖ ਮਾਰੇ ਮਾਰੇ ਛੁਪ ਛਿਪਾ ਕੇ ਦਿਨ ਕੱਟ ਰਹੇ ਸਨ। ਜਦੋਂ ਬੀਕਾਨੇਰ ਵਿਖੇ ਭਾਈ ਮਹਿਤਾਬ ਸਿੰਘ ਮੀਰਾਂਕੋਟੀਏ ਨੂੰ ਮੱਸੇ ਰੰਘੜ ਵੱਲੋਂ ਕੀਤੀ ਜਾ ਰਹੀ ਇਸ ਘੋਰ ਬੇਅਦਬੀ ਦਾ ਪਤਾ ਲੱਗਾ ਤਾਂ ਉਹ ਭਾਈ ਸੁੱਖਾ ਸਿੰਘ ਮਾੜੀ ਕੰਬੋ ਕੇ ਨੂੰ ਨਾਲ ਲੈ ਕੇ ਮੁਸਲਮਾਨੀ ਭੇਸ ਧਾਰ ਕੇ ਸ੍ਰੀ ਅੰਮ੍ਰਿਤਸਰ ਆਏ। ਸ੍ਰੀ ਹਰਿਮੰਦਰ ਸਾਹਿਬ ਅੰਦਰ ਦਾਖਲ ਹੋਣ ਸਮੇਂ ਉਨ੍ਹਾਂ ਦੇ ਹੱਥਾਂ ਵਿਚ ਠੀਕਰੀਆਂ ਦੀਆਂ ਥੈਲੀਆਂ ਸਨ ਜਿਨ੍ਹਾਂ ਬਾਰੇ ਚੋਬਦਾਰਾਂ ਸਮਝਿਆ ਕਿ ਕਿਸੇ ਪਿੰਡ ਦੇ ਚੌਧਰੀ ਮਾਮਲਾ ਤੇ ਨਜ਼ਰਾਨਾ ਲੈ ਕੇ ਆਏ ਹਨ। ਦੋਹਾਂ ਸਿੰਘਾਂ ਨੇ ਅੰਦਰ ਪਹੁੰਚਦਿਆਂ ਹੀ ਇਹ ਥੈਲੀਆਂ ਮੱਸੇ ਰੰਘੜ ਅੱਗੇ ਰੱਖੀਆਂ, ਜਦ ਮੱਸਾ ਇਹ ਥੈਲੀਆਂ ਲੈਣ ਲੱਗਾ ਤਾਂ ਸਿੰਘਾਂ ਨੇ ਬਿਜਲੀ ਦੀ ਫੁਰਤੀ ਨਾਲ ਮੱਸੇ ਰੰਘੜ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ। ਸਭ ਦੇ ਵੇਖਦਿਆਂ ਦੋਵੇਂ ਹੀ ਪਲਾਂ ਵਿਚ ਘੋੜਿਆਂ 'ਤੇ ਪਲਾਕੀ ਮਾਰ ਕੇ ਬਚ ਕੇ ਨਿਕਲ ਗਏ। ਇਹ ਘਟਨਾ ਅਗਸਤ ੧੭੪੦ ਈ. ਦੀ ਹੈ। ਜ਼ਕਰੀਆ ਖਾਨ ਵੱਲੋਂ ਹਰਿਭਗਤ ਜੰਡਿਆਲੇ ਦੇ ਜ਼ਿੰਮੇ ਲਾਇਆ ਗਿਆ ਕਿ ਉਹ ਕਾਤਲ ਨੂੰ ਫੜਾਵੇ। ਉਸ ਵੱਲੋਂ ਸੂਹ ਦੱਸਣ ਤੇ ਭਾਈ ਮਹਿਤਾਬ ਸਿੰਘ ਦੇ ਪਿੰਡ ਮੀਰਾਂਕੋਟ ਨੂੰ ਨੂਰ-ਉਦ-ਦੀਨ ਦੀ ਕਮਾਂਡ ਹੇਠ ਘੇਰ ਲਿਆ ਗਿਆ। ਉਹ ਆਪ ਤਾਂ ਪਿੰਡ ਵਿਚ ਨਾ ਮਿਲਿਆ, ਉਸ ਦੇ ਛੋਟੀ ਉਮਰ ਦੇ ਬੇਟੇ ਰਾਇ ਸਿੰਘ ਨੂੰ ਸਿਪਾਹੀ ਜ਼ਖ਼ਮੀ ਕਰ ਕੇ ਮੁੜ ਆਏ। ਇਸੇ ਰਾਇ ਸਿੰਘ ਦਾ ਪੁੱਤਰ ਭਾਈ ਰਤਨ ਸਿੰਘ ਭੰਗੂ ਸੀ, ਜਿਸ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਲਿਖਿਆ। ਇਵੇਂ ਹੀ ਕਰਤਾਰਪੁਰ ਸਾਹਿਬ ਦੇ ਗੁਰਦੁਆਰਾ ਥੰਮ ਸਾਹਿਬ ਨੂੰ ਕੁਤਬ-ਦੀਨ ਨੇ ਸਾੜ ਦਿੱਤਾ ਸੀ। ਭਾਈ ਬਾਘ ਸਿੰਘ ਡੱਲੇਵਾਲੀਏ ਨੇ ਇਸ ਦੁਸ਼ਟ ਨੂੰ ਜੀਉਂਦਿਆਂ ਹੀ ਸਾੜ

ਦਿੱਤਾ। ਇਉਂ ਸਿੰਘ ਆਪਣੀਆਂ ਜਾਨਾਂ ਬਚਾਉਣ ਦੇ ਨਾਲ ਹੀ ਗੁਰਧਾਮਾਂ ਲਈ ਹਜ਼ਾਰਾਂ ਖ਼ਤਰੇ ਮੁੱਲ ਲੈ ਕੇ ਵੀ ਜਿਵੇਂ ਕਿਵੇਂ ਆਪਣਾ ਫ਼ਰਜ਼ ਨਿਭਾ ਜਾਂਦੇ ਸਨ।

ਆਖਰ ਬੜੀ ਖੋਜ-ਭਾਲ ਬਾਅਦ ਭਾਈ ਮਹਿਤਾਬ ਮੀਰਾਂ ਕੋਟੀਏ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਲਾਹੌਰ ਚਰਖੜੀ 'ਤੇ ਚਾੜ੍ਹ ਕੇ ਸ਼ਹੀਦ ਕਰ ਦਿੱਤਾ। ਇਸੇ ਤਰ੍ਹਾਂ ਪਿੰਡਾਂ ਵਿਚ ਅਮਨ ਦੀ ਜ਼ਿੰਦਗੀ ਬਿਤਾਉਣ ਵਾਲੇ ਮਹਿਰਾਜ ਪਿੰਡ ਦੇ ਵਸਨੀਕ ਭਾਈ ਦਿਆਲ ਸਿੰਘ, ਨੰਗਲ ਦੇ ਭਾਈ ਹੀਰਾ ਸਿੰਘ, ਭਾਈ ਰੂਪ ਸਿੰਘ ਖੁੱਡੀਆ ਵਾਲੇ, ਭਾਈ ਤੇਗ ਸਿੰਘ ਮਤਾਬਕੋਟ, ਭਾਈ ਪਵਨ ਸਿੰਘ, ਭਾਈ ਤਕੜਾ ਸਿੰਘ, ਭਾਈ ਬਹਾਦਰ ਸਿੰਘ, ਭਾਈ ਪਹਾੜਾ ਸਿੰਘ, ਭਾਈ ਬਲਾਕਾ ਸਿੰਘ ਆਦਿ ਨੂੰ ਪਕੜ ਕੇ ਨਖਾਸ ਚੌਂਕ ਵਿਚ ਲਿਆ ਕੇ ਕਤਲ ਕਰ ਦਿੱਤਾ ਗਿਆ।

ਜ਼ਕਰੀਆ ਖਾਨ ਨੇ ਮਜ਼ਬੀ ਜਨੂੰਨ ਅਧੀਨ ਸਿੱਖਾਂ ਉੱਤੇ ਬਹੁਤ ਜ਼ੁਲਮ ਢਾਹੇ ਅਤੇ ਅਨੇਕ ਬੇਗੁਨਾਹ ਸਿੱਖਾਂ ਨੂੰ ਕਤਲ ਕੀਤਾ। ਹੁਣ ਬਹੁਤੇ ਸਿੱਖ ਘਰ-ਘਾਟ ਛੱਡ ਕੇ ਜੰਗਲਾਂ, ਪਹਾੜਾਂ ਤੇ ਮਾਰੂਥਲਾਂ ਵਿਚ ਵਕਤ ਕੱਟੀ ਕਰ ਰਹੇ ਸਨ, ਪਰ ਫਿਰ ਵੀ ਕਿਤੇ ਕਿਤੇ ਕੋਈ ਟਾਵਾਂ ਸਿੰਘ ਪਿੰਡਾਂ ਜਾਂ ਸ਼ਹਿਰਾਂ ਵਿਚ ਰਹਿ ਗਿਆ ਸੀ। ਅਜਿਹਾ ਇਕ ਸਿੰਘ ਭਾਈ ਤਾਰੂ ਸਿੰਘ ਸੀ ਜੋ ਸ੍ਰੀ ਅੰਮ੍ਰਿਤਸਰ ਦੇ ਪਰਗਣੇ ਦੇ ਪਿੰਡ 'ਪੂਹਲੇ' ਦਾ ਰਹਿਣ ਵਾਲਾ ਸੀ। ਛੋਟੀ ਉਮਰੇ ਹੀ ਉਸ ਦੇ ਸਿਰੋਂ ਪਿਤਾ ਦਾ ਸਾਇਆ ਉਠ ਗਿਆ। ਉਸ ਦੀ ਗੁਰਸਿੱਖ ਮਾਤਾ ਨੇ ਆਪਣੇ ਛੋਟੇ ਬੱਚੇ ਦੀ ਰਗ-ਰਗ ਵਿਚ ਗੁਰਬਾਣੀ, ਗੁਰ-ਇਤਿਹਾਸ ਅਤੇ ਗੁਰਸਿੱਖੀ ਲਈ ਪਿਆਰ ਭਰ ਦਿੱਤਾ। ਭਾਈ ਤਾਰੂ ਸਿੰਘ ਜੀ ਕੁਝ ਜਵਾਨ ਹੋਏ ਤਾਂ ਖੇਤੀਬਾੜੀ ਕਰਨ ਲੱਗ ਪਏ। ਉਸ ਕਸ਼ਟਮਈ ਸਮੇਂ ਵਿਚ ਉਹ ਆਏ-ਗਏ ਸਿੰਘ ਦੀ ਲੰਗਰ ਆਦਿ ਦੀ ਸੇਵਾ ਲਈ ਹਰ ਸਮੇਂ ਤਤਪਰ ਰਹਿੰਦੇ ਸਨ। ਉਨ੍ਹਾਂ ਦੇ ਨੇਕ ਤੇ ਪਰਉਪਕਾਰੀ ਜੀਵਨ ਕਾਰਨ ਉਨ੍ਹਾਂ ਦੇ ਪਿੰਡ ਦੇ ਆਲੇ-ਦੁਆਲੇ ਦੇ ਲੋਕ ਵੀ ਉਨ੍ਹਾਂ ਦੀਆਂ ਸਿਫਤਾਂ ਕਰਨ ਤੋਂ ਨਹੀਂ ਸਨ ਥਕਦੇ। ਉਹ ਆਪਣੇ ਬਨਵਾਸੀ ਸਿੱਖ ਭਰਾਵਾਂ ਨੂੰ ਕਿਰਤ ਕਮਾਈ ਕਰ ਕੇ ਗੁਪਤ ਰਸਦ-ਪਾਣੀ ਵੀ ਭੇਜ ਦਿੰਦੇ ਸਨ। ਹਕੂਮਤ ਨੇ ਸਾਰੀ ਸਿੱਖ ਕੌਮ ਨੂੰ ਕਾਨੂੰਨ ਵਿਰੁੱਧ ਕਰਾਰ ਕੀਤਾ ਹੋਇਆ ਸੀ, ਐਸੇ ਸਮੇਂ ਵੀ ਭਾਈ ਤਾਰੂ ਸਿੰਘ ਜੀ ਸਿੰਘਾਂ ਦੀ ਮਦਦ ਕਰ ਕੇ ਪ੍ਰਸੰਨਤਾ ਪ੍ਰਾਪਤ ਕਰਦੇ ਰਹੇ। ਸਰਕਾਰੀ ਐਲਾਨ ਇਹ ਵੀ ਸੀ ਕਿ ਜੇ ਕੋਈ ਸਿੱਖ ਦੀ ਸੂਹ ਦੇਵੇ, ਉਸ ਨੂੰ ਇਨਾਮ ਮਿਲੇਗਾ। ਸ਼ਾਹੀ ਮੁਖ਼ਬਰਾਂ ਵਿਚ ਉਸ ਸਮੇਂ ਸਭ ਤੋਂ ਵੱਡਾ ਅਕ੍ਰਿਤਘਣ ਜੰਡਿਆਲੇ ਦਾ ਹਰਿਭਗਤ ਨਿਰੰਜਨੀਆ ਸੀ। ਉਸ ਨੇ ਲਾਹੌਰ ਦੇ ਹਾਕਮ ਜ਼ਕਰੀਆ ਖਾਨ ਨੂੰ ਜਾ ਕੇ ਸ਼ਿਕਾਇਤ ਕੀਤੀ ਕਿ ਪੂਹਲੇ ਪਿੰਡ ਵਿਚ ਤਾਰੂ ਸਿੰਘ ਵਸਦਾ ਹੈ, ਜਿਸ ਪਾਸ ਸਿੱਖ ਆ ਕੇ ਰਹਿੰਦੇ ਹਨ ਅਤੇ ਇਨ੍ਹਾਂ ਸਿੱਖਾਂ ਨੇ ਸਾਰੇ ਇਲਾਕੇ ਵਿਚ ਵਖਤ ਪਾਇਆ ਹੋਇਆ ਹੈ। ਸੋ ਜ਼ਕਰੀਆ ਖਾਨ ਦੇ ਹੁਕਮ ਨਾਲ ਹਰਿਭਗਤ ਨਿਰੰਜਨੀਆ ਪੈਦਲ ਸਿਪਾਹੀ ਨਾਲ ਲੈ ਕੇ ਭਾਈ ਤਾਰੂ ਸਿੰਘ ਨੂੰ ਗ੍ਰਿਫ਼ਤਾਰ

ਕਰਨ ਲਈ ਤੁਰ ਪਿਆ। ਉਹ ਬਹੁਤ ਖੁਸ਼ ਸੀ ਕਿ ਭਾਈ ਤਾਰੂ ਸਿੰਘ ਨੂੰ ਗ੍ਰਿਫ਼ਤਾਰ ਕਰਵਾ ਕੇ ਹਕੂਮਤ ਦੀਆਂ ਨਜ਼ਰਾਂ ਵਿਚ ਪ੍ਰਵਾਨ ਚੜ੍ਹ ਜਾਵੇਗਾ।

ਜਦੋਂ ਹਰਿਭਗਤ ਨਿਰੰਜਨੀਆ ਫੌਜ ਸਹਿਤ ਪੂਹਲੇ ਪਿੰਡ ਪਹੁੰਚਿਆਂ ਤਾਂ ਭਾਈ ਤਾਰੂ ਸਿੰਘ ਦੇ ਹਮਦਰਦ ਤੇ ਉਨ੍ਹਾਂ ਪਾਸ ਠਹਿਰੇ ਕੁਝ ਸਿੰਘ ਫੌਜ ਦੇ ਮੁਕਾਬਲੇ ਲਈ ਡਟ ਗਏ ਤੇ ਸਿਪਾਹੀਆਂ ਨੂੰ ਅੱਗੇ ਨਾ ਵਧਣ ਦੀ ਚਿਤਾਵਨੀ ਦਿੱਤੀ ਪਰ ਭਾਈ ਤਾਰੂ ਸਿੰਘ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਮੇਰੇ ਪਿੱਛੇ ਤੁਸੀਂ ਕਿਉਂ ਕਈ ਜਾਨਾਂ ਦਾ ਨੁਕਸਾਨ ਕਰਦੇ ਹੋ? ਭਾਈ ਸਾਹਿਬ ਦੇ ਕਹਿਣ 'ਤੇ ਸਾਰੇ ਪਿੱਛੇ ਹੱਟ ਗਏ ਅਤੇ ਸਿਪਾਹੀਆਂ ਨੇ ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰ ਲਿਆ। ਲਾਹੌਰ ਲਿਆ ਕੇ ਭਾਈ ਸਾਹਿਬ ਨੂੰ ਜ਼ਕਰੀਆ ਖਾਨ ਦੇ ਸਾਹਮਣੇ ਪੇਸ਼ ਕੀਤਾ ਗਿਆ। ਜ਼ਕਰੀਆ ਖਾਨ ਨੇ ਪੁੱਛਿਆ ਕਿ ਕੀ ਤੁਸੀਂ ਸਿੱਖਾਂ ਨੂੰ ਆਪਣੇ ਪਾਸ ਠਹਿਰਨ ਲਈ ਥਾਹਰ ਦਿੰਦੇ ਹੋ? ਭਾਈ ਤਾਰੂ ਸਿੰਘ ਜੀ ਨੇ ਬੜੀ ਦਲੇਰੀ ਨਾਲ ਕਿਹਾ ਕਿ ਕੇਵਲ ਥਾਂ ਨਹੀਂ ਦਿੰਦਾ ਸਗੋਂ ਆਪਣੀ ਵਿੱਤ ਅਨੁਸਾਰ ਸੇਵਾ ਵੀ ਕਰਦਾ ਹਾਂ। ਖਾਨ ਬਹਾਦਰ ਸੂਬੇ ਨੇ ਫਿਰ ਕਿਹਾ ਕਿ ਕੀ ਅੱਜ ਤੋਂ ਅਜਿਹਾ ਨਾ ਕਰਨ ਦਾ ਵਿਸ਼ਵਾਸ ਦਿਵਾ ਸਕਦੇ ਹੋ? ਭਾਈ ਤਾਰੂ ਸਿੰਘ ਜੀ ਨੇ ਗਰਜਵੀਂ ਅਵਾਜ਼ ਵਿਚ ਕਿਹਾ ਕਿ ਮੇਰਾ ਆਪਣਾ ਤਾਂ ਕੁਝ ਵੀ ਨਹੀਂ ਮੇਰੇ ਪਾਸ ਜੋ ਕੁਝ ਵੀ ਹੈ ਸਭ ਮੇਰੇ ਗੁਰੂ ਦੀ ਬਖ਼ਸ਼ਿਸ਼ ਹੈ। ਇਸ ਨੂੰ ਮੈਂ ਖਾਲਸੇ ਦੀ ਸੇਵਾ ਤੇ ਮਦਦ 'ਤੇ ਲਾਉਣ ਤੋਂ ਨਹੀਂ ਰਹਿ ਸਕਦਾ। ਖਾਲਸੇ ਦੀ ਸੇਵਾ ਛੱਡਣੀ ਤਾਂ ਜਿਊਂਦਿਆਂ ਮੌਤ ਸਮਾਨ ਹੈ।

ਭਾਈ ਤਾਰੂ ਸਿੰਘ ਜੀ ਦੇ ਜਵਾਬ ਸੁਣ ਕੇ ਜ਼ਕਰੀਆ ਖਾਨ ਨੇ ਕਾਜ਼ੀ ਸੱਦ ਲਏ ਅਤੇ ਉਨ੍ਹਾਂ ਵੱਲੋਂ ਫਤਵਾ ਦੇਣ 'ਤੇ ਸੂਬੇ ਨੇ ਭਾਈ ਸਾਹਿਬ ਦੇ ਕੇਸ ਕੱਟ ਦੇਣ ਦਾ ਹੁਕਮ ਦੇ ਦਿੱਤਾ। ਇਹ ਸਜ਼ਾ ਦੇਣ ਦਾ ਭਾਵ ਇਹ ਸੀ ਕਿ ਜਿਸ ਸਿੱਖੀ 'ਤੇ ਇਹ ਬਹੁਤਾ ਮਾਣ ਕਰਦੇ ਸਨ, ਉਸ ਸਿੱਖੀ ਤੋਂ ਪਤਿਤ ਕਰ ਦਿੱਤਾ ਜਾਏ। ਭਾਈ ਤਾਰੂ ਸਿੰਘ ਜੀ ਇਹ ਬਰਦਾਸ਼ਤ ਨਹੀਂ ਸਨ ਕਰ ਸਕਦੇ ਕਿ ਉਨ੍ਹਾਂ ਦੇ ਜਾਨ ਤੋਂ ਪਿਆਰੇ ਕੇਸਾਂ ਦਾ ਅਪਮਾਨ ਕੀਤਾ ਜਾਏ। ਭਾਈ ਤਾਰੂ ਸਿੰਘ ਨੇ ਕ੍ਰੋਧ ਵਿਚ ਆ ਕੇ ਨਿਧੜਕ ਹੋ ਕੇ ਜ਼ਕਰੀਆ ਖਾਨ ਨੂੰ ਕਿਹਾ ਕਿ ਅਸੀਂ ਜ਼ਮੀਨ ਦਾ ਮਾਲੀਆ ਤੇ ਹੋਰ ਕਰ ਤਾਰ ਦੇ ਹਾਂ, ਬਾਕੀ ਜੋ ਕੁਝ ਬਚਦਾ ਹੈ ਉਸ ਵਿਚ ਅਸੀਂ ਆਪਣੇ ਆਪ ਨੂੰ ਭੁੱਖਾ ਰੱਖ ਕੇ ਆਪਣੇ ਲੋੜਵੰਦ ਭਰਾਵਾਂ ਦੀ ਮਦਦ ਕਰਦੇ ਹਾਂ। ਇਸ ਵਿਚ ਹਕੂਮਤ ਦੇ ਪੱਲਿਓਂ ਕੀ ਜਾਂਦਾ ਹੈ, ਕਿ ਉਨ੍ਹਾਂ ਨੂੰ ਸਜ਼ਾ ਦਿੱਤੀ ਜਾ ਰਹੀ ਹੈ। ਭਾਈ ਸਾਹਿਬ ਦੇ ਨੇਤਰ ਬੰਦ ਹੋ ਗਏ ਤੇ ਲਿਵ ਅਕਾਲ ਪੁਰਖ ਨਾਲ ਜੁੜ ਗਈ, ਉਨ੍ਹਾਂ ਗੁਰੂ ਦੇ ਚਰਨਾਂ ਵਿਚ ਅਰਦਾਸ ਕੀਤੀ, 'ਹੇ ਸੱਚੇ ਪਾਤਸ਼ਾਹ! ਮੈਨੂੰ ਬਲ ਬਖਸ਼ ਕਿ ਮੈਂ ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾ ਸਕਾਂ।'

ਇਤਿਹਾਸ ਵਿਚ ਦੱਸਿਆ ਹੈ ਕਿ ਸਰਕਾਰੀ ਨਾਈ ਭਾਈ ਤਾਰੂ ਸਿੰਘ ਜੀ ਦੇ

ਕੇਸ ਕਤਲ ਲਈ ਜਦ ਨੇੜੇ ਆਇਆ ਤਾਂ ਭਾਈ ਸਾਹਿਬ ਨੇ ਉਸ ਨੂੰ ਜ਼ੋਰ ਦੀ ਲੱਤ ਮਾਰੀ, ਉਹ ਨਾਈ ਦੂਰ ਜਾ ਪਿਆ ਤੇ ਤੜਫਣ ਲੱਗਾ। ਇਹ ਦੇਖ ਕੇ ਸਿਪਾਹੀਆਂ ਨੇ ਭਾਈ ਸਾਹਿਬ ਨੂੰ ਮਜ਼ਬੂਤੀ ਨਾਲ ਪਕੜ ਲਿਆ ਤੇ ਜਦ ਫਿਰ ਨਾਈ ਨੇੜੇ ਆਇਆ ਤਾਂ ਭਾਈ ਸਾਹਿਬ ਨੇ ਆਪਣਾ ਸਿਰ ਉਸ ਦੇ ਸਿਰ 'ਤੇ ਮਾਰ ਕੇ ਉਸ ਨਾਈ ਨੂੰ ਲਹੂ-ਲੁਹਾਣ ਕਰ ਦਿੱਤਾ। ਇਸ ਤੇ ਮੋਚੀ ਨੂੰ ਸੱਦਿਆ ਗਿਆ ਤੇ ਉਸ ਨੇ ਰੰਬੀ ਨਾਲ ਭਾਈ ਸਾਹਿਬ ਦੀ ਖੋਪੜੀ ਦਾ ਉਪਰਲਾ ਹਿੱਸਾ ਉਤਾਰ ਦਿੱਤਾ। ਮੁਸਲਮਾਨ ਇਤਿਹਾਸਕਾਰ ਖਾਫ਼ੀ ਖਾਂ ਲਿਖਦਾ ਹੈ ਕਿ ਭਾਈ ਤਾਰੂ ਸਿੰਘ ਦੀ ਖੋਪੜੀ ਲਾਹ ਕੇ ਇਸ ਨੂੰ ਧੜ ਸਣੇ ਖਾਈ ਵਿਚ ਸੁੱਟ ਦਿੱਤਾ ਗਿਆ ਤਾਂ ਕਿ ਗਿੱਦੜ ਕੁੱਤੇ ਖਾ ਜਾਣ, ਪਰ ਭਾਈ ਤਾਰੂ ਸਿੰਘ ਜੀ ਇਸ ਦਸ਼ਾ ਵਿਚ ਵੀ ਬਾਣੀ ਪੜ੍ਹਦੇ ਰਹੇ। ਵਾਹਿਗੁਰੂ ਦੀ ਕਰਨੀਂ ਐਸੀ ਹੋਈ ਕਿ ਜ਼ਕਰੀਆ ਖਾਨ ਦਾ ਪਿਸ਼ਾਬ ਬੰਦ ਹੋ ਗਿਆ, ਉਸ ਨੂੰ ਮਹਿਸੂਸ ਹੋਇਆ ਕਿ ਉਸ ਨੇ ਬੇਗੁਨਾਹ ਸਿੰਘਾਂ ਨੂੰ ਘੋਰ ਤਸੀਹੇ ਦਿੱਤੇ ਹਨ। ਇਹ ਤਕਲੀਫ ਉਸੇ ਦਾ ਫਲ ਹੈ। ਉਸ ਨੇ ਪਛਤਾਵਾ ਕਰਦਿਆਂ ਭਾਈ ਸੁਬੇਗ ਸਿੰਘ ਕੋਤਵਾਲ ਨੂੰ ਖਾਲਸੇ ਦੀ ਭੇਟ ਲਈ ਪੰਜ ਹਜ਼ਾਰ ਰੁਪਈਆ ਦੇ ਕੇ ਕਾਹਨੂੰਵਾਨ ਦੇ ਛੰਭ ਵੱਲ ਭੇਜਿਆ ਕਿ ਉਸ ਨੂੰ ਬਖਸ਼ਿਆ ਜਾਏ। ਸਿੰਘਾਂ ਨੇ ਭਾਈ ਸੁਬੇਗ ਸਿੰਘ ਨੂੰ ਆਖਿਆ ਕਿ ਭਾਈ ਤਾਰੂ ਸਿੰਘ ਜੀ ਦੀ ਚਰਨ-ਦਾਸੀ (ਜੁੱਤੀ) ਤੁਰਕ ਦੇ ਸਿਰ 'ਤੇ ਮਾਰੀ ਜਾਵੇ ਤਾਂ ਪਿਸ਼ਾਬ ਦਾ ਬੰਨ੍ਹ ਖੁੱਲ ਜਾਏਗਾ। ਇਵੇਂ ਕਰਨ 'ਤੇ ਜ਼ਕਰੀਆਂ ਖਾਨ ਦੇ ਬੰਦ ਹੋਏ ਪਿਸ਼ਾਬ ਦੀ ਤਕਲੀਫ਼ ਦੂਰ ਹੋ ਗਈ, ਪਰ ਉਹ ਨਿਰਦੋਸ਼ ਸਿੰਘਾਂ ਦਾ ਹਤਿਆਰਾ ਜੁਲਾਈ, ੧੭੪੫ ਨੂੰ ਕਸ਼ਟ ਭੋਗਦਾ ਮਰ ਗਿਆ। ਉਸੇ ਦਿਨ ਭਾਈ ਤਾਰੂ ਸਿੰਘ ਜੀ ਨੇ ਆਪਣੇ ਜ਼ਖ਼ਮੀ ਸਰੀਰਕ ਚੋਲਾ ਤਿਆਗ ਕੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਦਿਆਂ ਸਹੀਦੀ ਪਾਈ। ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਲਾਹੌਰ ਦੇ ਨਖਾਸ ਚੌਂਕ ਹੋਈ ਜਿੱਥੇ ਹੁਣ ਗੁਰਦੁਆਰਾ ਸਾਹਿਬ ਸ਼ਹੀਦ ਗੰਜ, ਲਾਹੌਰ ਹੈ। ਸ਼ਹੀਦ ਗੰਜ ਵਿਚ ਇਕ ਖੂਹ ਹੈ, ਇਸ ਨੂੰ ਸ਼ਹੀਦੀ ਖੂਹ ਕਿਹਾ ਜਾਂਦਾ ਹੈ। ਉਸ ਖੂਹ ਵਿਚ ਇਕ ਸਿਲ 'ਤੇ ਇਹ ਸ਼ਬਦ ਉਕਰੇ ਹੋਏ ਹਨ:- "ੴ ਸਤਿਗੁਰ ਪ੍ਰਸਾਦਿ॥ ਸ਼ਹੀਦ ਗੰਜ ਭਾਈ ਤਾਰੂ ਸਿੰਘ ਮਨੀ ਸਿੰਘ ਕਾ।"

ਭਾਈ ਤਾਰੂ ਸਿੰਘ ਜੀ ਦੀ ਇਹ ਲਾਸਾਨੀ ਕੁਰਬਾਨੀ ਸਦੀਆਂ ਤੀਕਰ ਸਿੱਖਾਂ ਨੂੰ ਸਿੱਖੀ ਕੇਸਾਂ-ਸੁਆਸਾਂ ਸੰਗ ਨਿਭਾਉਣ ਲਈ ਮਾਰਗ-ਦਰਸ਼ਨ ਕਰਦੀ ਰਹੇਗੀ ਅਤੇ ਇਹ ਪ੍ਰੇਰਣਾ ਕਰੇਗੀ ਕਿ ਕੇਸ ਹੀ ਸਿੱਖ ਦੀ ਨਿਵੇਕਲੀ ਪਛਾਣ ਹਨ; ਜਿਨ੍ਹਾਂ ਦੀ ਰਾਖੀ ਹਰ ਕੀਮਤ 'ਤੇ ਕਰਨੀ ਜ਼ਰੂਰੀ ਹੈ ਕਿਉਂਕਿ ਸਿੱਖੀ ਸਿਦਕ ਕੇਸਾਂ ਸੰਗ ਹੀ ਨਿਭਦਾ ਹੈ।

■

# ਗੁਰਮਤਿ ਸੰਗੀਤ ਅਤੇ ਵਾਰ ਗਾਇਨ

*-ਡਾ. ਜਤਿੰਦਰ ਕੌਰ**

ਲੋਕ ਧੁਨਾਂ 'ਤੇ ਆਧਾਰਿਤ ਕੀਰਤਨ ਸ਼ੈਲੀ ਨੂੰ 'ਵਾਰ' ਆਖਦੇ ਹਨ। ਇਹ ਇਕ ਪ੍ਰਸਿੱਧ ਅਤੇ ਲੋਕਪ੍ਰਿਅ ਗਾਇਨ ਸ਼ੈਲੀ ਹੈ। ਪੰਜਾਬੀ ਸਾਹਿਤ ਵਿਚ 'ਵਾਰ' ਉਸ ਕਵਿਤਾ ਨੂੰ ਆਖਦੇ ਹਨ, ਜਿਸ ਵਿਚ ਕਿਸੇ ਯੋਧੇ ਦੁਆਰਾ ਜੰਗ ਦੇ ਮੈਦਾਨ ਵਿਚ ਵਿਖਾਈ ਗਈ ਸੂਰਬੀਰਤਾ ਦਾ ਵਰਣਨ ਹੋਵੇ। ਆਮ ਤੌਰ 'ਤੇ ਜੰਗ ਦੇ ਸਮੇਂ ਸੈਨਿਕਾਂ ਨੂੰ ਉਤਸ਼ਾਹਿਤ ਕਰਨ ਲਈ ਵੀਰਤਾ ਨਾਲ ਭਰੇ ਜੋ ਗੀਤ ਗਾਏ ਜਾਂਦੇ ਹਨ, ਉਨ੍ਹਾਂ ਨੂੰ ਵਾਰ ਆਖਦੇ ਹਨ। ਵਾਰ ਕਾਵਿ ਵਿਚ ਵੀਰ ਰਸ ਪ੍ਰਧਾਨ ਹੁੰਦਾ ਹੈ। ਵਾਰ ਗਾਇਨ ਰੂਪ ਦਾ ਸੰਬੰਧ ਯੁੱਧ ਵਿਚ ਸੂਰਬੀਰ ਬਹਾਦਰਾਂ ਦੀ ਲੜਾਈ ਅਤੇ ਸੂਰਮਗਤੀ ਨੂੰ ਚਿਤਰਦਾ ਹੈ ਇਸਦਾ ਮੰਤਵ ਯੁੱਧ-ਵਾਰਤਾ ਨੂੰ ਪਉੜੀ ਵਿਚ ਗਾ ਕੇ ਪੇਸ਼ ਕਰਨਾ ਹੈ।

ਵਾਰ ਸ਼ਬਦ ਦਾ ਅਰਥ ਹੈ-- ਸਾਹਮਣਾ ਕਰਨਾ, ਪਿੱਛੇ ਧੱਕਣਾ, ਪਰੇ ਹਟਾਣਾ, ਰੋਕਣਾ। 'ਸ਼ਬਦਾਰਥ' ਅਨੁਸਾਰ ਵਾਰ ਉਸ ਜੋਸ਼ੀਲੇ ਗੀਤ ਨੂੰ ਕਹਿੰਦੇ ਹਨ ਜਿਸ ਵਿਚ ਕਿਸੇ ਯੋਧੇ ਜਾਂ ਸੂਰਬੀਰ ਦੀ ਸਿਫ਼ਤ ਵਰਣਨ ਹੋਵੇ।[੧] ਦੇਸੀ ਭਾਸ਼ਾ ਵਿਚ ਰਚਿਤ ਗੀਤ ਰੂਪ ਵਿਚ ਯਸ਼ ਗਾਨ ਦਾ ਨਾਓ ਹੀ ਵਾਰ ਗਾਇਨ ਹੈ।[੨] ਵਾਰ ਸ਼ਬਦ ਨੂੰ ਘਟਨਾ ਦੇ ਵਾਰ-ਵਾਰ ਗਾਉਣ, ਬਾਰ (ਦਰਵਾਜ਼ੇ) ਵਰਗੇ ਸਥਾਨ ਉੱਤੇ ਗਾਉਣ, ਸਿਫ਼ਤ ਸਲਾਹ ਕਰਨ, ਸਹਾਇਤਾ ਲਈ ਪੁਕਾਰ, ਜੱਸ ਕਰਨਾ, ਵਾਰ ਜਾਣ ਜਾਂ ਵਾਰ ਕਰਨ ਦੇ ਅਰਥ ਵੀ ਦਿੱਤੇ ਜਾਂਦੇ ਹਨ।[੩]

ਵਾਰਾਂ ਦਾ ਇਤਿਹਾਸ ਬਹੁਤ ਪੁਰਾਣਾ ਹੈ। ਗੁਰੂ ਸਾਹਿਬਾਨ ਦੇ ਕਾਲ ਵਿਚ ਵੀ ਵਾਰ ਲੋਕ-ਕਾਵਿ ਦੇ ਰੂਪ ਵਿਚ ਪ੍ਰਚਲਿਤ ਸੀ। ਵਾਰ ਸੰਗੀਤ ਵਿਧਾ ਦੀ ਪ੍ਰਾਚੀਨਤਾ ਦੇ ਸਬੰਧ ਵਿਚ ਨਿਸ਼ਚਿਤ ਰੂਪ ਨਾਲ ਕੁਝ ਕਹਿਣਾ ਕਠਿਨ ਹੈ ਪਰ ਇਹ ਅਵੱਸ਼ ਕਿਹਾ ਜਾ ਸਕਦਾ ਹੈ ਕਿ ਇਹ ਗਾਇਨ ਵਿਧਾ ਗੁਰੂ ਨਾਨਕ ਦੇਵ ਜੀ ਦੇ ਆਗਮਨ ਹੋਣ ਤੋਂ ਵੀ ਪਹਿਲਾਂ ਪ੍ਰਚਲਿਤ ਸੀ।[੪] ਸਿੱਖ ਕੀਰਤਨ ਦੇ ਅਰੰਭ ਦੇ ਨਾਲ-ਨਾਲ ਇਸ ਵਿਧਾ ਨੂੰ ਵੀ ਧਾਰਮਿਕ ਪ੍ਰਤਿਸ਼ਠਾ ਪ੍ਰਾਪਤ ਹੋਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਥਾਵਾਂ 'ਤੇ ਵਾਰ ਦਾ ਪ੍ਰਯੋਗ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਵਾਰਾਂ ਪਰਮਾਤਮਾ ਦੀ ਉਸਤਤ ਲਈ ਗਾਈਆਂ ਜਾਂਦੀਆਂ ਹਨ। ਇਨ੍ਹਾਂ ਵਿਚ ਦੁਨਿਆਵੀ ਲੜਾਈ ਦਾ ਜ਼ਿਕਰ ਨਹੀ ਮਿਲਦਾ ਸਗੋਂ ਮਨੁੱਖ ਦੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਦੁਸ਼ਮਣਾਂ ਦੇ ਨਾਸ਼ ਕਰਨ ਦਾ ਜ਼ਿਕਰ ਆਉਂਦਾ ਹੈ।

ਇਨ੍ਹਾਂ ਵਾਰਾਂ ਵਿਚ ਸਮਾਜਿਕ ਸਦਾਚਾਰਕ ਕੀਮਤਾਂ ਦੁਆਰਾ ਅਧਿਆਤਮਕ ਅਨੁਭਵ ਦਾ ਬੋਧ ਕਰਵਾਇਆ ਗਿਆ ਹੈ। ਵਿਦਵਾਨਾਂ ਦਾ ਮਤ ਹੈ ਕਿ ਵਾਰਾਂ

**ਐਸੋਸੀਏਟ ਪ੍ਰੋਫੈਸਰ, ਸੰਗੀਤ ਵਿਭਾਗ (ਗਾਇਨ), ਖਾਲਸਾ ਕਾਲਜ ਫਾਰ ਵਿਮੈਨ, ਸ੍ਰੀ ਅੰਮ੍ਰਿਤਸਰ। ਮੋ: +੯੧ ੯੮੭੬੦-੬੪੦੬੦*

ਇਤਿਹਾਸ ਪ੍ਰਸਿੱਧ ਯੋਧਿਆਂ ਦੇ ਯੁੱਧ ਕੌਸ਼ਲ ਨਾਲ ਸੰਬੰਧਿਤ ਸਨ। ਇਸ ਲਈ ਮੂਲ ਰੂਪ ਵਿਚ ਇਹ ਵੀਰ ਰਸ ਦੀਆਂ ਰਚਨਾਵਾਂ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਾਰ ਰੂਪ ਵਿਚ ਭਗਤੀ ਰਸ ਦੀਆਂ ਰਚਨਾਵਾਂ ਨੂੰ ਪ੍ਰਸਤੁਤ ਕੀਤਾ ਹੈ।

ਵਾਰਾਂ ਦਾ ਗਾਇਨ ਅਤੀਤ ਕਾਲ ਵਿਚ ਢਾਡੀਆਂ ਦੁਆਰਾ ਹੀ ਕੀਤਾ ਜਾਂਦਾ ਸੀ। ਢਾਡੀਆਂ ਦਾ ਮੁੱਖ ਕਿੱਤਾ ਗਾਇਨ ਹੀ ਹੁੰਦਾ ਸੀ ਅਤੇ ਅਕਸਰ ਰਜਵਾੜਿਆਂ ਅਤੇ ਵੱਡੇ ਜ਼ਿਮੀਦਾਰਾਂ ਦੇ ਘਰਾਂ ਵਿਚ ਆਸ਼ਰਿਤ ਪਰਜਾ ਦੇ ਰੂਪ ਵਿਚ ਜੀਵਨ ਬਤੀਤ ਕਰਦੇ ਸਨ। ਜ਼ਿਆਦਾਤਰ ਇਹ ਲੋਕ ਗੀਤਾਂ ਅਤੇ ਵਾਰਾਂ ਦੇ ਗਾਇਨ ਵਿਚ ਨਿਪੁੰਨ ਹੁੰਦੇ ਸਨ। ਪਰ ਪ੍ਰਤਿਭਾਸ਼ਾਲੀ ਢਾਡੀ ਸ਼ਾਸਤਰੀ ਸੰਗੀਤ ਦਾ ਵੀ ਅਭਿਆਸ ਕਰਦੇ ਸਨ। ਇਹ ਲੋਕ ਢੱਡ ਅਤੇ ਸਾਰੰਗੀ ਵਜਾ ਕੇ ਵਾਰਾਂ ਦਾ ਗਾਇਨ ਕਰਦੇ ਸਨ ਅਤੇ ਇਨਾਂ ਵਿਚ ਵੀ ਧਰਮ ਦੇ ਆਧਾਰ 'ਤੇ ਹਿੰਦੂ ਅਤੇ ਮੁਸਲਮਾਨ ਢਾਡੀਆਂ ਦੇ ਵਰਗ ਹੁੰਦੇ ਸਨ।[੫]

ਢਾਡੀ ਜਾਂ ਭੱਟ ਗਾਇਕ ਵਾਰਾਂ ਨੂੰ ਕੰਠਗਤ ਕਰ ਲੈਂਦੇ ਸਨ ਅਤੇ ਇਹ ਵਾਰਾਂ ਉਨ੍ਹਾਂ ਦੇ ਵੰਸ਼ ਵਿੱਚੋਂ ਪਰੰਪਰਾਗਤ ਰੂਪ ਵਿਚ ਚੱਲਦੀਆਂ ਰਹਿੰਦੀਆਂ ਸਨ, ਇਸ ਲਈ ਇਨ੍ਹਾਂ ਨੂੰ ਲਿਪੀਬੱਧ ਕਰਨ ਦਾ ਪ੍ਰਸ਼ਨ ਹੀ ਨਹੀ ਸੀ ਉੱਠਦਾ। ਜਿਨ੍ਹਾਂ ਢਾਡੀਆਂ ਨੂੰ ਇਹ ਵਾਰਾਂ ਯਾਦ ਹੁੰਦੀਆਂ ਸਨ ਉਹ ਵੰਸ਼ ਅਤੇ ਜਾਤੀਗਤ ਈਰਖਾ ਦੇ ਕਾਰਨ ਇਨ੍ਹਾਂ ਵਾਰਾਂ ਦੀ ਸਿੱਖਿਆ ਆਪਣੇ ਲੋਕਾਂ ਤਕ ਹੀ ਸੀਮਤ ਰੱਖਦੇ ਸਨ ਅਤੇ ਜੇਕਰ ਕੋਈ ਲਿਖਣਾ ਚਾਹੁੰਦਾ ਸੀ ਤਾਂ ਉਸ ਦੇ ਬਦਲੇ ਕਾਫ਼ੀ ਪੈਸੇ ਦੀ ਮੰਗ ਕੀਤੀ ਜਾਂਦੀ ਸੀ।[੬]

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਰਚੀਆਂ ਗਈਆਂ ਲੋਕ ਵਾਰਾਂ ਦੇ ਰਚਨਾ ਕਾਲ ਬਾਰੇ ਕੋਈ ਨਿਸ਼ਚਿਤ ਜਾਣਕਾਰੀ ਨਹੀਂ ਮਿਲਦੀ। ਲੋਕ ਵਾਰਾਂ ਦੀਆਂ ਧੁਨਾਂ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਨੂੰ ਗਾਉਣ ਦੇ ਸੰਕੇਤ ਮਿਲਦੇ ਹਨ। ਇਨ੍ਹਾਂ ਲੋਕ ਵਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ:-

੧) ਟੁੰਡੇ ਅਸਰਾਜੇ ਕੀ ਵਾਰ
੨) ਲਲਾ ਬਹਿਲੀਮਾ ਕੀ ਵਾਰ
੩) ਸਿਕੰਦਰ ਇਬਰਾਹੀਮ ਕੀ ਵਾਰ
੪) ਰਾਣੇ ਕੈਲਾਸ਼ ਤਥਾ ਮਾਲਦੇ ਕੀ ਵਾਰ
੫) ਮੂਸੇ ਕੀ ਵਾਰ
੬) ਰਾਇ ਕਮਾਲ ਕੀ ਮੋਜਦੀ ਕੀ ਵਾਰ
੭) ਯੋਧੇ ਵੀਰੇ ਪੂਰਬਾਣੀ ਕੀ ਵਾਰ
੮) ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਦੀ ਵਾਰ
੯) ਰਾਇ ਮਹਿਮੇ ਹਸਨੇ ਕੀ ਵਾਰ

ਇਹ ਵਾਰਾਂ ਸੰਪੂਰਨ ਰੂਪ ਵਿਚ ਸਾਨੂੰ ਨਹੀਂ ਮਿਲਦੀਆਂ ਪਰ ਇਨ੍ਹਾਂ ਦਾ ਅੰਸ਼ਿਕ ਰੂਪ ਧੁਨਾਂ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਨੂੰ ਇਨ੍ਹਾਂ ਧੁਨਾਂ 'ਤੇ ਗਾਉਣ ਦਾ ਸੰਕੇਤ ਕੀਤਾ ਗਿਆ ਹੈ। ਜਿਵੇਂ ਆਸਾ ਕੀ ਵਾਰ ਨੂੰ ਟੁੰਡੇ ਅਸਰਾਜੇ ਦੀ ਵਾਰ ਦੀ ਧੁਨ 'ਤੇ ਗਾਉਣ ਦਾ ਸੰਕੇਤ ਮਿਲਦਾ ਹੈ।

ਆਸਾ ਕੀ ਵਾਰ ਦਾ ਕੀਰਤਨ ਇਸੇ ਪਰੰਪਰਾਗਤ ਧੁਨ ਦੇ ਆਧਾਰ 'ਤੇ ਕੀਤਾ ਜਾਂਦਾ ਹੈ। ਪਰ ਇਸ ਦਾ ਪ੍ਰਮਾਣ ਪੇਸ਼ ਕਰਨਾ ਅਸੰਭਵ ਜਾਪਦਾ ਹੈ। ਹੋ ਸਕਦਾ ਹੈ ਕਿ ਇਸ ਪੁਰਾਤਨ ਧੁਨ ਵਿਚ ਪਰਿਵਰਤਨ ਵੀ ਵਾਪਰਿਆ ਹੋਵੇ। ਹੋ ਸਕਦਾ ਹੈ ਕਿ ਪੁਰਾਤਨ ਵਾਰਾਂ ਦੀਆਂ ਬਹੁਤ ਸਾਰੀਆਂ ਧੁਨਾਂ ਸਮੇਂ ਦੇ ਗੇੜ ਨਾਲ ਖ਼ਤਮ ਹੋ ਗਈਆਂ ਹੋਣ।

ਇੱਕ ਗੱਲ ਅਸੀ ਵਿਸ਼ੇਸ਼ ਤੌਰ 'ਤੇ ਵੇਖਦੇ ਹਾਂ ਕਿ ਵਾਰਾਂ ਨੂੰ ਰਾਗਬੱਧ ਰੂਪ ਵਿਚ ਗਾਏ ਜਾਣ ਉੱਪਰ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਸੀ ਅਤੇ ਅੱਜ ਵੀ ਕੁਸ਼ਲ ਗਾਇਕ ਇਨ੍ਹਾਂ ਨੂੰ ਅਕਸਰ ਰਾਗਬੱਧ ਰੂਪ ਵਿਚ ਹੀ ਗਾਉਂਦੇ ਹਨ। ਧੁਨਾਂ 'ਤੇ ਆਧਾਰਿਤ ਵਾਰ ਗਾਇਨ ਨੇ ਵੀ ਧਾਰਮਿਕ ਸੰਗੀਤ ਸ਼ਬਦ ਗਾਇਨ ਦੀ ਤਰ੍ਹਾਂ ਸ਼ਾਸਤਰੀ ਸੰਗੀਤ ਦੇ ਢਾਂਚੇ ਵਿਚ ਢਲ ਕੇ ਜਨਤਾ ਦੇ ਵਿਚ ਲੋਕਪ੍ਰਿਯ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਦਾ ਨਿਰਵਾਹ ਕੀਤਾ ਹੈ। ਇਸ ਦੇ ਵਿਚ ਦੋ ਮੱਤ ਨਹੀਂ ਹੋ ਸਕਦੇ।[੭]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੨੨ ਵਾਰਾਂ ਸੰਕਲਿਤ ਹਨ, ਜਿਨ੍ਹਾਂ ਨੂੰ ਸਤਾਰ੍ਹਾਂ ਰਾਗਾਂ ਵਿਚ ਗਾਇਆ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਤਿੰਨ ਵਾਰਾਂ
ਸ੍ਰੀ ਗੁਰੂ ਅਮਰਦਾਸ ਜੀ ਦੀਆਂ ਚਾਰ ਵਾਰਾਂ
ਸ੍ਰੀ ਗੁਰੂ ਰਾਮਦਾਸ ਜੀ ਦੀਆਂ ਅੱਠ ਵਾਰਾਂ
ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਛੇ ਵਾਰਾਂ
ਭਾਈ ਸੱਤਾ ਅਤੇ ਬਲਵੰਡ ਦੀ ਇੱਕ ਵਾਰ

ਇਨ੍ਹਾਂ ੨੨ ਵਾਰਾਂ ਵਿੱਚੋਂ ੨੧ ਵਾਰਾਂ ਗੁਰੂ ਸਾਹਿਬਾਨ ਨੇ ਰਚੀਆਂ ਹਨ ਅਤੇ ਇਕ ਵਾਰ ਜੋ ਰਾਗ ਰਾਮਕਲੀ ਵਿਚ ਹੈ ਭਾਈ ਸੱਤਾ ਬਲਵੰਡ ਅਤੇ ਭਾਈ ਬਲਵੰਡ ਦੀ ਰਚਨਾ ਹੈ। ਇਹ ਉਸ ਵੇਲੇ ਦੇ ਪ੍ਰਸਿੱਧ ਰਬਾਬੀ ਸਨ। ਇਨ੍ਹਾਂ ਦੀ ਵਾਰ ਨੂੰ ਟਿੱਕੇ ਦੀ ਵਾਰ ਵਜੋਂ ਵੀ ਜਾਣਿਆ ਜਾਂਦਾ ਹੈ।

ਇਨ੍ਹਾਂ ਵਾਰਾਂ ਲਈ ਨਿਮਨਲਿਖਿਤ ੧੭ ਰਾਗਾਂ ਵਿਚ ਗਾਉਣ ਦਾ ਨਿਰਦੇਸ਼ ਹੈ:- ਰਾਗੁ ਸਿਰੀਰਾਗੁ, ਰਾਗੁ ਮਾਝ, ਰਾਗੁ ਗਉੜੀ, ਰਾਗੁ ਬਿਹਾਗੜਾ, ਰਾਗੁ ਵਡਹੰਸੁ, ਰਾਗੁ ਸੋਰਠਿ, ਰਾਗੁ ਜੈਤਸਰੀ, ਰਾਗੁ ਸੂਹੀ, ਰਾਗੁ ਬਿਲਾਵਲ, ਰਾਗੁ ਰਾਮਕਲੀ, ਰਾਗੁ ਮਾਰੂ, ਰਾਗੁ ਬਸੰਤੁ, ਰਾਗੁ ਸਾਰੰਗ, ਰਾਗੁ ਮਲਾਰ, ਰਾਗੁ ਆਸਾ, ਰਾਗੁ ਕਾਨੜਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਾਰ ਗਾਇਨ ਵਿਚ ਦਰਜ ਉਕਤ ਸਿਰਲੇਖ ਦੇ ਫੁਰਮਾਨ ਸਹਿਤ ਹੀ ਇਨ੍ਹਾਂ ਵਾਰਾਂ ਦਾ ਗਾਇਨ ਕੀਤਾ ਜਾਂਦਾ ਹੈ ਜਿਨ੍ਹਾਂ ਵਾਰਾਂ ਦੇ ਨਾਲ ਵੱਖ-ਵੱਖ ਵਿਸ਼ੇਸ਼ ਰਾਗ ਧੁਨੀਆਂ ਵੀ ਅੰਕਿਤ ਕੀਤੀਆਂ ਗਈਆਂ ਹਨ।[੮]

੧) ਸਿਰੀਰਾਗ ਕੀ ਵਾਰ ਮਹਲਾ ੪ ਸਲੋਕਾ ਨਾਲਿ॥ (ਪੰਨਾ ੮੩)

੨) ਵਾਰ ਮਾਝ ਕੀ ਤਥਾ ਸਲੋਕ ਮਹਲਾ ੧ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ॥ (ਪੰਨਾ ੧੩੭)

੩) ਗਉੜੀ ਕੀ ਵਾਰ ਮਹਲਾ ੪॥ (ਪੰਨਾ ੩੦੦)

੪) ਗਉੜੀ ਕੀ ਵਾਰ ਮਹਲਾ ੫ ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ (ਪੰਨਾ ੩੧੮)

੫) ਆਸਾ ਮਹਲਾ ੧॥ ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ॥ (ਪੰਨਾ ੪੬੨)

੬) ਗੂਜਰੀ ਕੀ ਵਾਰ ਮਹਲਾ ੩ ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ (ਪੰਨਾ ੫੦੮)

੭) ਰਾਗੁ ਗੂਜਰੀ ਵਾਰ ਮਹਲਾ ੫ (ਪੰਨਾ ੫੧੭)

੮) ਬਿਹਾਗੜੇ ਕੀ ਵਾਰ ਮਹਲਾ ੪ (ਪੰਨਾ ੫੪੮)

੯) ਵਡਹੰਸ ਕੀ ਵਾਰ ਮਹਲਾ ੪ ਲਲਾਂ ਬਹਲੀਮਾ ਕੀ ਧੁਨਿ ਗਾਵਣੀ (ਪੰਨਾ ੫੮੫)

੧੦) ਰਾਗੁ ਸੋਰਠਿ ਵਾਰ ਮਹਲੇ ੪ ਕੀ (ਪੰਨਾ ੬੪੨)

੧੧) ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ (ਪੰਨਾ ੭੦੫)

੧੨) ਵਾਰ ਸੂਹੀ ਕੀ ਸਲੋਕਾ ਨਾਲਿ ਮਹਲਾ ੩ (ਪੰਨਾ ੭੮੫)

੧੩) ਬਿਲਾਵਲ ਕੀ ਵਾਰ ਮਹਲਾ ੪ (ਪੰਨਾ ੮੪੯)

੧੪) ਰਾਮਕਲੀ ਕੀ ਵਾਰ ਮਹਲਾ ੩॥ ਜੋਧੈ ਵੀਰੈ ਪੂਰਬਾਣੀ ਕੀ ਧੁਨੀ (ਪੰਨਾ ੯੪੭)

੧੫) ਰਾਮਕਲੀ ਕੀ ਵਾਰ ਮਹਲਾ ੫ (ਪੰਨਾ ੯੫੭)

੧੬) ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ (ਪੰਨਾ ੯੬੬)

੧੭) ਮਾਰੂ ਵਾਰ ਮਹਲਾ ੩ (ਪੰਨਾ ੧੦੮੬)

੧੮) ਮਾਰੂ ਵਾਰ ਮਹਲਾ ੫ ਡਖਣੇ ਮ:੫ (ਪੰਨਾ ੧੦੯)

੧੯) ਬਸੰਤ ਕੀ ਵਾਰ ਮਹਲੁ ੫ (ਪੰਨਾ ੧੧੯੩)

੨੦) ਸਾਰੰਗ ਕੀ ਵਾਰ ਮਹਲਾ ੪ ਰਾਇ ਮਹਮੇ ਹਸਨੇ ਕੀ ਧੁਨਿ (ਪੰਨਾ ੧੨੩)

੨੧) ਵਾਰ ਮਲਾਰ ਕੀ ਮਹਲਾ ੧ ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ॥ (ਪੰਨਾ ੧੨੭੮)

੨੨) ਕਾਨੜੇ ਕੀ ਵਾਰ ਮਹਲਾ ੪ ਮੂਸੇ ਕੀ ਵਾਰ ਕੀ ਧੁਨੀ (ਪੰਨਾ ੧੩੧੨)

ਉਕਤ ਵਾਰਾਂ ਨੂੰ ਗੁਰੂ ਸਾਹਿਬਾਨ ਨੇ ਜਿੱਥੇ ਵੱਖ-ਵੱਖ ਰਾਗਾਂ ਅਧੀਨ ਅੰਕਿਤ ਕੀਤਾ ਹੈ, ਉੱਥੇ ਇਨ੍ਹਾਂ ਅਧੀਨ ਵਿਭਿੰਨ ਨੌ ਵਾਰਾਂ ਨੂੰ ਗਾਉਣ ਦੀਆਂ ਧੁਨਾਂ ਵੀ ਦਿੱਤੀਆਂ ਹਨ, ਇਹ ਧੁਨਾਂ ਉਸ ਸਮੇਂ ਦੇ ਪ੍ਰਚਲਿਤ ਲੋਕ ਸੰਗੀਤਕ ਪ੍ਰਵਾਹ ਦਾ ਅਨੂਠਾ ਤੇ ਵਿਸ਼ੇਸ਼ ਅੰਗ ਹਨ। ਇਨ੍ਹਾਂ ਵਾਰਾਂ ਦੇ ਨਾਲ ਧੁਨਾਂ ਤੋਂ ਇਲਾਵਾ ਰਾਗ ਦਾ ਜੋ ਸੰਕੇਤ ਦਿੱਤਾ ਗਿਆ ਹੈ, ਉਸ ਦਾ ਸਿੱਧਾ ਸੰਬੰਧ ਗਾਇਨ ਨਾਲ ਹੈ।[੯]

ਇਨ੍ਹਾਂ ਵਾਰਾਂ ਦੀਆਂ ਸੰਕੇਤਕ ਧੁਨੀਆਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਉਣਾ ਇਨ੍ਹਾਂ ਵਾਰਾਂ ਦੀ ਪ੍ਰਸਿੱਧੀ ਅਤੇ ਪੁਰਾਤਨਤਾ ਦਾ ਪੱਕਾ ਸਬੂਤ ਹੈ ਅਤੇ ਇੱਥੋਂ ਇਹ ਵੀ

ਸੰਕੇਤ ਮਿਲਦਾ ਹੈ ਕਿ ਪੰਜਾਬੀ ਵਾਰ ਦਾ ਜਨਮ ਭਗਤ ਸ਼ੇਖ ਫਰੀਦ ਜੀ ਦੀ ਬਾਣੀ ਨਾਲ ਤੇਰਵੀਂ ਸਦੀ ਦੇ ਆਸ-ਪਾਸ ਹੋ ਚੁੱਕਾ ਸੀ।[੧੦]

ਇਹ ਧੁਨੀ ਸੰਕੇਤ ਛੇਵੇਂ ਪਾਤਸ਼ਾਹ ਨੇ ਵੀ ਦਿੱਤਾ ਹੋਇਆ ਹੈ ਕਿਉਂਕਿ ਪੰਚਮ ਪਾਤਸ਼ਾਹ ਦੀ ਸ਼ਹੀਦੀ ਤੋਂ ਬਾਅਦ ਹੀ ਛੇਵੇਂ ਗੁਰੂ ਸਾਹਿਬ ਨੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਦੀਵਾਨ ਸਜਾ ਕੇ ਵੀਰ ਰਸੀ ਵਾਰਾਂ ਗਾਉਣ ਦੀ ਪਿਰਤ ਪਾਈ। ਇਹ ਸਾਰੀਆਂ ਧੁਨਾਂ ਵੀ ਵੀਰ ਰਸੀ ਵਾਰਾਂ ਵੱਲ ਸੰਕੇਤ ਕਰਦੀਆਂ ਹਨ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਢਾਡੀ ਪਰੰਪਰਾ ਅਤੇ ਵਾਰ ਗਾਇਨ ਨੂੰ ਸਥਾਈ ਰੂਪ ਪ੍ਰਦਾਨ ਕੀਤਾ ਅਤੇ ਆਪਣੇ ਦਰਬਾਰ ਦਾ ਵਿਸ਼ੇਸ਼ ਅੰਗ ਬਣਾਇਆ, ਇਨ੍ਹਾਂ ਦੇ ਦਰਬਾਰੀ ਢਾਡੀ ਨੱਥਾ ਅਤੇ ਅਬਦੁੱਲਾ ਸਨ। ਇਹ ਦੋਵੇਂ ਯੋਧਿਆਂ ਦੀਆਂ ਵਾਰਾਂ ਗਾਇਆ ਕਰਦੇ ਸਨ:-

*ਨੱਥਾ ਢੱਡ ਬਜਾਇਆ, ਅਬਦੁਲਾ ਹਥ ਰਬਾਬਾ*
*ਅਬਦੁੱਲਾ ਢਾਡੀ ਜਸ ਸੁਨਾਏ।*[੧੧]

ਕਿਹਾ ਜਾਂਦਾ ਹੈ ਕਿ ਇਕ ਵਾਰ ਜਦੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪਣੇ ਅਨੁਆਈਆਂ ਵਿਚ ਵੀਰ ਰਸ ਦੀ ਭਾਵਨਾ ਉਤਪੰਨ ਕਰਨ ਦੇ ਲਈ ਇਕ ਢਾਡੀ ਦਰਬਾਰ ਕੀਤਾ ਤੇ ਇਨ੍ਹਾਂ ਦੋਵੇਂ ਭਰਾਵਾਂ ਨੇ ੨੨ ਵਾਰਾਂ ਗਾ ਕੇ ਸੁਣਾਈਆਂ।[੧੨]

ਲੋਕ ਵਾਰਾਂ ਪੰਜਾਬੀ ਸਮਾਜ ਤੇ ਸੱਭਿਆਚਾਰ ਦਾ ਇੰਨਾ ਅੰਗ ਬਣ ਚੁੱਕੀਆਂ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਹੁਤੀਆਂ ਵਾਰਾਂ ਨੂੰ ਇਨ੍ਹਾਂ ਦੀ ਧੁਨ 'ਤੇ ਗਾਉਣ ਦੀ ਇਕ ਖ਼ਾਸ ਪਰੰਪਰਾ ਹੈ। ਧੁਨੀ ਦਾ ਅਰਥ ਹੈ- ਗਾਉਣ ਦੀ ਧਾਰਨਾ ਜਾਂ ਗਾਉਣ ਦਾ ਢੰਗ। ਗੁਰਬਾਣੀ ਵਿਚ ਅੰਕਿਤ ੨੨ ਵਾਰਾਂ ਵਿੱਚੋਂ ੯ ਵਾਰਾਂ ਅਜਿਹੀਆਂ ਹਨ ਜਿਨ੍ਹਾਂ ਉੱਤੇ ਧੁਨੀ ਸਿਰਲੇਖ ਪਾਏ ਜਾਂਦੇ ਹਨ। ਅਸਲ ਵਿਚ ਵਾਰਾਂ ਦੀਆਂ ਲੋਕ ਧੁਨਾਂ ਗੁਰੂ-ਕਾਲ ਵਿਚ ਬਹੁਤ ਪ੍ਰਚਲਿਤ ਅਤੇ ਪ੍ਰਸਿੱਧ ਸਨ। ਇਸ ਗੱਲ ਦੀ ਪੁਸ਼ਟੀ ਭਾਈ ਕਾਨ੍ਹ ਸਿੰਘ ਨਾਭਾ ਕਰਦੇ ਹਨ ਕਿ "ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨੌ ਵਾਰਾਂ ਅਜਿਹੀਆਂ ਚੁਣੀਆਂ ਜਿਨ੍ਹਾਂ ਨੂੰ ਗਾਉਣ ਦੀ ਧਾਰਨਾ ਪੁਰਾਣੇ ਯੋਧਿਆਂ ਦੀਆਂ ਵਾਰਾਂ ਦੇ ਅਨੁਸਾਰ ਰਬਾਬੀਆਂ ਨੂੰ ਦੱਸੀ।" ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਢਾਡੀਆਂ ਤੋਂ ਇਹ ਨੌ ਧੁਨਾਂ ਵੀਰ ਰਸ ਦੀ ਪਾਲਣਾ ਲਈ ਗਵਾਈਆਂ ਜੋ ਹੁਣ ਤਕ ਟਕਸਾਲੀ ਰਾਗੀ ਰਬਾਬੀ ਗਾਉਂਦੇ ਹਨ।[੧੩]

ਇਹ ਵਾਰਾਂ ਸਿੱਖ ਸਮਾਗਮਾਂ ਅਤੇ ਕੀਰਤਨ ਦਰਬਾਰਾਂ ਵਿਚ ਗਾਈਆਂ ਜਾਂਦੀਆਂ ਹਨ। ਮੂਲ ਤੌਰ 'ਤੇ ਵਾਰ ਜੰਗ ਯੁੱਧ ਨਾਲ ਸੰਬੰਧਿਤ ਕਾਵਿ ਰੂਪ ਹੈ। ਜਿਸ ਵਿਚ ਬਹਾਦਰਾਂ ਯੋਧਿਆਂ ਦੀ ਲੜਾਈ ਸੂਰਬੀਰਤਾ ਨੂੰ ਸੰਗੀਤਮਈ ਪ੍ਰਸਤੁਤੀ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਇਸ ਦੇ ਗਾਇਕਾਂ ਨੂੰ ਢਾਡੀ ਕਿਹਾ ਜਾਂਦਾ ਹੈ। ਜਿਹੜੇ ਵਾਰਾਂ ਨੂੰ ਸੰਬੰਧਿਤ ਇਲਾਕਾਈ ਧੁਨਾਂ ਅਨੁਸਾਰ ਗਾਇਨ ਕਰਦੇ ਹਨ ਕਿਉਂ ਜੋ ਵਾਰਾਂ ਵਧੇਰੇ ਕਰਕੇ ਇਲਾਕਾਈ ਭਾਵਨਾਵਾਂ ਦ੍ਰਿਸ਼ਟੀਗੋਚਰ ਕਰ ਕੇ ਹੀ ਪੇਸ਼ ਕੀਤੀਆਂ ਜਾਂਦੀਆਂ ਹਨ। ਇਸ ਲਈ ਆਪਣੇ ਵੀਰਾਂ, ਸੂਰਬੀਰਾਂ ਦੀ ਬਹਾਦਰੀ ਸੁਣ ਕੇ ਰਾਜੇ ਮਹਾਰਾਜੇ

ਤੇ ਜਨ-ਸਾਧਾਰਨ ਅਨੰਦ ਪ੍ਰਾਪਤ ਕਰਦੇ ਹਨ। ਵਾਰ ਵੀਰ ਰਸ ਨਾਲ ਭਰਪੂਰ ਹੋਣ ਕਰਕੇ ਇਸਦਾ ਗਾਇਨ ਬੁਲੰਦ ਆਵਾਜ਼ ਵਿਚ ਕੀਤਾ ਜਾਂਦਾ ਹੈ। ਵਾਰ ਦੇ ਗਾਇਨ ਲਈ ਸਾਰੰਗੀ ਅਤੇ ਢੱਡ ਦਾ ਪ੍ਰਯੋਗ ਕੀਤਾ ਜਾਂਦਾ ਹੈ।[੧੪]

ਢਾਡੀ ਵਿਸ਼ੇਸ਼ ਕਰਕੇ ਲੋਕ ਧੁਨਾਂ ਵਿਚ ਵਾਰਾਂ ਗਾਉਂਦੇ ਹਨ। ਇਹ ਲੋਕ ਅਕਸਰ ਕਵਿਤਾਵਾਂ ਵੀ ਰਚਦੇ ਹਨ ਅਤੇ ਉਸੇ ਨੂੰ ਲੋਕ ਧੁਨਾਂ ਵਿਚ ਪਰੋ ਕੇ ਸੁਣਾਉਂਦੇ ਹਨ। ਇਹ ਕਵਿਤਾਵਾਂ ਵਾਰਾਂ ਦੀ ਹੀ ਤਰ੍ਹਾਂ ਵੀਰ ਰਸ ਨਾਲ ਓਤਪੋਤ ਹੁੰਦੀਆਂ ਹਨ ਅਤੇ ਮੁੱਖ ਉਤਸਵਾਂ ਜਿਵੇਂ ਗੁਰੂ ਸਾਹਿਬਾਨ ਦੇ ਸ਼ਹੀਦੀ ਦਿਵਸ, ਚੌਹਾਂ ਸਹਿਬਜ਼ਾਂਦਿਆਂ ਦੇ ਸ਼ਹੀਦੀ ਦਿਹਾੜੇ ਅਤੇ ਵਿਸਾਖੀ ਦੇ ਮੌਕੇ 'ਤੇ ਇਸ ਦਾ ਗਾਇਨ ਸੁਣਨ ਵਾਲਿਆਂ ਵਿਚ ਬੀਰ ਰਸ ਦਾ ਸੰਚਾਰ ਪੈਦਾ ਕਰਦਾ ਹੈ।[੧੫]

ਵਾਰ ਦੀ ਰਚਨਾ ਪਉੜੀ ਨਾਮਕ ਛੰਦ ਅਤੇ ਸਲੋਕਾਂ ਉੱਪਰ ਆਧਾਰਿਤ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੨੨ ਵਾਰਾਂ ਦਰਜ ਹਨ ਜਿਨ੍ਹਾਂ ਵਿਚ ੨੦ ਵਾਰਾਂ ਸਲੋਕਾਂ ਸਮੇਤ ਹਨ। ਕੇਵਲ ਦੋ ਵਾਰਾਂ ਅਜਿਹੀਆਂ ਹਨ ਜਿਹੜੀਆਂ ਪਉੜੀਆਂ ਵਿਚ ਹੀ ਹਨ। ਇਕ ਰਾਗ ਰਾਮਕਲੀ ਵਿਚ ਰਾਇ ਬਲਵੰਡ ਤੇ ਸਤੈ ਡੂਮਿ ਦੀ ਰਚੀ ਹੋਈ ਅਤੇ ਦੂਸਰੀ ਬਸੰਤ ਰਾਗ ਵਿਚ ਸ੍ਰੀ ਗੁਰੂ ਅਰਜਨ ਸਾਹਿਬ ਦੀ ਰਚਨਾ ਹੈ।[੧੬]

ਲੋਕ ਵਾਰ ਗਾਇਨ ਦਾ ਆਪਣਾ ਇਕ ਖਾਸ ਢੰਗ ਹੈ। ਵਾਰ ਨੂੰ ਗਾਉਣ ਵਾਲਾ ਗਵੱਈਆ ਇਸ ਦੀ ਵੰਡ ਕਲੀਆਂ ਤੇ ਵਿਚਾਰਾਂ ਵਿਚ ਕਰ ਲੈਂਦਾ ਸੀ। ਉਹ ਇਕ-ਇਕ ਕਲੀ ਗਾ ਕੇ ਉਸ ਦੇ ਨਾਲ ਵਿਚਾਰ ਸੁਣਾਉਂਦਾ ਸੀ। ਇਹ ਕਲੀ ਪੰਜ, ਸੱਤ ਜਾਂ ਦਸ, ਬਾਰ੍ਹਾਂ ਸਤਰਾਂ ਤੀਕ ਹੋ ਸਕਦੀ ਹੈ। ਵਿਚਾਰ ਤੇ ਕਲੀਆਂ ਦੇ ਸੁਮੇਲ ਰਾਹੀਂ ਗੱਲ ਸਰੋਤਿਆਂ ਦੀ ਸਮਝ ਵਿਚ ਪੈ ਜਾਂਦੀ ਹੈ।

ਗਾਇਨ ਦੀ ਦ੍ਰਿਸ਼ਟੀ ਤੋਂ ਆਸਾ ਕੀ ਵਾਰ ਦੇ ਸੰਦਰਭ ਵਿਚ ਜੇਕਰ ਅਸੀਂ ਇਨ੍ਹਾਂ ਦਾ ਅਧਿਐਨ ਕਰੀਏ ਤਾਂ ਆਸਾ ਕੀ ਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਟੁੰਡੇ ਅਸਰਾਜੇ ਦੀ (ਵਾਰ ਦੀ) ਧੁਨੀ ਦੇ ਸੰਕੇਤ ਅਨੁਸਾਰ ਅਤੇ ਆਸਾ ਰਾਗ ਵਿਚ ਹੀ ਗਾਇਆ ਜਾਂਦਾ ਹੈ। ਆਸਾ ਕੀ ਵਾਰ ਵਿਚ ਕੇਵਲ ਸਲੋਕ ਅਤੇ ਪਉੜੀਆਂ ਹੀ ਨਹੀਂ ਬਲਕਿ ਛੰਤਾਂ ਨੂੰ ਵੀ ਗਾਇਨ ਕਰਨ ਦੀ ਪ੍ਰਥਾ ਹੈ। ਆਸਾ ਕੀ ਵਾਰ ਵਿੱਚੋਂ ਛੰਤ ਦਾ ਰਾਗ ਆਸਾ ਦੇ ਅੰਤਰਗਤ ਟਕਸਾਲੀ ਗਾਇਨ ਢੰਗ ਜੋ ਪਰੰਪਰਾਗਤ ਰੂਪ ਵਿਚ ਪ੍ਰਚਲਿਤ ਹੈ, ਉਹ ਇਕ ਤਾਲ 'ਚ ਜਾਂ ਯੱਕੇ ਵਿਚ ਨਿਬੱਧ ਹੈ। ਛੰਤ ਦੇ ਗਾਇਨ ਕਰਨ ਤੋਂ ਬਾਅਦ ਸਲੋਕ ਦਾ ਸਹਾਇਕ ਰਾਗੀ ਆਸਾ ਰਾਗ ਅਧੀਨ ਅਤੇ ਤਾਲ ਤੋਂ ਸੁਤੰਤਰ ਹੋ ਕੇ ਗਾਇਨ ਕਰਦਾ ਹੈ। ਸਲੋਕ ਦੇ ਗਾਇਨ 'ਤੇ ਰਾਗੀ ਜਿੱਥੇ ਸਰੋਤੇ ਨੂੰ ਗੁਰਬਾਣੀ ਦਾ ਗਿਆਨ ਕਰਵਾਉਂਦਾ ਹੈ, ਉੱਥੇ ਸੰਬੰਧਿਤ ਰਾਗ ਦਾ ਸਰੂਪ ਵੀ ਸਪੱਸ਼ਟ ਕਰੀ ਜਾਂਦਾ ਹੈ। ਇਹ ਸਲੋਕ ਫਿਰ ਵਾਰੋ ਵਾਰੀ ਦੋਵੇਂ ਰਾਗੀ ਪੜ੍ਹਦੇ ਹਨ। ਫਿਰ ਪਾਉੜੀ ਦਾ ਤਿੰਨੇ ਰਾਗੀ ਮਿਲ ਕੇ ਮੱਧ ਲੈਅ ਅਤੇ ਤਾਰ ਸਪਤਕ ਵਿਚ ਗਾਇਨ ਕਰਦੇ ਹਨ। ਪਉੜੀ ਲਈ ਖ਼ਾਸ ਤਾਲ ਦਾ ਪ੍ਰਯੋਗ ਕੀਤਾ ਜਾਂਦਾ ਹੈ ਜੋ ਪਉੜੀ ਲਈ ਵਿਸ਼ੇਸ਼ ਹੈ ਜਿਸਦੇ ਬੋਲ:- ਗੇ ਤਿਟ ਤਾ ਗੇਤਾ ਹਨ। ਇਸ ਵਿਚ ਪਹਿਲੇ ਗੇ ਤੇ ਸਮ ਹੈ। ਪਉੜੀ

ਦੀ ਆਖਰੀ ਤੁੱਕ ਨੂੰ ਵਿਸ਼ੇ ਸਰੂਪ ਵਿਚ ਤੋੜਾ ਮਾਰ ਕੇ ਮੁਕਾਇਆ ਜਾਂਦਾ ਹੈ ਅਤੇ ਤੀਸਰੀ ਵਾਰ ਇਕ ਮਾਤਰਾ ਵਧਾ ਕੇ ਸਮਾਪਤੀ ਕੀਤੀ ਜਾਂਦੀ ਹੈ।[੧੭]

ਵਾਰ ਵੀਰ ਰਸ ਨਾਲ ਭਰਪੂਰ ਹੋਣ ਕਰਕੇ ਇਸ ਦਾ ਗਾਇਨ ਬੁਲੰਦ ਆਵਾਜ਼ ਵਿਚ ਵਧੇਰੇ ਕਰਕੇ ਤਾਰ ਸਪਤਕ ਵਿਚ ਕੀਤਾ ਜਾਂਦਾ ਹੈ। ਵਾਰਾਂ ਦੇ ਗਾਇਨ ਲਈ ਸਾਰੰਗੀ ਅਤੇ ਢੱਡ ਦਾ ਪ੍ਰਯੋਗ ਕੀਤਾ ਜਾਂਦਾ ਹੈ। ਢੱਡ ਉੱਪਰ ਚਾਰ ਮਾਤਰਾ ਦੇ ਬੋਲ ਗੇ, ਤਿਟ, ਤਾ, ਗੇਤਾ ਵਜਾਏ ਜਾਂਦੇ ਹਨ।

ਗੁਰੂ-ਕਾਲ ਵਿਚ ਵਾਰ ਗਾਇਨ ਮੁਸਲਮਾਨ ਹੀ ਕਰਦੇ ਸਨ। ਭਾਰਤ ਵਿਭਾਜਨ ਦੇ ਬਾਅਦ ਜ਼ਿਆਦਾਤਰ ਮੁਸਲਮਾਨ ਪਾਕਿਸਤਾਨੀ ਖੇਤਰ ਵਿਚ ਹੀ ਰਹਿ ਗਏ ਜਾਂ ਅਧਿਕ ਸੰਖਿਆ ਵਿਚ ਭਾਰਤ ਤੋਂ ਪਾਕਿਸਤਾਨ ਜਾ ਕੇ ਵੱਸ ਗਏ। ਫਲਸਰੂਪ ਹੁਣ ਭਾਰਤ ਵਿਚ ਵਾਰ ਗਾਇਨ ਕਰਨ ਵਾਲੇ ਮੁਸਲਮਾਨ ਢਾਡੀ ਦੇਖਣ ਵਿਚ ਨਹੀਂ ਆਉਂਦੇ। ਮਾਤਰ ਸਿੱਖ ਢਾਡੀ ਹੀ ਇਨ੍ਹਾਂ ਦਾ ਗਾਇਨ ਕਰਦੇ ਹਨ। ਇਹ ਢਾਡੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਵਾਰਾਂ ਨਾ ਗਾ ਕੇ ਸੁਤੰਤਰ ਵਾਰਾਂ ਗਾਉਂਦੇ ਹਨ। ਜਿਨ੍ਹਾਂ ਵਿਚ ਸਿੱਖ ਗੁਰੂ ਸਾਹਿਬਾਨ ਅਤੇ ਯੋਧਿਆਂ ਦੇ ਅਤੇ ਆਤਮ-ਬਲੀਦਾਨ ਦੀਆਂ ਕਥਾਵਾਂ ਦਾ ਸਮਾਵੇਸ਼ ਹੁੰਦਾ ਹੈ। ਇਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਵਾਰਾਂ ਹੀ ਗਾਈਆਂ ਜਾਂਦੀਆਂ ਹਨ।

**ਹਵਾਲੇ ਤੇ ਟਿੱਪਣੀਆਂ**


੧. ਸ਼ਬਦਾਰਥ, *ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪੰਨਾ ੮੩
੨. ਡਾ. ਚਰਨ ਸਿੰਘ, *ਬਾਣੀ ਬਿਉਰਾ*, ਪੰਨਾ ੮੯
੩. ਡਾ. ਸੁਰਿੰਦਰ ਕੌਰ 'ਕੋਹਲੀ', *ਗੁਰੂ ਨਾਨਕ- ਦਰਸ਼ਨ ਅਤੇ ਕਾਵਿ ਕਲਾ*, ਪੰਨਾ ੩੧੧
੪. ਉਹੀ, ਪੰਨਾ ੩੧੧
੫. ਉਹੀ, ਪੰਨਾ ੪੦
੬. ਸ. ਪਿਆਰਾ ਸਿੰਘ ਭੋਗਲ, *ਸਾਹਿਤਿਕ ਨਿਬੰਧ*, ਪੰਨਾ ੩੩੭
੭. ਡਾ. ਗੀਤਾ ਪੈਂਤਲ, *ਪੰਜਾਬ ਦੀ ਸੰਗੀਤ ਪਰੰਪਰਾ*, ਪੰਨਾ ੩੯
੮. ਡਾ. ਗੁਰਨਾਮ ਸਿੰਘ, *ਗੁਰਮਤਿ ਸੰਗੀਤ ਪ੍ਰਬੰਧ ਤੇ ਪਾਸਾਰ*, ਪੰਨਾ ੧੫੨
੯. ਉਹੀ, ਪੰਨਾ ੧੫੨
੧੦. ਡਾ. ਰਤਨ ਸਿੰਘ (ਜੱਗੀ), *ਗੁਰੂ ਨਾਨਕ ਵਿਚਾਰਧਾਰਾ*, ਪੰਨਾ ੧੮੦
੧੧. ਐਸ.ਐਸ ਗੋਕਲ, *ਸਿੱਖ ਧਰਮ ਅਤੇ ਸੰਗੀਤ*, ਪੰਨਾ ੬੬
੧੨. ਪ੍ਰੋ. ਪਿਆਰਾ ਸਿੰਘ, *ਸਾਹਿਤਿਕ ਨਿਬੰਧ*, ਪੰਨਾ ੩੩੭
੧੩. ਭਾਈ ਕਾਨ੍ਹ ਸਿੰਘ ਨਾਭਾ, *ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ ੫੦੧
੧੪. ਡਾ. ਗੁਰਨਾਮ ਸਿੰਘ, *ਗੁਰਮਤਿ ਸੰਗੀਤ ਪ੍ਰਬੰਧ ਤੇ ਪਾਸਾਰ*, ਪੰਨਾ ੧੫੨
੧੫. ਡਾ. ਅਜੀਤ ਸਿੰਘ ਪੈਂਤਲ, *ਸਿੱਖ ਗੁਰਦਵਾਰੋਂ ਕੇ ਹਰੀ ਕੀਰਤਨ ਮੇਂ ਸ਼ਾਸਤਰੀਯ ਸੰਗੀਤ ਕੀ ਪਰੰਪਰਾ*, ਪੰਨਾ ੫੨
੧੬. ਸਮਾਜਕ ਵਿਗਿਆਨ ਪੱਤਰ, *ਗੁਰਮਤਿ ਸੰਗੀਤ ਦੀਆਂ ਲੋਕ ਗਾਇਨ ਸ਼ੈਲੀਆਂ*, ਪੰਨਾ ੧੩
੧੭. ਡਾ. ਗੁਰਨਾਮ ਸਿੰਘ, *ਗੁਰਮਤਿ ਸੰਗੀਤ ਪ੍ਰਬੰਧ ਤੇ ਪਾਸਾਰ*, ਪੰਨਾ ੧੫੨


■

# ਸ਼ਹੀਦ ਊਧਮ ਸਿੰਘ

*-ਪ੍ਰੋ. ਕੁਲਬੀਰ ਸਿੰਘ**

*ਸ਼ਹੀਦੋਂ ਕੀ ਚਿਤਾਓਂ, ਪੇ ਲਗੇਂਗੇ ਹਰ ਬਰਸ ਮੇਲੇ*
*ਵਤਨ ਪੇ ਮਿਟਨੇ ਵਾਲੋਂ ਕਾ, ਬਾਕੀ ਯਹੀ ਨਿਸ਼ਾਂ ਹੋਗਾ।*

ਮਨੁੱਖੀ ਦਿਲਾਂ, ਮਨੁੱਖੀ ਵਲਵਲਿਆਂ, ਮਨੁੱਖੀ ਅਕੀਦਿਆਂ ਨੂੰ ਟੁੰਬਣ ਵਾਲੇ ਇਹ ਬੋਲ ਜਿਸ ਕਵੀ ਨੇ ਕਹੇ, ਉਸਦੇ ਖਾਬੋ-ਖਿਆਲ ਵਿਚ ਵੀ ਨਹੀਂ ਆਇਆ ਹੋਣਾ ਕਿ ਉਸਦੇ ਆਪਣੇ ਦੇਸ਼ ਵਿਚ ਹੀ ਇਕ ਇਹੋ ਜਿਹਾ ਲਾਸਾਨੀ ਸ਼ਹੀਦ ਹੋਵੇਗਾ, ਜਿਸ ਦੀ ਸੰਸਾਰ ਵਿਚ ਤਰਥੱਲੀ ਮਚਾ ਦੇਣ ਵਾਲੀ ਕੁਰਬਾਨੀ ਨੂੰ ਉਸਦੇ ਆਪਣੇ ਦੇਸ਼ ਦੀ ਸਰਕਾਰ ਹੀ ਅੱਧੀ ਸਦੀ ਅਣਗੌਲਿਆ ਕਰ ਰੱਖੇਗੀ। ਅੰਗਰੇਜ਼ ਜਿਸਦੇ ਰਾਜ ਵਿਚ ਸੂਰਜ ਨਾ ਡੁੱਬਦਾ ਹੋਵੇ, ਉਸਦੇ ਇਕ ਹੈਂਕੜਬਾਜ਼ ਹੁਕਮਰਾਨ ਨੂੰ ਸੱਤ ਸਮੁੰਦਰ ਚੀਰ ਕੇ ਉਸਦੇ ਆਪਣੇ ਹੀ ਘਰ ਵਿਚ ਜਾ ਕੇ ਸ਼ਰ-ਏ-ਆਮ ਭਰੇ ਦਰਬਾਰ, ਦਿਨ-ਦਿਹਾੜੇ, ਇਕ ਭਰੇ ਮੇਲੇ ਵਿਚ ਉਸੇ ਤਰ੍ਹਾਂ ਗੋਲੀ ਮਾਰ ਕੇ ਕਤਲ ਕਰ ਦਿੱਤਾ ਹੋਵੇ, ਜਿਸ ਤਰ੍ਹਾਂ ਭਰੇ ਮੇਲੇ ਵਿਚ ਉਸਨੇ ਹਜ਼ਾਰਾਂ ਨਿਰਦੋਸ਼ਿਆਂ ਨੂੰ ਦਿਨ-ਦਿਹਾੜੇ ਦਾਣਿਆਂ ਵਾਂਗ ਭੁੰਨ ਸੁੱਟਿਆ ਸੀ। ਮਨੁੱਖ ਦੇ ਕਰਤੱਵ ਸੱਚਮੁਚ ਉਦੋਂ ਕੁਦਰਤੀ ਕ੍ਰਿਸ਼ਮਾ ਬਣ ਜਾਂਦੇ ਹਨ, ਜਦੋਂ ਉਹ ਤਨੋ-ਮਨੋ ਆਪਣੇ ਸੰਕਲਪ ਪ੍ਰਤੀ ਇਮਾਨਦਾਰ ਹੋ ਜਾਂਦਾ ਹੈ।

ਸ. ਊਧਮ ਸਿੰਘ ਇਕ ਅਜਿਹਾ ਹੀ ਦ੍ਰਿੜ੍ਹ-ਇਰਾਦੇ ਵਾਲਾ ਸੂਰਬੀਰ ਯੋਧਾ ਸੀ, ਜੋ ਆਪਣੇ ਮਨ ਵਿਚ ਇਹ ਗੱਲ ਪੱਕੀ ਕਰ ਚੁੱਕਿਆ ਸੀ ਕਿ ਇਕ ਦਿਨ ਉਹ ਜ਼ਰੂਰ ਜਲ੍ਹਿਆਂ ਵਾਲੇ ਬਾਗ ਦੇ ਕਤਲ-ਏ-ਆਮ ਦਾ ਬਦਲਾ ਲਵੇਗਾ। ਸ. ਊਧਮ ਸਿੰਘ ਦਾ ਜਨਮ ੨੬ ਦਸੰਬਰ, ੧੮੯੯ ਈ. ਨੂੰ ਪੰਜਾਬ ਦੇ ਛੋਟੇ ਜਿਹੇ ਪਿੰਡ ਸੁਨਾਮ ਵਿਖੇ ਮਾਤਾ ਨਰੈਣ ਕੌਰ ਦੀ ਕੁੱਖੋਂ, ਪਿਤਾ ਟਹਿਲ ਸਿੰਘ ਦੇ ਘਰ ਹੋਇਆ। ਉਸਦੇ ਜਨਮ ਤੋਂ ਛੇਤੀ ਬਾਅਦ ਉਸਦੀ ਮਾਂ ਸਵਰਗਵਾਸ ਹੋ ਗਈ। ਗਰੀਬ ਪਿਤਾ ਦੇ ਮੋਢਿਆਂ 'ਤੇ ਆਪਣੇ ਦੋ ਬੱਚਿਆਂ ਨੂੰ ਪਾਲਣ ਦੀ ਜ਼ਿੰਮੇਵਾਰੀ ਪੈ ਗਈ। ਸ. ਊਧਮ ਸਿੰਘ ਦੇ ਪਿਤਾ ਇਕ ਸਧਾਰਨ ਕਿਸਾਨ ਸਨ, ਜੋ ਰੇਲਵੇ ਫਾਟਕ 'ਤੇ ਨੌਕਰੀ ਕਰ ਕੇ ਘਰ ਦਾ ਗੁਜ਼ਾਰਾ ਚਲਾਉਂਦੇ ਸਨ। ਸ. ਊਧਮ ਸਿੰਘ ਦਾ ਬਚਪਨ ਦਾ ਨਾਂ ਸ਼ੇਰ ਸਿੰਘ ਸੀ। ੧੯੦੭ ਈ. ਨੂੰ ਪਿਤਾ ਸ. ਟਹਿਲ ਸਿੰਘ ਦੇ ਮਨ ਵਿਚ ਆਇਆ ਕੇ ਉਹ ਆਪਣੇ ਬੱਚਿਆਂ ਨੂੰ ਦੀਵਾਲੀ 'ਤੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਵਾ ਕੇ ਲਿਆਏ। ਸ੍ਰੀ ਅੰਮ੍ਰਿਤਸਰ ਪੁੱਜ ਕੇ ਸ. ਟਹਿਲ ਸਿੰਘ ਅਚਾਨਕ ਬਿਮਾਰ ਪੈ ਗਿਆ, ਰਾਮ-ਬਾਗ ਹਸਪਤਾਲ ਵਿਚ ਇਕ ਰਾਤ ਗੁਜ਼ਾਰਨ ਤੋਂ ਬਾਅਦ ਉਸਦੀ ਮੌਤ ਹੋ ਗਈ। ਮਾਂ

*ਅਸਿਟੈਂਟ ਪ੍ਰੋਫੈਸਰ, ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ (ਤਰਨਤਾਰਨ) ਮੋ: +੯੧੯੮੮੦੫-੧੨੮੨੦

ਪਹਿਲਾਂ ਮਰ ਚੁੱਕੀ ਸੀ। ਦੋਵੇਂ ਭਰਾ ਯਤੀਮ ਹੋ ਗਏ। ਦੋਹਾਂ ਭਰਾਵਾਂ ਨੂੰ ਉਨ੍ਹਾਂ ਦੇ ਦੂਰ ਦੇ ਰਿਸ਼ਤੇਦਾਰ ਰਾਗੀ ਚੰਚਲ ਸਿੰਘ ਸੁਨਾਮ ਨੇ ੨੪ ਅਕਤੂਬਰ, ੧੯੦੭ ਈ. ਨੂੰ ਸੈਂਟਰਲ ਖ਼ਾਲਸਾ ਯਤੀਮਖਾਨਾ ਪੁਤਲੀਘਰ ਸ੍ਰੀ ਅੰਮ੍ਰਿਤਸਰ ਵਿਖੇ ਦਾਖਲ ਕਰਵਾ ਦਿੱਤਾ। ਯਤੀਮਖਾਨੇ ਦੇ ਨਿਯਮਾਂ ਅਨੁਸਾਰ ਸਵੇਰੇ ਚਾਰ ਵਜੇ ਉੱਠਣਾ, ਇਸ਼ਨਾਨ ਕਰਨਾ, ਗੁਰਦੁਆਰਾ ਸਾਹਿਬ ਜਾ ਕੇ ਪਾਠ ਕਰਨਾ ਉਨ੍ਹਾਂ ਦਾ ਨਿੱਤ ਕਰਮ ਸੀ। ਅਚਾਨਕ ੧੯੧੭ ਈ. ਵਿਚ ਉਸਦੇ ਵੱਡੇ ਭਰਾ ਸਾਧੂ ਸਿੰਘ ਦੀ ਨਮੂਨੀਆ ਹੋ ਜਾਣ ਕਾਰਨ ਮੌਤ ਹੋ ਗਈ। ਸ. ਊਧਮ ਸਿੰਘ ਇਕੱਲਾ ਰਹਿ ਗਿਆ। ਜ਼ਿੰਦਗੀ ਵਿਚ ਉਪਜੀਆਂ ਤੰਗੀਆਂ-ਤੁਰਸ਼ੀਆਂ ਨੇ ਉਸ ਨੂੰ ਮਜ਼ਬੂਤ ਦਿਲ ਅਤੇ ਉੱਚੇ ਮਨੋਬਲ ਵਾਲਾ ਇਨਸਾਨ ਬਣਾ ਦਿੱਤਾ। ੧੭੧੮ ਈ. ਵਿਚ ਉਸਨੇ ਦਸਵੀਂ ਜਮਾਤ ਪਾਸ ਕਰ ਲਈ।

**ਜਲ੍ਹਿਆਂਵਾਲੇ ਬਾਗ ਦਾ ਹੱਤਿਆਂਕਾਂਡ ਅਤੇ ਬਦਲੇ ਦੀ ਸਹੁੰ:** ਸਰ ਮਾਈਕਲ ਓਡਵਾਇਰ ੧੮੮੪ ਈ. ਵਿਚ I.C.S ਦਾ ਇਮਤਿਹਾਨ ਪਾਸ ਕਰਨ ਉਪਰੰਤ ਭਾਰਤ ਵਿਚ ਵੱਖ-ਵੱਖ ਅਹੁਦਿਆਂ 'ਤੇ ਕੰਮ ਕਰਨ ਤੋਂ ਬਾਅਦ ਦਸੰਬਰ ੧੯੧੨ ਈ. ਵਿਚ ਪੰਜਾਬ ਦਾ ਲੈਫਟੀਨੈਂਟ ਗਵਰਨਰ ਨਿਯੁਕਤ ਹੋ ਗਿਆ। ੧੯੧੩ ਈ. ਵਿਚ ਪਹਿਲੀ ਸੰਸਾਰ ਜੰਗ ਲੱਗਣ ਤੋਂ ਬਾਅਦ ਅੰਗਰੇਜ਼ ਸਰਕਾਰ ਨੂੰ ਵੱਧ ਤੋਂ ਵੱਧ ਸੈਨਿਕਾਂ ਦੀ ਲੋੜ ਸੀ, ਤਾਂ ਜੋ ਦੁਸ਼ਮਣ ਦੇਸ਼ਾਂ ਖਿਲਾਫ ਲੜਿਆ ਜਾ ਸਕੇ। ਮਾਈਕਲ ਓਡਵਾਇਰ ਨੇ ਪੰਜਾਬ ਦੇ ਹਜ਼ਾਰਾਂ ਨੌਜਵਾਨਾਂ 'ਤੇ ਭਾਰੀ ਤਸ਼ੱਦਦ ਕਰ ਕੇ ਉਨ੍ਹਾਂ ਨੂੰ ਜਬਰੀ ਅੰਗਰੇਜ਼ ਸੈਨਾ ਵਿਚ ਭਰਤੀ ਕਰਵਾਇਆ। ਸੰਸਾਰ ਜੰਗ ਲੱਗ ਜਾਣ ਕਰਕੇ ਲੰਡਨ ਬੈਠੀ ਅੰਗਰੇਜ਼ ਸਰਕਾਰ ਦੀ ਹਿੰਦੁਸਤਾਨ ਵਿਚ ਕੰਮ ਕਰ ਰਹੇ ਸਾਰੇ ਹੀ ਅੰਗਰੇਜ਼ ਅਧਿਕਾਰੀਆਂ ਨੂੰ ਇਹ ਸਖਤ ਹਦਾਇਤ ਸੀ ਕਿ ਉਹ ਭਾਰਤੀ ਲੋਕਾਂ ਦੇ ਕਿਸੇ ਵੀ ਤਰ੍ਹਾਂ ਦੇ ਵਿਦਰੋਹ ਜਾਂ ਅੰਦੋਲਨ ਨੂੰ ਸਖਤੀ ਨਾਲ ਦਬਾਉਣ।

੧੯੧੯ ਈ. ਵਿਚ ਅੰਗਰੇਜ਼ਾਂ ਰੋਲਟ ਐਕਟ (Revolutionary Crimes Act) ਬਣਾ ਦਿੱਤਾ, ਇਸ ਐਕਟ ਮੁਤਾਬਕ ਕਿਸੇ ਵੀ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਸੀ ਅਤੇ ਗ੍ਰਿਫਤਾਰ ਹੋਣ ਵਾਲੇ ਵਿਅਕਤੀ ਨੂੰ ਅਪੀਲ, ਦਲੀਲ ਅਤੇ ਵਕੀਲ ਦਾ ਅਧਿਕਾਰ ਵੀ ਨਹੀਂ ਸੀ। ਇਸ ਐਕਟ ਦਾ ਨਾਂ ਰੋਲਟ ਐਕਟ ਇਸ ਲਈ ਰੱਖਿਆ ਗਿਆ ਕਿਉਂਕਿ ਇਸ ਐਕਟ ਦੀ ਰੂਪ-ਰੇਖਾ ਬ੍ਰਿਟਿਸ਼ ਜੱਜ ਜਸਟਿਸ ਰੋਲਟ ਨੇ ਤਿਆਰ ਕੀਤੀ ਸੀ। ਸਾਰੇ ਹਿੰਦੁਸਤਾਨ ਵਿਚ ਇਸ ਨਾਦਰਸ਼ਾਹੀ ਕਾਨੂੰਨ ਖ਼ਿਲਾਫ ਵੱਡੀ ਪੱਧਰ 'ਤੇ ਰੋਸ ਮੁਜਾਹਰੇ ਹੋਏ। ੧੩ ਅਪ੍ਰੈਲ, ੧੯੧੯ ਈ. ਨੂੰ ਵੈਸਾਖੀ ਦਾ ਦਿਨ ਸੀ। ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਨ ਲਈ ਪਿੰਡਾਂ-ਕਸਬਿਆਂ ਤੋਂ ਲੋਕ ਸ੍ਰੀ ਅੰਮ੍ਰਿਤਸਰ ਪੁੱਜੇ ਹੋਏ ਸਨ। ਇਸੇ ਦਿਨ ਹੀ ਜਲ੍ਹਿਆਂ ਵਾਲੇ ਬਾਗ ਦੀ ਹਦੂਦ ਦੇ ਅੰਦਰ ਲੋਕਾਂ ਦੇ ਹਰਮਨ-ਪਿਆਰੇ ਲੀਡਰ ਡਾ.

ਸੱਤਿਆਪਾਲ ਅਤੇ ਡਾ. ਕਿਚਲੂ ਦੀ ਗ੍ਰਿਫਤਾਰੀ ਵਿਰੁੱਧ ਇਕ ਵਿਸ਼ਾਲ ਜਲਸਾ ਸੀ। ਡਾ. ਸਿਕੰਦਰ ਸਿੰਘ ਅਨੁਸਾਰ ਜਰਨਲ ਡਾਇਰ ਜੋ ਉਸ ਸਮੇਂ ਸ੍ਰੀ ਅੰਮ੍ਰਿਤਸਰ ਪੁਲਿਸ ਦਾ ਇੰਚਾਰਜ ਸੀ। ੫੦ ਸਿਪਾਹੀਆਂ ਦੀ ਇਕ ਟੁਕੜੀ ਨਾਲ ਬਾਗ ਅੰਦਰ ਦਾਖ਼ਲ ਹੋਇਆ ਅਤੇ ਉਸਨੇ ਨਿਹੱਥੇ ਲੋਕਾਂ ਉੱਪਰ ਫਾਇਰ ਖੋਲਣ ਦਾ ਹੁਕਮ ਦੇ ਦਿੱਤਾ। ਕੁਝ ਹੀ ਪਲਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸ਼ਹੀਦ ਕਰ ਦਿੱਤੇ ਗਏ। ਸਾਰੇ ਭਾਰਤ ਵਿਚ ਇਸ ਕਤਲ-ਏ-ਆਮ ਖ਼ਿਲਾਫ ਹਾਹਾ-ਕਾਰ ਮੱਚ ਗਈ, ਉਨ੍ਹੀਂ ਦਿਨੀਂ ਸੈਂਟਰਲ ਖ਼ਾਲਸਾ ਯਤੀਮਖਾਨਾ ਦੇ ਪ੍ਰਬੰਧਕਾਂ ਦੁਆਰਾ ਕੁਝ ਸਿਆਣੇ ਵਿਦਿਆਰਥੀਆਂ ਦੀ ਡਿਊਟੀ ਬਾਗ ਵਿਚਲੇ ਜ਼ਖ਼ਮੀਆਂ ਦੀ ਸੇਵਾ ਕਰਨ 'ਤੇ ਲਗਾਈ ਗਈ। ਸ. ਊਧਮ ਸਿੰਘ ਉਨ੍ਹਾਂ ਵਿੱਚੋਂ ਇਕ ਸੀ। ਉਸਨੇ ਮੌਤ ਦਾ ਇਹ ਸਾਰਾ ਮੰਜਰ ਆਪਣੇ ਅੱਖੀਂ ਦੇਖਿਆ। ਉਸੇ ਦਿਨ ਹੀ ਉਸਨੇ ਸਹੁੰ ਚੁੱਕ ਲਈ ਕਿ ਉਹ ਇਕ ਦਿਨ ਇਸ ਕਤਲ-ਏ-ਆਮ ਦਾ ਬਦਲਾ ਜ਼ਰੂਰ ਲਵੇਗਾ। ਕੁਝ ਸਮੇਂ ਬਾਅਦ ਉਸਨੇ ਯਤੀਮਖਾਨਾ ਛੱਡ ਦਿੱਤਾ। ਉਸਨੇ ਕ੍ਰਾਤੀਕਾਰੀਆਂ ਨਾਲ ਆਪਣੇ ਸੰਬੰਧ ਸਥਾਪਿਤ ਕਰ ਲਏ। ੧੯੨੮ ਈ. ਨੂੰ ਸਿਟੀ ਕੋਤਵਾਲ ਪੁਲਿਸ ਸ੍ਰੀ ਅੰਮ੍ਰਿਤਸਰ ਦੁਆਰਾ ਥਾਣੇਦਾਰ ਸੱਯਦ ਸਰਕਾਰ ਅਲੀਧਾਰ ਦੀ ਅਗਵਾਈ ਹੇਠ ਉਸ ਨੂੰ ਗ੍ਰਿਫਤਾਰ ਕੀਤਾ ਗਿਆ। FIR. No 327/139 ਤਹਿਤ ਉਸ ਖਿਲਾਫ ਨਜਾਇਜ਼ ਹਥਿਆਰ ਰੱਖਣ ਅਤੇ ਕ੍ਰਾਂਤੀਕਾਰੀ ਗਤੀਵਿਧੀਆਂ ਵਿਚ ਭਾਗ ਲੈਣ ਕਰਕੇ ਕੇਸ ਦਰਜ ਕੀਤਾ ਗਿਆ। ਇਸ ਕੇਸ ਵਿਚ ਉਸਨੂੰ ਪੰਜ ਸਾਲ ਸਜ਼ਾ ਹੋਈ। ੧੯੩੩ ਈ. ਵਿਚ ਸ. ਊਧਮ ਸਿੰਘ ਜੇਲ੍ਹ ਵਿੱਚੋਂ ਰਿਹਾਅ ਹੋ ਗਿਆ। ੧੯੩੩ ਈ. ਤੋਂ ਲੈ ਕੇ ੧੯੪੦ ਈ. ਤਕ ਊਧਮ ਸਿੰਘ ਆਪਣੇ ਮਕਸਦ ਦੀ ਕਾਮਯਾਬੀ ਲਈ ਵੱਖ-ਵੱਖ ਵਿਊਂਤਾਂ ਘੜਦਾ ਰਿਹਾ। Times of London ਦੇ ੧੨ ਮਾਰਚ, ੧੯੪੦ ਈ. ਦੇ ਹਵਾਲੇ ਅਨੁਸਾਰ ਉਸਨੇ ਪੜ੍ਹਿਆ ਕਿ ੧੩ ਮਾਰਚ ਨੂੰ ਲੰਡਨ ਦੇ ਕੈਕਸਟਨ Coxton ਹਾਲ ਵਿਚ ਇਕ ਮੀਟਿੰਗ ਹੈ ਜਿਸ ਵਿਚ ਜਨਰਲ ਓਡਵਾਇਰ Genral O Dwyer ਸ਼ਾਮਿਲ ਹੋਵੇਗਾ। ਨਿਸ਼ਚਿਤ ਦਿਨ ਸ਼ਾਮ ਸਾਢੇ ਚਾਰ ਵਜੇ ਕੈਕਸਟਨ ਹਾਲ ਸਰੋਤਿਆਂ ਨਾਲ ਖਚਾ-ਖਚ ਭਰਿਆ ਹੋਇਆ ਸੀ। ਸਟੇਜ ਉੱਪਰ ਪ੍ਰਧਾਨਗੀ ਕੁਰਸੀ 'ਤੇ ਲਾਰਡ ਜੇਟਲੈਂਡ ਬੈਠਾ ਸੀ, ਜੋ ਕਿਸੇ ਸਮੇਂ ਭਾਰਤੀ ਰਿਆਸਤਾਂ ਦਾ ਸਕੱਤਰ ਅਤੇ ਬੰਬਈ ਦਾ ਗਵਰਨਰ ਰਹਿ ਚੁੱਕਾ ਸੀ। ਲਾਰਡ ਲਮਿੰਗਟਨ, ਸਰ ਲੁਇਸ ਡੇਕ ਅਤੇ ਮਾਈਕਲ ਓਡਵਾਇਰ ਮੰਚ 'ਤੇ ਬੈਠੇ ਬੋਲਣ ਵਾਲੇ ਬੁਲਾਰਿਆਂ ਵਿਚ ਸ਼ਾਮਲ ਸਨ। ਲਾਰਡ ਲਮਿੰਗਟਨ ਨੇ ਅਫਗਾਨਿਸਤਾਨ ਬਾਰੇ ਆਪਣਾ ਲੈਕਚਰ ਦਿੱਤਾ। ਜਦ ਮਾਈਕਲ ਓਡਵਾਇਰ ਦੀ ਵਾਰੀ ਆਈ ਤਾਂ ਉਸਨੇ ਬੜੇ ਮਾਣ ਨਾਲ ਆਪਣੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਨਾ ਸ਼ੁਰੂ ਕਰ ਦਿੱਤਾ। ਇਸ ਸਮੇਂ ਸ. ਊਧਮ ਸਿੰਘ ਹਾਲ ਵਿਚ ਲੱਗੀਆਂ ਕੁਰਸੀਆਂ ਦੀ ਚੌਥੀ ਲਾਈਨ ਵਿਚ ਖੜਾ ਸੀ। ਸ. ਊਧਮ ਸਿੰਘ ਦਾ ਖ਼ੂਨ

ਖੌਲ ਉੱਠਿਆ ੨੧ ਸਾਲਾਂ ਦੀ ਸਖਤ ਘਾਲਣਾ ਤੋਂ ਬਾਅਦ ਅੱਜ ਉਸਦਾ ਉਦੇਸ਼ ਪੂਰਾ ਹੋਣ ਲੱਗਿਆ ਸੀ। ਦੇਰੀ ਨਾ ਕਰਦਿਆਂ ਸ. ਊਧਮ ਸਿੰਘ ਨੇ ਆਪਣੇ ਉਵਰਕੋਟ ਵਿੱਚੋਂ ਪਿਸਟਲ ਕੱਢ ਕੇ ਉਡਵਾਇਰ ਵੱਲ ਸਿੱਧੀਆਂ ਗੋਲੀਆਂ ਦਾਗਣੀਆਂ ਸ਼ੁਰੂ ਕਰ ਦਿੱਤੀਆਂ। ਪਲਾਂ ਵਿਚ ਹੀ ਉਡਵਾਇਰ ਜ਼ਮੀਨ 'ਤੇ ਡਿੱਗ ਪਿਆ। ਹਾਲ ਵਿਚ ਖਾਸ ਕਿਸਮ ਦਾ ਸਨਾਟਾ ਛਾ ਗਿਆ। ਹਰ ਪਾਸੇ ਹਾਹਾਕਾਰ ਮੱਚ ਗਈ। ਮੌਕੇ 'ਤੇ ਮੌਜੂਦ ਸਿਪਾਹੀਆਂ ਨੇ ਸ. ਊਧਮ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਇਸ ਸਮੇਂ ਸ. ਊਧਮ ਸਿੰਘ ਨੇ ਕਿਹਾ ਕਿ "ਵੇਖੋ ਮੇਰਾ ਉਦੇਸ਼ ਪੂਰਾ ਹੋ ਗਿਆ ਹੈ ਮੈ ਭੱਜਾਂਗਾ ਨਹੀਂ, ਤੁਸੀਂ ਜੋ ਕਰਨਾ ਹੈ ਕਰ ਲਵੋ!" ਇਸ ਪ੍ਰਸੰਗ ਵਿਚ ਸ. ਕਰਤਾਰ ਸਿੰਘ ਬਲੱਗਣ ਲਿਖਦੇ ਹਨ ਕਿ:

*ਊਧਮ ਸਿੰਘ ਸਰਦਾਰ ਨੇ ਮਾਰ ਗੋਲੀ,*
*ਡਿੱਠਾ ਜਦੋਂ ਮੂਜੀ ਹਿੱਲਣੋ ਰਹਿ ਗਿਆ ਏ।*
*ਲੱਗਾ ਕਹਿਣ ਕੀ ਅਣਖੇ ਪੰਜਾਬ ਦੀਏ,*
*ਤੇਰਾ ਕਰਜ ਮੇਰੇ ਸਿਰ ਤੋਂ, ਲਹਿ ਗਿਆ ਏ।*

੩੧ ਜੁਲਾਈ, ੧੯੪੦ ਈ. ਨੂੰ ਪੈਟਕਵਿਲੇ ਜੇਲ੍ਹ ਵਿਚ ਇਸ ਮਹਾਨ ਵਿਅਕਤੀ ਨੂੰ ਫਾਂਸੀ 'ਤੇ ਲਟਕਾ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਤਰ੍ਹਾਂ ਇਕ ਸੂਰਬੀਰ ਯੋਧੇ ਨੇ ੨੧ ਵਰ੍ਹੇ ਆਪਣੇ ਸੀਨੇ ਵਿਚ ਸਾਂਭੇ ਉਦੇਸ਼ ਨੂੰ ਪੂਰਾ ਕਰਕੇ ਹਿੰਦੁਸਤਾਨ ਦੀ ਇੱਜ਼ਤ ਲੰਡਨ ਦੀਆਂ ਗਲੀਆਂ ਵਿਚ ਰੁਲਣੋਂ ਬਚਾਈ।

**ਹਵਾਲੇ ਅਤੇ ਟਿੱਪਣੀਆਂ**

੧. ਡਾ. ਸਿਕੰਦਰ ਸਿੰਘ, *ਕੌਮ ਦਾ ਸ਼ਹੀਦ ਊਧਮ ਸਿੰਘ*, ਯੂਨੀਸਟਾਰ ਪਬਲੀਕੇਸ਼ਨ।
੨. ਸ਼ਹੀਦ ਊਧਮ ਸਿੰਘ ਦੇ ਜਨਮ ਨੂੰ ਸਮਰਪਿਤ ਵਿਸ਼ੇਸ਼ ਅੰਕ *ਸੋਵੀਨਰ*, ਸੈਂਟ੍ਰਲ ਖ਼ਾਲਸਾ ਯਤੀਮਖਾਨਾ, ਸ੍ਰੀ ਅੰਮ੍ਰਿਤਸਰ।
੩. *AIR-1940 (All India Reporter)*, Lahore Asr, Brr Association Library.

■

## ਕਠੂਆ ਵਿਖੇ ਅੰਮ੍ਰਿਤ-ਸੰਚਾਰ

ਇੰਚਾਰਜ, ਸਿੱਖ ਮਿਸ਼ਨ ਜੰਮੂ-ਕਸ਼ਮੀਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ. ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਗੁਰਦੁਆਰਾ ਸਿੰਘ ਸਭਾ, ਮੁਕੰਦਪੁਰ ਲਬਾਣਾ, ਕਠੂਆ ਵਿਖੇ ੧੪ ਮਈ, ੨੦੧੯ ਨੂੰ ਹੋਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ਕੁੱਲ ੬੨ ਪ੍ਰਾਣੀ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ ਰਹਿਤ ਦਿੱਤੇ ਗਏ।

# ਸਿੱਖ ਨੌਜੁਆਨ ਪੀੜ੍ਹੀ ਨੂੰ ਸਾਂਭਣ ਦੀ ਮੁੱਖ ਲੋੜ

*-ਸ. ਰਘਬੀਰ ਸਿੰਘ 'ਬੈਂਸ'**

ਸਿੱਖ ਜਗਤ ਪਾਸ ਭਾਗਾਂ ਭਰੀ ਨਿਆਮਤ ਤੇ ਮਨੁੱਖਤਾ ਦੇ ਭਲੇ, ਖੁਸ਼ਹਾਲੀ, ਸੁੱਖ, ਸ਼ਾਂਤੀ, ਸਹਿਣਸ਼ੀਲਤਾ ਅਤੇ ਚੜ੍ਹਦੀ ਕਲਾ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਾਖਿਓਂ ਮਿੱਠੀ ਬਾਣੀ ਤੇ ਸਦਾ ਸਲਾਮਤ ਰਹਿਣ ਵਾਲੀ ਅਨੰਤ ਦਾਤ ਬਿਰਾਜਮਾਨ ਹੈ। ਇਹ ਦਾਤ ਸਚਿਆਰੇ ਜੀਵਨ ਲਈ ਜਾਗਤ ਜੋਤ, ਸੋਝੀ ਤੇ ਵਿਸ਼ਵ ਭਰ ਲਈ ਪਰਮਾਤਮਾ ਦੀ ਪ੍ਰਾਪਤੀ ਵਾਸਤੇ ਅਨਮੋਲ ਖਜ਼ਾਨਾ ਵੀ ਹੈ। ਸਿੱਖ ਕੌਮ ਇਸ ਗੱਲੋਂ ਵੀ ਭਾਗਸ਼ਾਲੀ ਹੈ ਕਿ ਇਸ ਪਾਸ ਗੌਰਵ ਭਰਿਆ ਇਤਿਹਾਸ, ਮਾਣਮੱਤਾ ਸੱਭਿਆਚਾਰ, ਪੁਰਖਿਆਂ ਦੀ ਬੇਸ਼-ਕੀਮਤੀ ਵਿਰਾਸਤ, ਮਾਖਿਓਂ ਮਿੱਠੀ ਬੋਲੀ ਤੇ ਕਰਤਾ ਪੁਰਖ ਪਰਮਾਤਮਾ ਦੀ ਪ੍ਰਾਪਤੀ ਵਾਸਤੇ ਸਵਰਨਮਈ ਜੀਵਨ-ਜਾਚ ਦਾ ਸੁਨਹਿਰੀ ਜ਼ਖ਼ੀਰਾ ਵੀ ਹੈ।

ਸਿੱਖ ਧਰਮ ਮਨੁੱਖਤਾ ਨੂੰ ਆਪਸੀ ਪ੍ਰੇਮ, ਪਿਆਰ, ਤਿਆਗ, ਨਿਮਰਤਾ ਤੇ ਵਿਸ਼ਵ ਸ਼ਾਂਤੀ ਦਾ ਪੈਗਾਮ ਦਿੰਦਾ ਹੈ। ਧਰਮ ਹੀ ਮਨੁੱਖਤਾ ਨੂੰ ਸਬਰ, ਸੰਤੋਖ, ਹਮਦਰਦੀ ਤੇ ਸਰਬੱਤ ਦੇ ਭਲੇ ਦਾ ਉਪਦੇਸ਼ ਵੀ ਦਿੰਦਾ ਹੈ। ਇਹ ਪ੍ਰਤੱਖ ਸੱਚ ਹੈ ਕਿ ਸਦੀਆਂ ਤੋਂ ਹੀ ਗੁਰੂ ਸਾਹਿਬਾਨ, ਯੋਧਿਆਂ, ਸੂਰਬੀਰਾਂ ਤੇ ਯੁੱਗ ਪਲਟਾਊ ਮਹਾਂਪੁਰਸ਼ਾਂ ਨੇ ਇਸ ਮਾਣਮੱਤੇ ਇਤਿਹਾਸ ਦੀ ਸਿਰਜਨਾ ਕਰ ਕੇ ਸਾਨੂੰ ਸੱਚੇ-ਸੁੱਚੇ ਜੀਵਨ ਲਈ ਸੰਦੇਸ਼, ਆਦੇਸ਼ ਤੇ ਉਪਦੇਸ਼ ਵੀ ਦਿੱਤੇ ਹਨ। ਮਾਣਮੱਤੇ ਕਿਰਤੀਆਂ ਤੇ ਸਚਿਆਰੇ ਮਹਾਂਪੁਰਖਾਂ ਨੇ ਮਨੁੱਖਤਾ ਨੂੰ ਇਸ ਧਰਮ ਪ੍ਰਤੀ ਸੋਝੀ ਤੇ ਗਿਆਨ ਦਾ ਵਡਮੁੱਲਾ ਖਜ਼ਾਨਾ ਵੀ ਦਿੱਤਾ ਹੈ। ਸਮੇਂ ਸਮੇਂ ਸਿਰ ਸਿੱਖ ਜਗਤ ਦੀਆਂ ਸਤਿਕਾਰ ਯੋਗ ਮਾਤਾਵਾਂ ਤੇ ਧੀਆਂ-ਭੈਣਾਂ ਨੇ ਆਪੋ-ਆਪਣੇ ਪਰਵਾਰਾਂ ਤੇ ਔਲਾਦ ਦੀਆਂ ਅਹੂਤੀਆਂ ਦੇ ਕੇ ਕੀਮਤੀ ਸੱਭਿਆਚਾਰ ਤੇ ਵਿਰਸੇ ਦੀ ਸੰਭਾਲ ਕਰਨ ਦਾ ਸਾਨੂੰ ਮਾਣ ਵੀ ਬਖ਼ਸ਼ਿਸ਼ ਕੀਤਾ ਹੈ।

ਐਸੇ ਕਰਮਯੋਗੀਆਂ ਵੱਲੋਂ ਖ਼ੂਨ-ਪਸੀਨੇ ਨਾਲ ਧਰਮ ਲਈ ਕੀਤੀਆਂ ਹੋਈਆਂ ਕਿਰਤ-ਕਮਾਈਆਂ ਸਾਡੇ ਪਾਸ ਗੌਰਵ ਭਰੀਆਂ ਕੌਮੀ ਅਮਾਨਤਾਂ ਹਨ ਜਿਸ ਵਿਚ ਸਾਨੂੰ ਕਦੇ-ਕਦਾਈਂ ਭੁੱਲ ਕੇ ਵੀ ਖਿਆਨਤ ਨਹੀਂ ਕਰਨੀ ਚਾਹੀਦੀ । ਇਨ੍ਹਾਂ ਦੇਣਦਾਰੀਆਂ ਵਜੋਂ ਕੌਮ ਦੇ ਪੈਰੋਕਾਰਾਂ ਤੇ ਆਗੂਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਲਹੂ ਭਿੱਜੇ ਖਜ਼ਾਨਿਆਂ ਨੂੰ ਪ੍ਰੇਮ, ਪਿਆਰ ਸਤਿਕਾਰ, ਗੌਰਵ ਤੇ ਆਪਣੀ ਆਤਮਾ ਨੂੰ ਅੰਤਰੀਵ ਛਾਤੀ ਨਾਲ ਲਗਾ ਕੇ ਉਨ੍ਹਾਂ ਖਜ਼ਾਨਿਆਂ ਦੀ ਸੇਵਾ-ਸੰਭਾਲ

**ਕੈਨੇਡਾ। ਫ਼ੋਨ ਨੰ: +੬੦੪-੫੯੯-੧੩੧੪*

ਕਰਨ ਵਿਚ ਆਪਣਾ ਪੂਰਨ ਯੋਗਦਾਨ ਪਾਉਂਦੇ ਰਹਿਣ ਤਾਂਕਿ ਭਵਿੱਖੀ ਪਨੀਰੀਆਂ ਉਸ ਕਿਰਤ ਕਮਾਈ ਉੱਪਰ ਮਾਣ ਕਰਦਿਆਂ ਸਦਾ ਹੀ ਆਪਣੇ ਵੱਡੇ-ਵਡੇਰਿਆਂ ਦੇ ਜੀਵਨ ਨੂੰ ਰਾਹ-ਦਸੇਰਿਆਂ ਵਜੋਂ ਸਤਿਕਾਰ ਦਿੰਦੀਆਂ ਰਹਿਣ। ਇਹ ਵੀ ਆਸ ਕੀਤੀ ਜਾਂਦੀ ਹੈ ਕਿ ਆਗਾਮੀ ਸਿੱਖ ਪੀੜ੍ਹੀਆਂ ਵੀ ਆਪਣੀ ਔਲਾਦ ਨੂੰ ਐਸੀਆਂ ਕਥਾ-ਕਹਾਣੀਆਂ ਸੁਣਾਉਂਦੀਆਂ ਰਹਿਣਗੀਆਂ ਜਿਸ ਸਦਕਾ ਇਹ ਮਾਣਮੱਤਾ ਸਿੱਖ ਇਤਿਹਾਸ ਸੰਸਾਰ ਭਰ ਵਿਚ ਇਕ ਚਾਨਣ ਮੁਨਾਰੇ ਵਾਂਗ ਹਮੇਸ਼ਾਂ ਹੀ ਰੋਸ਼ਨੀ ਦੇਣ ਦਾ ਕੰਮ ਕਰਦਾ ਰਹੇਗਾ।

ਸਿੱਟੇ ਵਜੋਂ ਜਿਵੇਂ-ਜਿਵੇਂ ਅਸੀਂ ਉਨ੍ਹਾਂ ਰਾਹ-ਦਸੇਰਿਆਂ ਦੇ ਨੇੜੇ ਹੁੰਦੇ ਜਾਵਾਂਗੇ ਤਿਵੇਂ-ਤਿਵੇਂ ਹੀ ਸਾਨੂੰ ਜ਼ਿੰਦਗੀ ਦੇ ਅਸੂਲਾਂ ਦੀ ਸੋਝੀ ਤੇ ਸਮਝ ਆਉਂਦੀ ਜਾਵੇਗੀ। ਸਿੱਖ ਅਨੁਯਾਈਆਂ ਨੂੰ ਸੁਚੇਤ ਹੋਣਾ ਪਵੇਗਾ ਕਿ ਸਾਡੇ ਵੱਡੇ-ਵਡੇਰਿਆਂ ਵੱਲੋਂ ਆਪਣੇ ਮੁੜ੍ਹਕੇ ਤੇ ਲਹੂ ਨਾਲ ਸਦੀਆਂ ਤੋਂ ਕੀਤੀ ਹੋਈ ਵਡਮੁੱਲੀ ਕਮਾਈ ਕਿਤੇ ਸਾਡੀ ਬੇਮੁਖੀ ਕਾਰਨ ਐਵੇਂ ਹੀ ਭੰਗ ਦੇ ਭਾੜੇ ਨਾ ਬਰਬਾਦ ਹੋ ਜਾਵੇ। ਸਿਆਣੇ ਲੋਕੀਂ ਆਪਣੇ ਪੁਰਖਿਆਂ ਦੇ ਪਾਏ ਹੋਏ ਸਚਿਆਰੇ ਪੂਰਨਿਆਂ 'ਤੇ ਹੀ ਚੱਲਿਆ ਕਰਦੇ ਹਨ ਤੇ ਇਹ ਸਬਕ ਸਾਨੂੰ ਨਵੀਨ ਪੀੜ੍ਹੀਆਂ ਤੇ ਮਨੁੱਖਤਾ ਦੇ ਭਵਿੱਖੀ ਰਾਖਿਆਂ ਨੂੰ ਵੀ ਦ੍ਰਿੜ੍ਹ ਕਰਵਾਉਣਾ ਚਾਹੀਦਾ ਹੈ ।

ਆਪੋ ਆਪਣੀ ਜ਼ਿੰਮੇਵਾਰੀ ਅਨੁਸਾਰ ਜੇਕਰ ਮਨੋ-ਇੱਛਾ ਹੋਵੇ ਤਾਂ ਆਪਣੇ ਰਹਿਬਰਾਂ ਦੇ ਕੀਮਤੀ ਖਜ਼ਾਨੇ ਦੀ ਸਾਂਭ-ਸੰਭਾਲ ਕਰਨ ਵਾਸਤੇ ਧਾਰਮਿਕ, ਸਿਆਸੀ, ਰਾਜਨੀਤਕ, ਸਮਾਜਿਕ, ਸਦਾਚਾਰਿਕ ਤੇ ਸੱਭਿਆਚਾਰਿਕ ਅਨੁਯਾਈਆਂ, ਟੀਚਰਾਂ, ਪ੍ਰੀਚਰਾਂ ਤੇ ਆਗੂਆਂ ਨੂੰ ਇਸ ਪਰਮ ਸੱਚ ਨੂੰ ਸਦੀਵੀ ਕਾਲ ਵਾਸਤੇ ਉਜਾਗਰ ਤੇ ਸੁਰਜੀਤ ਰੱਖਣ ਲਈ ਪਹਿਰਾ ਦੇਣਾ ਜ਼ਰੂਰ ਚਾਹੀਦਾ ਹੈ। ਕਹਿੰਦੇ ਨੇ ਕਿ ਸਮਾਂ ਬੀਤਣ ਦੇ ਨਾਲ ਨਾਲ ਇਨਸਾਨ ਆਪਣੇ ਪਿਛੋਕੜ ਪ੍ਰਤੀ ਅਵੇਸਲਾ ਵੀ ਹੋ ਜਾਇਆ ਕਰਦਾ ਹੈ। ਅਫਸੋਸ ਵਾਲੀ ਗੱਲ ਹੈ ਕਿ ਸਾਡੀ ਪਦਾਰਥਵਾਦੀ ਸੋਚ ਨੇ ਹੁਣ ਨਮੋਸ਼ੀ ਭਰੀ ਕਰਵਟ ਲੈ ਲਈ ਹੈ ਜਿਸ ਦੇ ਫਲਸਰੂਪ ਬਹੁਤੇ ਅਨੁਯਾਈ ਸਿੱਖੀ ਸਰੂਪ ਤੇ ਧਾਰਮਿਕ ਅਸੂਲਾਂ ਨੂੰ ਤਿਲਾਂਜਲੀ ਦੇ ਕੇ ਇੱਕ ਦੂਸਰੇ ਨੂੰ ਜ਼ਲੀਲ ਕਰਨ ਲਈ ਸਰਗਰਮ ਹੋਏ-ਪਏ ਦਿਖਾਈ ਦੇ ਰਹੇ ਹਨ। ਇੱਕ ਦੂਸਰੇ ਨੂੰ ਥੱਲੇ ਲਗਾਉਣ ਲਈ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ। ਇੱਥੇ ਮੈਂ ਐਸਾ ਨਹੀਂ ਕਹਿਣਾ ਚਾਹੁੰਦਾ ਕਿ ਇਹ ਕੋਈ ਗਿਣੀ-ਮਿੱਥੀ ਸਾਜ਼ਿਸ਼ ਹੋਵੇਗੀ ਪਰ ਬੇਨਤੀ ਜ਼ਰੂਰ ਕਰਨੀ ਚਾਹਾਂਗਾ ਕਿ ਦਾਨਿਸ਼ਮੰਦ, ਸਿਆਣੇ ਤੇ ਕੌਮੀ ਹਿੱਤਾਂ ਲਈ ਜੂਝਣ ਵਾਲੇ ਆਲਮੀ ਵਿਦਵਾਨਾਂ ਤੇ ਸਹਿਜ ਵਾਲੇ ਸੁਚਾਰੂ ਉਪਦੇਸ਼ਕਾਂ ਨੂੰ ਐਸੀ ਸੋਚ ਤੋਂ ਖੁਦ ਦੂਰ ਰਹਿੰਦਿਆਂ ਬਾਕੀਆਂ ਨੂੰ ਸੁਚੇਤ ਕਰਨਾ ਹੋਵੇਗਾ। ਇਸ ਫਾਨੀ ਦੁਨੀਆ 'ਚ ਜੀਵਨ ਪੰਧ ਦੀ ਸਫਲਤਾ ਲਈ ਗੁਰ-ਮਰਯਾਦਾ ਅਨੁਸਾਰ ਚੰਗਾ ਕਰਮ ਕਰਨਾ ਸਾਡਾ ਸਭ ਦਾ ਫਰਜ਼ ਹੋਵੇਗਾ।

ਇਹ ਯਾਦ ਰੱਖਣਾ ਵੀ ਸਾਡਾ ਫਰਜ਼ ਹੋਵੇਗਾ ਕਿ ਸਾਡੇ ਵੱਡੇ-ਵਡੇਰਿਆਂ ਤੇ ਪੁਰਖਿਆਂ ਨੇ ਮਨੁੱਖਤਾ ਦੇ ਭਲੇ ਲਈ ਜੋ ਵੀ ਕੁਰਬਾਨੀਆਂ ਕੀਤੀਆਂ ਸਨ ਉਹ ਉਨ੍ਹਾਂ ਨੇ ਧਰਮ, ਸਮਾਜ ਤੇ ਮਨੁੱਖਤਾ ਦੇ ਭਲੇ ਲਈ ਆਪਣਾ ਫਰਜ਼ ਹੀ ਨਿਭਾਇਆ ਸੀ। ਉਸ ਵਿਚ ਮਨੁੱਖਤਾ ਦੇ ਭਲੇ ਦਾ ਹਿੱਤ ਸੀ। ਐਸੀ ਜ਼ਿੰਮੇਵਾਰੀ ਨਿਭਾਉਣ ਵਿਚ ਉਨ੍ਹਾਂ ਦੇ ਨਿੱਜ ਦੀ ਕੋਈ ਵੀ ਵਾਸਨਾ ਜਾਂ ਹਿੱਤ ਨਜ਼ਰ ਨਹੀਂ ਸੀ ਆਉਂਦਾ।

ਕਿਸੇ ਕੌਮ ਦੀ ਸਫਲਤਾ ਜਾਂ ਅਸਫਲਤਾ ਸਬੰਧੀ ਪਰਖ ਕਰਨੀ ਹੋਵੇ ਤਾਂ ਸਿਆਣੇ ਕਿਹਾ ਕਰਦੇ ਹਨ ਕਿ ਉਸ ਕੌਮ ਦੇ ਅਨੁਆਈਆਂ ਦੀ ਧਰਮ ਪ੍ਰਤੀ ਸ਼ਰਧਾ, ਇਤਿਹਾਸ ਉੱਪਰ ਟੇਕ, ਸੱਭਿਆਚਾਰਕ ਜੀਵਨ, ਉਨ੍ਹਾਂ ਦੀ ਮਰਯਾਦਾ, ਪ੍ਰੰਪਰਾਵਾਂ ਤੇ ਉਸ ਕੌਮ ਦੀ ਮਾਂ ਬੋਲੀ ਦੀ ਅਮੀਰ ਮਿਠਾਸ ਆਦਿ ਦੀ ਕਸਵੱਟੀ ਰਾਹੀਂ ਕੀਤੀ ਜਾ ਸਕਦੀ ਹੈ।

ਸਿਆਣੇ ਇਹ ਵੀ ਕਹਿੰਦੇ ਹਨ ਕਿ ਜੇਕਰ ਕਿਸੇ ਕੌਮ, ਸਮਾਜ ਜਾਂ ਧਰਮ ਨੂੰ ਖੋਰਾ ਲਗਾਉਣਾ ਹੋਵੇ ਤਾਂ ਉਸ ਕੌਮ ਦੇ ਅਸੂਲਾਂ ਤੇ ਸਿਧਾਂਤਾਂ ਨੂੰ ਗੰਧਲਾ ਕਰ ਕੇ ਉਸ ਕੌਮ ਨੂੰ ਤਰਕਸ਼ੀਲਤਾ ਦੀ ਧੂੰਆਂਰਾਲੀ ਦੇ ਨਾਲ ਨਾਲ ਭੁਲੇਖੇ ਪਾਊ ਦਲੀਲਾਂ ਦੇ ਆਲਮ ਵਿਚ ਝੋਕ ਦਿਓ ਤਾਂਕਿ ਉਹ ਕੌਮ ਦੁਚਿੱਤੀ ਦੀ ਅੱਗ ਵਿਚ ਖੁਦ-ਬਾਖੁਦ ਹੀ ਸੜ ਕੇ ਸੁਆਹ ਹੋ ਜਾਵੇ।

ਉਪ੍ਰੋਕਤ ਅਖਾਣਾਂ ਅਨੁਸਾਰ ਜੇਕਰ ਅਜੋਕੇ ਸਿੱਖ ਕਹਾਵਣ ਵਾਲੇ ਕਈ ਸ਼ਰਧਾਲੂਆਂ ਦੀ ਅਜ਼ਮਾਇਸ਼ ਕੀਤੀ ਜਾਵੇ ਤਾਂ ਜਾਪਦਾ ਹੈ ਕਿ ਸਰਬੱਤ ਦਾ ਭਲਾ ਮੰਗਣ ਵਾਲਿਆਂ ਦੇ ਧੀਆਂ-ਪੁੱਤਰਾਂ ਨੂੰ ਥੋੜ੍ਹਾ-ਬਹੁਤਾ ਖੋਰਾ ਤਾਂ ਜ਼ਰੂਰ ਹੀ ਲੱਗ ਗਿਆ ਹੋਵੇਗਾ। ਪਦਾਰਥਵਾਦ ਦੀ ਦੁਨੀਆਂ ਵਿਚ ਮਨਮੱਤ, ਝੂਠ, ਕੁਫਰ, ਨਿੱਜੀ ਸ਼ੁਹਰਤ, ਐਸ਼ਪ੍ਰਸਤੀ, ਸਿਆਸਤਾਂ ਤੇ ਧੜੇਬੰਦੀਆਂ ਨੇ ਮਨੁੱਖੀ ਕਦਰਾਂ ਕੀਮਤਾਂ ਦੇ ਕਦੇ ਤੋਂ ਹੀ ਤੂੰਬੇ ਉਡਾਉਣੇ ਸ਼ੁਰੂ ਕਰ ਦਿੱਤੇ ਹਨ। ਸੰਸਾਰਕ ਚਮਕ-ਦਮਕ ਦੀ ਮ੍ਰਿਗ-ਤ੍ਰਿਸ਼ਨਾ ਦੇ ਭੁਲੇਖਿਆਂ ਤੇ ਨਵੀਨ ਕਿਸਮ ਦੀਆਂ ਮਨ ਭੜਕਾਊ ਤਕਨੀਕਾਂ ਤੇ ਫਿਲਮਾਂ ਦੇ ਫਲਸਰੂਪ ਨੌਜਵਾਨ ਪੀੜ੍ਹੀ ਚੁੰਧਿਆ ਗਈ ਜਾਪਦੀ ਹੈ ਤੇ ਕੁਰਾਹੇ ਪੈਣ ਲਈ ਕਾਹਲੀ ਕਾਹਲੀ ਕਦਮ ਪੁੱਟ ਰਹੀ ਹੈ। ਕਾਮ, ਕਰੋਧ, ਲੋਭ, ਮੋਹ, ਅਹੰਕਾਰ ਉਨ੍ਹਾਂ ਉੱਪਰ ਹਾਵੀ ਹੋ ਗਿਆ ਜਾਪਦਾ ਹੈ। ਇਵੇਂ ਲੱਗਦਾ ਹੈ ਕਿ ਨਸ਼ਿਆਂ ਤੋਂ ਉਤਪਨ ਹੋਣ ਵਾਲੇ ਨਹਿਸ਼ ਵਿਕਾਰਾਂ ਨੇ ਉਨ੍ਹਾਂ ਨੂੰ ਖੂਭ ਝੰਬ ਸੁੱਟਿਆ ਹੈ। ਕਾਮ ਵਾਸਨਾ ਦੇ ਪਿੱਟ ਸਿਆਪਿਆਂ ਨੇ ਮਨੁੱਖੀ ਜੀਵਨ ਦੇ ਮੱਥੇ ਉੱਪਰ ਕਾਲੇ ਕਲੰਕਾਂ ਦੇ ਦਾਗ ਮੜ੍ਹ ਦਿੱਤੇ ਹੋਏ ਹਨ। ਐਸੇ ਕੁਕਰਮੀਂ ਲੋਕ ਧਰਮ ਦੀ ਆਸਥਾ ਤੋਂ ਮੀਲਾਂ ਬੱਧੀ ਦੂਰ ਹੁੰਦੇ ਜਾ ਰਹੇ ਹਨ। ਆਮ ਤੌਰ 'ਤੇ ਕਈ ਅਨੁਯਾਈ ਸੱਚੀ-ਸੁੱਚੀ ਕਿਰਤ ਕਰਨ, ਵੰਡ ਛਕਣ, ਨਾਮ ਜਪਣ, ਸਰਬੱਤ ਦੇ ਭਲੇ, ਵਿਸ਼ਵ ਸ਼ਾਂਤੀ, ਆਪਸੀ ਪ੍ਰੇਮ-ਪਿਆਰ, ਮਿੱਤ੍ਰਤਾ ਅਤੇ ਸ਼ਰਧਾ ਭਾਵ ਨੂੰ ਤਿਲਾਂਜਲੀ ਦੇ ਕੇ ਝੂਠ ਦੀ ਦੁਨੀਆ ਦੇ ਪਾਂਧੀ ਬਣਦੇ ਜਾ ਰਹੇ ਹਨ। ਸੰਸਾਰਕ

ਬੁਰਾਈਆਂ ਨੇ ਬਹੁਗਿਣਤੀ ਲੋਕਾਂ ਨੂੰ ਆਪਣੀ ਜਕੜ ਵਿਚ ਲੈ ਲਿਆ ਜਾਪਦਾ ਹੈ। ਨਿੱਜੀ ਅਤੇ ਰਾਤੋ-ਰਾਤ ਅਮੀਰ ਬਣਨ ਦੀ ਦੌੜ ਨੇ ਆਮ ਤੌਰ 'ਤੇ ਅਜੋਕੀ ਨੌਜਵਾਨ ਪੀੜ੍ਹੀ ਨੂੰ ਕੌਮੀ ਨਿਸ਼ਾਨਿਆਂ ਤੋਂ ਦੂਰ ਕਰ ਦਿੱਤਾ ਜਾਪਦਾ ਹੈ। ਦੁਨਿਆਵੀ ਮਾਇਆ ਦੇ ਗੰਜ ਇਕੱਠੇ ਕਰਨ ਲਈ ਬਹੁਤਾ ਕਰਕੇ ਅਸੀਂ ਅਧਿਆਤਮਵਾਦ ਤੇ ਸੁਚਾਰੂ ਕਦਰਾਂ-ਕੀਮਤਾਂ ਤੋਂ ਕੋਹਾਂ ਦੂਰ ਭੱਜਦੇ ਜਾ ਰਹੇ ਹਾਂ।

ਜ਼ਰਾ ਗਹੁ ਨਾਲ ਸੋਚੀਏ ਤਾਂ ਇਹ ਮੋਮੋਠਗਣੀ ਮਾਇਆ ਤਾਂ ਝੂਠੀ ਸ਼ੁਹਰਤ ਵਾਂਗ ਹੀ ਹੁੰਦੀ ਹੈ। *ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥* ਇਸ ਜੰਜਾਲ ਤੋਂ ਬਚਣ ਲਈ ਸਾਨੂੰ ਇੱਕ ਮਨ ਚਿੱਤ ਹੋ ਕੇ ਗੁਰਬਾਣੀ ਸਬੰਧੀ ਸੁਚੇਤ ਹੋਣ ਦੀ ਲੋੜ ਹੋਵੇਗੀ। ਸਮਝਿਆ ਜਾਂਦਾ ਹੈ ਕਿ ਦੁਨਿਆਵੀ ਚਕਾਚੌਂਧ ਦੀ ਖਿੱਚ ਕਰਕੇ ਹੀ ਨੌਜਵਾਨ ਪੀੜ੍ਹੀ ਆਪਣੇ ਧਰਮ ਨਾਲੋਂ ਤੋੜ ਵਿਛੋੜਾ ਕਰਨ ਲਈ ਉਤਾਵਲੀ ਜਿਹੀ ਦਿਖਾਈ ਦੇ ਰਹੀ ਹੈ। ਅਸੀ ਭੁੱਲ ਗਏ ਹਾਂ ਤੇ ਅਵੇਸਲੇ ਵੀ ਹੋ ਗਏ ਹਾਂ ਕਿ ਸਾਡੇ ਅੱਜ ਦੀ ਖਾਤਰ ਕਿਸੇ ਨੇ ਬੀਤੇ ਕੱਲ੍ਹ ਆਪਣੇ ਧੀ-ਪੁੱਤਰ ਕੁਰਬਾਨ ਕੀਤੇ ਸਨ, ਖੁਦ ਤੱਤੀਆਂ ਤਵੀਆਂ 'ਤੇ ਜੀਵਨ ਦੀਆਂ ਆਹੂਤੀਆਂ ਦਿੱਤੀਆਂ ਸਨ, ਸੀਸ ਚਿਰਾਏ ਸਨ, ਬੰਦ-ਬੰਦ ਕਟਵਾਏ ਸਨ, ਚਰਖੜੀਆਂ ਦੇ ਝੂਟੇ ਲਏ ਸਨ ਤੇ ਆਪੋ-ਆਪਣੇ ਜੀਵਨ ਦੀਆਂ ਕੀਮਤੀ ਕੁਰਬਾਨੀਆਂ ਵੀ ਦਿੱਤੀਆਂ ਸਨ।

ਨਿਰਸੰਦੇਹ ਇਹ ਮੰਨਣਾ ਪਵੇਗਾ ਕਿ ਸਿੱਖੀ ਦੇ ਧੁਰੇ ਨੂੰ ਅਸੀਂ ਨਿਵਾਣ ਵੱਲ ਧਕੇਲ ਜ਼ਰੂਰ ਰਹੇ ਹਾਂ ਪਰ ਇੱਥੇ ਇਹ ਲਿਖਣਾ ਵੀ ਵਾਜਬ ਹੋਵੇਗਾ ਕਿ ਐਸੀ ਹਾਲਤ ਕੋਈ ਨਿਰਾਸ਼ਤਾ ਵਾਲੀ ਗੱਲ ਵੀ ਨਹੀਂ ਹੈ । ਬਹੁਤਾ ਕਰਕੇ ਹੁਣ ਬਾਹਰਲੇ ਮੁਲਕਾਂ ਵਿਚ ਸਿੱਖੀ ਵਾਲੀ ਅਜੋਕੀ ਪੀੜ੍ਹੀ ਤੇ ਨਵੀਨ ਪਨੀਰੀ ਨਵੇਂ ਸਿਰਿਉਂ ਧਰਮ ਵੱਲ ਉਮਡ ਰਹੀ ਹੈ। ਹੁਣ ਸਿੱਖ ਦੁਨੀਆ ਦੇ ਤਕਰੀਬਨ ੧੫ ਕੁ ਦਰਜਨ ਮੁਲਕਾਂ ਵਿਚ ਪੂਰੀ ਆਨ ਤੇ ਸ਼ਾਨ ਨਾਲ ਰਹਿ ਰਹੇ ਹਨ। ਮਿਹਨਤ ਕਰ ਕੇ ਉਨ੍ਹਾਂ ਨੇ ਨਾਮਣਾ ਖੱਟਿਆ ਹੈ ਤੇ ਸਿੱਖੀ ਦੇ ਬੋਲ-ਬਾਲੇ ਵੱਲ ਝੁਕਾਓ ਵੀ ਵਧਾਇਆ ਹੈ। ਸਿੱਖ ਅਨੁਯਾਈ ਬੁਲੰਦ ਅਹੁਦਿਆਂ 'ਤੇ ਬਿਰਾਜਮਾਨ ਹਨ। ਉਹ ਉੱਚਪਾਏ ਦੇ ਸਿਆਸਤਦਾਨ ਹਨ। ਉਨ੍ਹਾਂ ਪਾਸ ਵਜ਼ੀਰੀਆਂ ਹਨ ਤੇ ਉਹ ਅਜ਼ੀਮ ਰੁਤਬਿਆਂ ਦੇ ਮਾਲਕ ਵੀ ਬਣ ਚੁੱਕੇ ਹਨ। ਹੁਣ ਸਿੱਖੀ ਦੇ ਧੁਰੇ ਨੂੰ ਸੰਸਾਰ ਭਰ ਵਿਚ ਸੰਭਾਲਣ ਦੀ ਲੋੜ ਹੈ। ਸਭ ਕੁਝ ਠੀਕ ਹੋ ਜਾਵੇਗਾ ਜਿਸ ਲਈ ਵਿਸ਼ਵਾਸ ਨਾਲ ਮੁੜ ਮਿਹਨਤ ਕਰਨੀ ਪਵੇਗੀ।

ਇਸ ਚੈਲੰਜ ਦੀ ਘੜੀ ਵਿਚ ਕੌਮ ਦੇ ਸੂਝਵਾਨ ਆਗੂਆਂ ਤੇ ਆਮ ਸਿੱਖ ਜਗਤ ਨੂੰ ਚਾਹੀਦਾ ਹੈ ਕਿ ਸੰਸਾਰਕ ਸਫਲਤਾਵਾਂ ਦੇ ਨਾਲ ਨਾਲ ਅਸੀਂ ਆਪਣੇ ਬੱਚਿਆਂ ਨੂੰ ਸੱਚੇ-ਸੁਚੇ ਇਨਸਾਨ ਬਨਾਉਣ ਵਿਚ ਆਪਣਾ ਬਣਦਾ ਯੋਗਦਾਨ ਵੀ ਜ਼ਰੂਰ ਪਾਉਣਾ ਹੈ। ਧਰਮ ਦੇ ਨਾਲ ਨਾਲ ਅਸੀ ਦੁਨਿਆਵੀ ਲੋਕ ਵੀ ਹਾਂ। ਜ਼ਿੰਮੇਵਾਰੀ ਨਾਲ ਅਸੀਂ ਭਵਿੱਖੀ ਪੀੜ੍ਹੀਆਂ ਦੀ ਦਾਤ ਨੂੰ ਸੱਚੀਆਂ ਸੁੱਚੀਆਂ ਕਦਰਾਂ-ਕੀਮਤਾਂ ਵਾਲੇ ਸਿਦਕਵਾਨ

ਸਿੱਖ, ਪਾਏਦਾਰ ਅਧਿਆਪਕ, ਸੁਚਾਰੂ ਪ੍ਰਚਾਰਕ, ਮਿਹਨਤੀ ਸਾਇੰਸਦਾਨ, ਦਯਾਵਾਨ ਡਾਕਟਰ, ਨਿਪੁੰਨ ਇੰਜੀਨੀਅਰ, ਉੱਚ ਪਾਏ ਦੇ ਐਸਟਰੋਨਾਟ ਤੇ ਵਧੀਆ ਮਾਪੇ ਵੀ ਬਣਾਉਣਾ ਹੈ। ਰੂਹਾਨੀਅਤ ਦੇ ਨਾਲ ਨਾਲ ਉਨ੍ਹਾਂ ਨੂੰ ਗੁਰੂ ਆਸ਼ੇ ਅਨੁਸਾਰ ਨਸ਼ਿਆਂ ਤੇ ਪਤਿਤਪੁਣੇ ਵਰਗੀਆਂ ਬੁਰਾਈਆਂ ਤੋਂ ਦੂਰ ਰੱਖਣਾ ਵੀ ਸਾਡਾ ਫਰਜ਼ ਹੈ ਤਾਂਕਿ ਉਹ ਮਨੁੱਖਤਾ ਦੇ ਭਲੇ ਲਈ ਆਪਣਾ ਬਣਦਾ ਯੋਗਦਾਨ ਹਮੇਸ਼ਾ ਹੀ ਪਾਉਂਦੇ ਰਹਿਣ। ਕ੍ਰੋਧ ਦੀ ਅਗਨੀ ਵਿਚ ਸੜ ਰਹੀ ਮਨੁੱਖਤਾ ਦੇ ਭਲੇ ਲਈ ਧੀਰਜ, ਦਯਾ, ਅਮਨ ਤੇ ਸ਼ਾਂਤੀ ਦੇ ਸਬਕ ਅਨੁਸਾਰ ਉਨ੍ਹਾਂ ਨੂੰ ਚੰਗੇ ਅਕਸ ਤੇ ਗੁਰੂ ਵਾਲੇ ਵਧੀਆ ਇਨਸਾਨ ਵੀ ਸਜਾਉਣਾ ਹੈ ਤਾਂਕਿ ਉਹ ਵਿਸ਼ਵ ਭਰ ਵਿਚ ਸੱਚ, ਹੱਕ, ਸਚਿਆਰੇ ਜੀਵਨ, ਦੁੱਧ ਧੋਤੇ ਆਚਰਣ, ਸ਼ਾਂਤੀ, ਪ੍ਰੇਮ, ਪਿਆਰ ਤੇ ਸਰਬੱਤ ਦੇ ਭਲੇ ਦਾ ਹੋਕਾ ਤੇ ਭਲੀ ਭਾਂਤੀ ਪੈਗਾਮ ਵੀ ਦਿੰਦੇ ਰਹਿਣ।

ਉਪ੍ਰੋਕਤ ਟੀਚੇ ਦੀ ਪ੍ਰਾਪਤੀ ਲਈ ਮਾਪਿਆਂ, ਸਮਾਜ, ਖਾਸ ਤੌਰ 'ਤੇ ਧਾਰਮਿਕ ਅਦਾਰਿਆਂ, ਰੋਲ-ਮਾਡਲਾਂ ਤੇ ਕੌਮ ਦਾ ਦਰਦ ਰੱਖਣ ਵਾਲੇ ਆਗੂਆਂ ਦੇ ਨਾਲ ਨਾਲ ਨੌਜਵਾਨ ਪੀੜ੍ਹੀ ਨੂੰ ਆਪੋ-ਆਪਣੇ ਅਭਿਮਾਨ, ਧੜੇ ਬੰਦੀਆਂ, ਨਿੱਜੀ ਹਉਮੈਂ ਤੇ ਭਰਮ-ਭੁਲੇਖਿਆਂ ਦਾ ਤਿਆਗ ਕਰ ਕੇ ਈਮਾਨਦਾਰੀ ਨਾਲ ਕੌਮੀ ਸੇਵਾ-ਸੰਭਾਲ ਵਾਸਤੇ ਅੱਗੇ ਆਉਣਾ ਪਵੇਗਾ । ਮਨੁੱਖਤਾ ਦੀ ਸੇਵਾ ਕਰਨਾ ਹਰ ਬਸ਼ਰ ਦਾ ਪਰਮ-ਧਰਮ ਹੈ। ਪੱਲੇ ਬੰਨ੍ਹਣ ਵਾਲੀ ਗੱਲ ਇਹ ਹੈ ਕਿ ਨਿੱਜੀ ਤੇ ਸੰਸਾਰਕ ਚਤੁਰਾਈਆਂ ਨਾਲ ਕੌਮਾਂ ਦੇ ਲੇਖ ਨਹੀਂ ਘੜ੍ਹੇ ਜਾ ਸਕਦੇ। ਅਸੀਂ ਸਿੱਖੀ ਸਿਧਾਂਤ ਨਹੀਂ ਬਦਲ ਸਕਦੇ ਸਗੋਂ ਸਿਧਾਂਤਾਂ ਅਨੁਸਾਰ ਸਾਨੂੰ ਖ਼ੁਦ ਨੂੰ ਬਦਲਣਾ ਹੋਵੇਗਾ। ਆਓ! ਗੁਰੂ ਵਾਲੇ ਬਣ ਕੇ ਖ਼ੁਦ ਬਦਲੀਏ, ਸੰਸਾਰ ਬਦਲ ਜਾਵੇਗਾ। ਖੜੋਤ ਨਾਲ ਨਹੀਂ ਸਗੋਂ ਸਿੱਖ ਸਿਧਾਂਤਾਂ ਵੱਲ ਇੱਕ ਕਦਮ ਪੁੱਟਣ ਨਾਲ ਹਜ਼ਾਰਾਂ ਕੋਹਾਂ ਦਾ ਸਫਰ ਤੈਅ ਹੋ ਜਾਵੇਗਾ। ਪਰਮ-ਪਿਤਾ ਵਾਹਿਗੁਰੂ ਸਾਡੇ ਉੱਪਰ ਮਿਹਰ ਕਰਨਗੇ।

■

## ਜ਼ਿਲ੍ਹਾ ਮੋਗਾ ਵਿਖੇ ਅੰਮ੍ਰਿਤ-ਸੰਚਾਰ ਸਮਾਗਮ

ਇੰਚਾਰਜ, ਸਬ-ਆਫ਼ਿਸ (ਧਰਮ ਪ੍ਰਚਾਰ ਕਮੇਟੀ) ਤਖਤ ਸ੍ਰੀ ਦਮਦਮਾ ਸਾਹਿਬ (ਗੁਰੂ ਕਾਂਸ਼ੀ) ਤਲਵੰਡੀ ਸਾਬੋ (ਬਠਿੰਡਾ) ਵੱਲੋਂ ਪੁੱਜੀ ਰਿਪੋਰਟ ਅਨੁਸਾਰ ਪਿੰਡ ਸਿੰਘਾਂ ਵਾਲਾ, ਜ਼ਿਲ੍ਹਾ ਮੋਗਾ ਵਿਖੇ ੧੮ ਮਈ, ੨੦੧੬ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ ਜਿਸ ਦੌਰਾਨ ੫੫ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕਰ ਕੇ ਗੁਰੂ ਵਾਲੇ ਬਣੇ।

# ਸੋਹਣ ਸਿੰਘ ਸੀਤਲ ਰਚਿਤ ਇਤਿਹਾਸਿਕ ਨਾਵਲ ਮਹਾਰਾਜਾ ਦਲੀਪ ਸਿੰਘ

*-ਡਾ. ਭੁਪਿੰਦਰ ਸਿੰਘ**

ਸੋਹਣ ਸਿੰਘ ਸੀਤਲ ਦਾ ਇਤਿਹਾਸਿਕ ਨਾਵਲ ਮਹਾਰਾਜਾ ਦਲੀਪ ਸਿੰਘ ਲਿਖਤ ਦੇ ਰੂਪ ਵਿਚ ਫਰਵਰੀ ੧੯੬੧ ਈ. ਨੂੰ ਮੁਕੰਮਲ ਹੋਇਆ। ਇਸ ਦਾ ਪ੍ਰਕਾਸ਼ਨ ਮਾਰਚ ੧੯੬੧ ਈ. ਵਿਚ ਹੁੰਦਾ ਹੈ।[1] ਇਹ ਉਸ ਦੇ ਪਹਿਲੇ ਇਤਿਹਾਸਿਕ ਨਾਵਲ ਮਹਾਰਾਣੀ ਜਿੰਦਾਂ ਨਾਲ ਅੰਤਰ-ਸੰਬੰਧਿਤ ਰਚਨਾ ਹੈ। ਇਸ ਦਾ ਕਾਰਨ ਦੋਵਾਂ ਨਾਵਲਾਂ ਦੇ ਮੁੱਖ ਪਾਤਰਾਂ ਦਾ ਮਾਂ ਅਤੇ ਪੁੱਤਰ ਵਾਲਾ ਰਿਸ਼ਤਾ ਹੈ। ਇਨ੍ਹਾਂ ਨਾਵਲਾਂ ਦੇ ਸਮੇਂ ਵਿਚ ਵੀ ਕੁਝ ਸਾਂਝ ਹੈ। ਇਸ ਕਰਕੇ ਦੂਜੇ ਨਾਵਲ ਵਿਚ ਪਹਿਲੇ ਨਾਵਲ ਦੇ ਵੇਰਵਿਆਂ ਦਾ ਦੁਹਰਾਉ ਹੋ ਜਾਣਾ ਸੁਭਾਵਿਕ ਸੀ। ਇਸ ਪੱਖ ਤੋਂ ਮਹਾਰਾਜਾ ਦਲੀਪ ਸਿੰਘ ਨਾਵਲ ਦੇ ਪਹਿਲੇ ਲੱਗਭਗ ਚਾਰ ਕਾਂਡ ਅਤੇ ਇਸ ਤੋਂ ਬਾਅਦ ਨੌਵੇਂ ਕਾਂਡ ਦਾ ਕਾਫੀ ਹਿੱਸਾ ਪਹਿਲੇ ਨਾਵਲ ਦੇ ਵੇਰਵਿਆਂ ਦਾ ਦੁਹਰਾਉ ਮਾਤਰ ਹੈ।

ਇਸ ਨਾਵਲ ਦਾ ਅਰੰਭ ਸੰਧਾਵਾਲੀਆ ਦੁਆਰਾ ਪੰਜ ਸਾਲ ਤੇ ਗਿਆਰਾਂ ਦਿਨ ਦੇ ਬਾਲਕ ਮਹਾਰਾਜਾ ਦਲੀਪ ਸਿੰਘ ਨੂੰ ਬਾਦਸ਼ਾਹ ਬਣਾਉਣ ਦੇ ਘਟਨਾ-ਪ੍ਰਸੰਗ ਨਾਲ ਹੁੰਦਾ ਹੈ। ਉਸ ਨੂੰ ਰਾਜਾ ਧਿਆਨ ਸਿੰਘ ਦੀ ਲੋਥ ਵਿੱਚੋਂ ਵਹਿ ਰਹੇ ਲਹੂ ਨਾਲ ਰਾਜ ਤਿਲਕ ਲਗਾਇਆ ਜਾਂਦਾ ਹੈ।[2] ਇਸ ਘਟਨਾ ਦੀ ਪ੍ਰਤਿਕਿਰਿਆ ਵਿਚ ਮਹਾਰਾਣੀ ਜਿੰਦਾਂ ਦੇ ਮਨ ਵਿਚ ਖੁਸ਼ੀ ਤੇ ਚਿੰਤਾ ਦੇ ਭਾਵਾਂ ਨੂੰ ਉਤਪੰਨ ਹੁੰਦੇ ਦਿਖਾਇਆ ਗਿਆ ਹੈ। ਉਹ ਖੁਸ਼ ਇਸ ਕਰਕੇ ਸੀ ਕਿ ਉਸ ਦੇ ਪੁੱਤਰ ਨੂੰ ਪੰਜਾਬ ਦੇ ਤਖਤ ਉੱਪਰ ਬਿਠਾਇਆ ਗਿਆ ਸੀ। ਚਿੰਤਾ ਦਾ ਸੰਬੰਧ ਉਸ ਨੂੰ ਲਹੂ ਨਾਲ ਰਾਜ ਤਿਲਕ ਲਗਾਉਣ ਦੇ ਅਪਸ਼ਗਨ ਨਾਲ ਜੁੜਿਆ ਹੋਇਆ ਸੀ। ਨਾਵਲਕਾਰ ਨੇ ਇਸ ਅਪਸ਼ਗਨ ਦੇ ਹਵਾਲੇ ਨਾਲ ਲੋਕਧਾਰਾਈ ਸੰਕੇਤ ਰਾਹੀਂ ਇਸ ਪਰਵਾਰ ਦੀ ਭਾਵੀ ਦੁਖਾਂਤਕ ਹੋਣੀ ਵੱਲ ਸੰਕੇਤ ਕਰ ਦਿੱਤਾ ਹੈ। ਇਸ ਘਟਨਾ-ਪ੍ਰਸੰਗ ਤੋਂ ਬਾਅਦ ਮਹਾਰਾਣੀ ਜਿੰਦਾਂ ਨਾਵਲ ਵਿਚ ਪੇਸ਼ ਹੋਏ ਉਨ੍ਹਾਂ ਸਾਰੇ ਵੇਰਵਿਆਂ ਨੂੰ ਦੁਹਰਾਇਆ ਗਿਆ ਹੈ, ਜਿਨ੍ਹਾਂ ਦੇ ਨਤੀਜੇ ਵਜੋਂ ਸਿੱਖ ੧੮੪੬ ਈ. ਵਿਚ ਅੰਗਰੇਜ਼ਾਂ ਪਾਸੋਂ ਹਾਰ ਜਾਂਦੇ ਹਨ। ਦਲੀਪ ਸਿੰਘ ਨੂੰ ਲਾਰਡ ਹਾਰਡਿੰਗ ਦੇ ਪ੍ਰਬੰਧ ਹੇਠ ਹੋਏ ਦਰਬਾਰ ਵਿਚ ਸਿੰਘਾਸਣ ਉੱਪਰ ਬਿਠਾਇਆ ਜਾਂਦਾ ਹੈ। ਸਿੱਖ ਰਾਜ ਦੇ ਗ਼ੱਦਾਰਾਂ ਲਾਲ ਸਿੰਘ ਨੂੰ ਵਜ਼ੀਰ ਅਤੇ ਤੇਜ ਸਿੰਘ ਨੂੰ ਸੈਨਾਪਤੀ ਥਾਪਿਆ ਜਾਂਦਾ ਹੈ। ਦਰਬਾਰ ਦੀ ਨਿਗਰਾਨੀ ਲਈ ਹੈਨਰੀ ਲਾਰੰਸ ਨੂੰ ਰੈਜੀਡੈਂਟ ਬਣਾ ਦਿੱਤਾ ਜਾਂਦਾ ਹੈ। ਇਸ ਉਪਰੰਤ ਲਾਹੌਰ ਅਤੇ ਭਰੋਵਾਲ ਦੇ ਅਹਿਦਨਾਮਿਆਂ ਦਾ ਜ਼ਿਕਰ ਕੀਤਾ ਗਿਆ ਹੈ।[3] ਜਿਨ੍ਹਾਂ ਦੀਆਂ ਸ਼ਰਤਾਂ ਅਨੁਸਾਰ

*ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ। ਮੋ: +੯੧੯੪੧੭੨-੭੬੧੫੦

ਨਿਰਣਾਇਕ ਸਥਿਤੀ ਅੰਗਰੇਜ਼ਾਂ ਦੇ ਹੱਥ ਚਲੇ ਜਾਂਦੀ ਹੈ। ਇਸ ਨਾਲ ਮਹਾਰਾਜਾ ਦਲੀਪ ਸਿੰਘ ਨਾਮਧਰੀਕ ਦਾ ਮਹਾਰਾਜਾ ਹੀ ਰਹਿ ਜਾਂਦਾ ਹੈ। ਨਾਵਲਕਾਰ ਨੇ ਇਸ ਰਚਨਾ ਵਿਚ ਪਹਿਲੇ ਨਾਵਲ ਵਿਚ ਪੇਸ਼ ਹੋਏ ੦੭ ਅਗਸਤ, ੧੮੪੭ ਈ. ਦੀ ਉਸ ਘਟਨਾ ਦਾ ਉਲੇਖ ਵੀ ਕੀਤਾ ਹੈ ਜਿਸ ਦੇ ਤਹਿਤ ਮਹਾਰਾਜਾ ਦਲੀਪ ਸਿੰਘ ਅੰਗਰੇਜ਼ਾਂ ਦੀ ਇੱਛਾ ਦੇ ਉਲਟ ਤੇਜ ਸਿੰਘ ਨੂੰ ਤਿਲਕ ਲਾਉਣ ਤੋਂ ਇਨਕਾਰ ਕਰ ਦਿੰਦਾ ਹੈ। ਅੰਗਰੇਜ਼ ਇਸ ਘਟਨਾ ਨੂੰ ਜਿੰਦਾਂ ਦੇ ਦਲੀਪ ਸਿੰਘ ਉੱਪਰ ਮੰਦ ਪ੍ਰਭਾਵ ਅਤੇ ਵਿਦਰੋਹ ਦੇ ਰੂਪ ਵਿਚ ਵੇਖਦੇ ਹਨ। ਪਰਿਣਾਮ ਸਰੂਪ ਜਿੰਦਾਂ ਨੂੰ ਪੁੱਤਰ ਤੋਂ ਨਿਖੇੜ ਕੇ ਸ਼ੇਖੂਪੁਰੇ ਵਿਚ ਕੈਦ ਕਰ ਦਿੱਤਾ ਜਾਂਦਾ ਹੈ।[੪] ਇਸ ਉਪਰੰਤ ਹਾਰਡਿੰਗ ਤੇ ਲਾਰੰਸ ਦੀ ਥਾਂ ਡਲਹੌਜ਼ੀ ਤੇ ਫੈਡਰਿਕ ਕਰੀ ਦੀ ਆਮਦ, ਮੁਲਤਾਨ ਬਗ਼ਾਵਤ, ਜਿੰਦਾਂ ਦੀ ਜਾਮਾਤਲਾਸ਼ੀ ਤੇ ਦੇਸ਼-ਨਿਕਾਲਾ, ਅੰਗਰੇਜ਼ਾਂ ਅਤੇ ਸਿੱਖ ਫ਼ੌਜ ਵਿਚਕਾਰ ਲੜੀਆਂ ਗਈਆਂ ਲੜਾਈਆਂ ਦੇ ਵੇਰਵੇ ਦਿੱਤੇ ਗਏ ਹਨ। ਸ਼ੇਰ ਸਿੰਘ ਨਾਲ ਹੋਈਆਂ ਚਾਰ ਲੜਾਈਆਂ ਵਿਚ ਚੌਥੀ ਲੜਾਈ ਦੌਰਾਨ ਸਿੱਖਾਂ ਦੀ ਹਾਰ ਤੋਂ ਬਾਅਦ ਮਹਾਰਾਜਾ ਦਲੀਪ ਸਿੰਘ ਨੂੰ ਆਖਰੀ ਵਾਰ ਸਿੰਘਾਸਣ 'ਤੇ ਬਿਠਾ ਕੇ ਨਜ਼ਰਬੰਦ ਕਰ ਦਿੱਤਾ ਜਾਂਦਾ ਹੈ। ਉਸ ਨੂੰ ਸੁਲ੍ਹਾ ਦੇ ਕਾਗ਼ਜ਼ਾਂ 'ਤੇ ਦਸਤਖ਼ਤ ਕਰਾ ਕੇ ਤਖਤੋਂ ਲਾਹ ਦਿੱਤਾ ਜਾਂਦਾ ਹੈ ਅਤੇ ਪੈਨਸ਼ਨ ਦੇ ਦਿੱਤੀ ਜਾਂਦੀ ਹੈ। ਨਾਵਲਕਾਰ ਨੇ ਅੰਗਰੇਜ਼ਾਂ ਦੁਆਰਾ ਮਹਾਰਾਜਾ ਦਲੀਪ ਸਿੰਘ ਤੋਂ ਰਾਜ ਨੂੰ ਖੋਹਣ ਦੀ ਘਟਨਾ ਬਾਰੇ ਵੇਲੇ ਦੇ ਕਈ ਅੰਗਰੇਜ਼ ਪ੍ਰਬੰਧਕਾਂ ਦੇ ਵਿਚਾਰ ਦਿੱਤੇ ਹਨ। ਇਨ੍ਹਾਂ ਵਿਚ ਇਲੀਅਟ, ਈਵਨਜ਼ ਬੈੱਲ, ਸਰ ਜੌਹਨ ਲਾਗਨ, ਡਲਹੌਜ਼ੀ ਅਤੇ ਮਿਸਟਰ ਲੁਡਲੋ ਆਦਿ ਦੇ ਨਾਮ ਸ਼ਾਮਲ ਹਨ।[੫] ਇਨ੍ਹਾਂ ਅੰਗਰੇਜ਼ ਪ੍ਰਬੰਧਕਾਂ ਦੇ ਵਿਚਾਰਾਂ ਦੇ ਹਵਾਲੇ ਨਾਲ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਇਕ ਅਣਜਾਣ ਬੱਚੇ ਨੂੰ ਡਰਾ ਧਮਕਾ ਕੇ ਜਿਸ ਢੰਗ ਨਾਲ ਦਸਤਖ਼ਤ ਕਰਾ ਕੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਾਇਆ ਗਿਆ, ਉਸ ਤੋਂ ਅੰਗਰੇਜ਼ੀ ਰਾਜ ਦੇ ਅਨਿਆਇ ਦਾ ਪਤਾ ਲਗਦਾ ਹੈ। ਇਸ ਪ੍ਰਕਾਰ ਨਾਵਲਕਾਰ ਅੰਗਰੇਜ਼ੀ ਰਾਜ ਦੇ ਪ੍ਰਬੰਧਕਾਂ ਦੇ ਵਿਚਾਰਾਂ ਰਾਹੀਂ ਉਨ੍ਹਾਂ ਦੀ ਬੇਇਨਸਾਫ਼ੀ ਭਰੀ ਨੀਤੀ ਨੂੰ ਜ਼ਾਹਰ ਕਰ ਦਿੰਦਾ ਹੈ। ਇਸ ਪ੍ਰਕਾਰ ਇਸ ਬੇਇਨਸਾਫ਼ੀ ਭਰੀ ਕੂਟਲਨੀਤੀ ਰਾਹੀਂ ੨੯ ਮਾਰਚ, ੧੮੪੯ ਈ. ਨੂੰ ਮਹਾਰਾਜਾ ਦਲੀਪ ਸਿੰਘ ਨੂੰ ਰਾਜ ਤੋਂ ਅਲੱਗ ਕਰ ਦਿੱਤਾ ਜਾਂਦਾ ਹੈ ਅਤੇ ਪੰਜਾਬ ਨੂੰ ਪੂਰੀ ਤਰ੍ਹਾਂ ਅੰਗਰੇਜ਼ੀ ਰਾਜ ਵਿਚ ਮਿਲਾ ਦਿੱਤਾ ਜਾਂਦਾ ਹੈ।

ਮਹਾਰਾਜਾ ਦਲੀਪ ਸਿੰਘ ਨਾਵਲ ਦੇ ਪੰਜਵੇਂ ਕਾਂਡ ਤੋਂ ਇਸ ਦਾ ਬਿਰਤਾਂਤ ਪਹਿਲੇ ਨਾਵਲ ਤੋਂ ਵਖਰੇਵਾਂ ਧਾਰਨ ਕਰ ਲੈਂਦਾ ਹੈ। ਡਾਕਟਰ ਸਰ ਜੌਹਨ ਲਾਗਨ ਨੂੰ ਜਲੰਧਰ ਤੋਂ ਬੁਲਾ ਕੇ ਮਹਾਰਾਜਾ ਦਲੀਪ ਸਿੰਘ ਦਾ ਰੱਖਿਅਕ ਬਣਾ ਦਿੱਤਾ ਜਾਂਦਾ ਹੈ। ਨਿਯੁਕਤੀ ਤੋਂ ਤੁਰੰਤ ਬਾਅਦ ਲਾਗਨ ਨੇ ਮਹਾਰਾਜਾ ਰਣਜੀਤ ਸਿੰਘ ਦੇ ਦੁਨੀਆ ਵਿਚ ਪ੍ਰਸਿੱਧ ਤੋਸ਼ੇਖਾਨੇ ਨੂੰ ਬਿਲੇ ਲਾਉਣ ਅਤੇ ਕੋਹਿਨੂਰ ਹੀਰੇ ਨੂੰ ਵਲਾਇਤ ਭੇਜਣ ਦੀ ਵਿਉਂਤ ਬਣਾ ਲਈ।[੬] ਇਸ ਦੇ ਨਾਲ ਹੀ ਉਸ ਨੇ ਮਹਾਰਾਜਾ ਦਲੀਪ ਸਿੰਘ ਨੂੰ ਆਪਣੇ ਹੱਥਾਂ ਉੱਤੇ ਪਾਉਣ ਦਾ ਕਾਰਜ ਅਰੰਭ ਕਰ ਦਿੱਤਾ। ਉਹ ਸਥਾਨਕ ਲੋਕਾਂ ਨਾਲ

ਮਹਾਰਾਜੇ ਦੇ ਮੇਲ-ਮਿਲਾਪ ਨੂੰ ਲਗਾਤਾਰ ਘੱਟ ਕਰਦਾ ਜਾਂਦਾ ਹੈ। ਉਸ ਨੇ ਮਹਾਰਾਜੇ ਨੂੰ ਅੰਗਰੇਜ਼ੀ ਅਤੇ ਅੰਜੀਲ ਦੀਆਂ ਆਇਤਾਂ ਪੜ੍ਹਾਉਣ ਦਾ ਕਾਰਜ ਅਰੰਭ ਕਰ ਦਿੱਤਾ। ਇਸ ਸਿੱਖਿਆ ਦੌਰਾਨ ਉਸ ਦੇ ਮਨ ਵਿਚ ਸਿੱਖਾਂ ਪ੍ਰਤੀ ਨਫ਼ਰਤ ਪੈਦਾ ਕੀਤੀ ਜਾਣ ਲੱਗੀ।[੭] ਉਸ ਦੀ ਦੇਸੀ ਧਾਰਮਿਕ ਵਿੱਦਿਆ ਅਤੇ ਗੁਰਮੁਖੀ ਦੀ ਪੜ੍ਹਾਈ ਬੰਦ ਕਰ ਦਿੱਤੀ ਗਈ। ਇਸ ਅਮਲ ਵਿਚ ਇਕ ਪਾਸੇ ਉਸ ਨੂੰ ਆਪਣੀ ਭਾਸ਼ਾ, ਧਰਮ ਅਤੇ ਸੱਭਿਆਚਾਰ ਤੋਂ ਤੋੜਨ ਦੇ ਯਤਨ ਸ਼ੁਰੂ ਹੋ ਗਏ, ਉੱਥੇ ਦੂਜੇ ਪਾਸੇ ਅੰਗਰੇਜ਼ੀ ਭਾਸ਼ਾ, ਈਸਾਈ ਮਤ ਅਤੇ ਪੱਛਮੀ ਸੱਭਿਆਚਾਰ ਨਾਲ ਜੋੜਨ ਦੇ ਸੁਚੇਤ ਉਪਰਾਲੇ ਕੀਤੇ ਜਾਣ ਲਗਦੇ ਹਨ। ਇਸ ਅਮਲ ਵਿਚ ਅੰਗਰੇਜ਼ੀ ਸਾਮਰਾਜ ਦੀ ਸਿਆਸੀ ਸੱਭਿਆਚਾਰਕ ਨੀਤੀ ਦੇ ਡਿਜ਼ਾਇਨ ਦਾ ਪਤਾ ਲਗਦਾ ਹੈ। ਇਸੇ ਡਿਜ਼ਾਇਨ ਦੇ ਅੰਤਰਗਤ ਉਸ ਨੂੰ ਦੇਸ਼-ਨਿਕਾਲਾ ਦੇ ਕੇ ਪੰਜਾਬ ਤੋਂ ਬਾਹਰ ਯੂ. ਪੀ. ਵਿਚ ਫਤਹਿਗੜ੍ਹ ਲਿਜਾਇਆ ਜਾਂਦਾ ਹੈ।[੮] ਉਹ ਆਪਣੀ ਕਪਟੀ ਵਿਉਂਤ ਉੱਪਰ ਪਰਦਾ ਪਾਉਣ ਲਈ ਇਹ ਅਫ਼ਵਾਹ ਫੈਲਾਉਂਦੇ ਹਨ ਕਿ ਮਹਾਰਾਜਾ ਤੀਰਥ ਸਥਾਨ ਦੀ ਯਾਤਰਾ 'ਤੇ ਗਿਆ ਹੋਇਆ ਹੈ। ਨਵੀਂ ਸਿੱਖਿਆ ਦੇ ਮਨਇੱਛਤ ਨਤੀਜੇ ਉਸ ਸਮੇਂ ਸਾਹਮਣੇ ਆਉਣ ਲੱਗਦੇ ਹਨ ਜਦੋਂ ਉਹ ਰਾਜਾ ਸ਼ੇਰ ਸਿੰਘ ਅਟਾਰੀ ਵਾਲੇ ਦੀ ਭੈਣ ਨਾਲ ਹੋਏ ਰਿਸ਼ਤੇ ਤੋਂ ਮੂੰਹ ਮੋੜ ਕੇ ਵਿਆਹ ਕਰਵਾਉਣ ਤੋਂ ਇਨਕਾਰ ਕਰ ਦਿੰਦਾ ਹੈ।[੯] ਇਸ ਪ੍ਰਕਾਰ ਅੰਗਰੇਜ਼ ਉਸ ਦੇ ਮਨ ਵਿਚ ਸਿੱਖਾਂ ਪ੍ਰਤੀ ਨਫ਼ਰਤ ਅਤੇ ਆਪਣੀ ਦੇਸੀ ਸਾਕਾਚਾਰੀ ਵਿਚ ਬੇਵਿਸ਼ਵਾਸੀ ਪੈਦਾ ਕਰਨ ਵਿਚ ਸਫ਼ਲ ਹੋ ਜਾਂਦੇ ਹਨ।

ਅੰਗਰੇਜ਼ ਅਧਿਕਾਰੀ ਸਮਝਦੇ ਸਨ ਕਿ ਜਿੰਨਾ ਚਿਰ ਮਹਾਰਾਜਾ ਦਲੀਪ ਸਿੰਘ ਸਿੱਖੀ ਵਿਚ ਕਾਇਮ ਹੈ, ਓਨਾ ਚਿਰ ਸਿੱਖ ਕੌਮ ਦੀ ਹਮਦਰਦੀ ਉਸ ਦੇ ਹੱਕ ਵਿਚ ਰਹੇਗੀ। ਅੰਗਰੇਜ਼ਾਂ ਦਾ ਇਹ ਵੀ ਖਿਆਲ ਸੀ ਕਿ ਜੇ ਦਲੀਪ ਸਿੰਘ ਨੂੰ ਈਸਾਈ ਬਣਾ ਲਿਆ ਜਾਵੇ ਤਾਂ ਸਿੱਖ ਉਸ ਦੇ ਨਾਲ ਨਫ਼ਰਤ ਕਰਨ ਲੱਗ ਪੈਣਗੇ। ਇਸ ਵਿਚਾਰ ਨੂੰ ਮੁੱਖ ਰੱਖ ਕੇ ਸਾਰਾ ਜ਼ੋਰ ਮਹਾਰਾਜੇ ਨੂੰ ਈਸਾਈ ਬਣਾਉਣ ਲਈ ਲਾਇਆ ਜਾਣ ਲਗਦਾ ਹੈ। ਅੰਗਰੇਜ਼ਾਂ ਦੀ ਇਸ ਸੋਚ ਦੀ ਗਵਾਹੀ ਲਾਗਨ ਅਤੇ ਡਲਹੌਜ਼ੀ ਦੀਆਂ ਲਿਖਤਾਂ ਵਿੱਚੋਂ ਵੀ ਮਿਲ ਜਾਂਦੀ ਹੈ।[੧੦] ਇਸ ਤੋਂ ਸਾਮਰਾਜ ਦਾ ਈਸਾਈ ਮਤ ਦੇ ਪ੍ਰਚਾਰ ਰਾਹੀਂ ਅੰਗਰੇਜ਼ੀ ਰਾਜ ਨੂੰ ਪੱਕਿਆਂ ਕਰਨ ਦਾ ਮੰਤਵ ਵੀ ਪ੍ਰਤੱਖ ਬਣਦਾ ਹੈ। ਇਸ ਮੰਤਵ ਦੀ ਪੂਰਤੀ ਲਈ ਲਾਗਨ ਨੇ ਵੇਖਣ ਨੂੰ ਬਹੁਤ ਹੀ ਸਭਿਅਕ ਢੰਗ ਅਪਣਾਇਆ। ਉਸ ਨੇ ਇਸ ਮੰਤਵ ਦੀ ਪੂਰਤੀ ਲਈ ਦਲੀਪ ਸਿੰਘ ਦੇ ਮਨ ਵਿਚ ਉਹਦੇ ਈਸਾਈ ਬਣਨ ਦੀ ਇੱਛਾ ਪੈਦਾ ਕਰਨ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਹ ਇਹ ਸਾਬਤ ਕਰਨਾ ਚਾਹੁੰਦਾ ਸੀ ਕਿ ਦਲੀਪ ਸਿੰਘ ਕਿਸੇ ਜਬਰ ਕਰਕੇ ਨਹੀਂ, ਸਗੋਂ ਸਵੈ-ਇੱਛਾ ਨਾਲ ਈਸਾਈ ਹੋਣਾ ਚਾਹੁੰਦਾ ਹੈ। ਬੜੇ ਹੀ ਵਿਉਂਤਬੱਧ ਢੰਗ ਨਾਲ ਦਲੀਪ ਸਿੰਘ ਕੋਲੋਂ ਇਸ ਇੱਛਾ ਦਾ ਇਜ਼ਹਾਰ ਉਸ ਸਮੇਂ ਕਰਵਾਇਆ ਜਾਂਦਾ ਹੈ, ਜਦੋਂ ਲਾਗਨ ਉਸ ਦੇ ਕੋਲ ਨਹੀਂ ਸੀ। ਇਹ ਉਹ ਸਮਾਂ ਸੀ ਜਦੋਂ ਨਵੰਬਰ ੧੮੫੦ ਈ. ਵਿਚ ਲਾਗਨ ਇਕ ਮਹੀਨੇ ਵਾਸਤੇ ਕਲਕੱਤੇ ਗਿਆ ਹੋਇਆ ਸੀ। ਪਿੱਛੇ ਉਸ

ਦੀ ਗ਼ੈਰ-ਹਾਜ਼ਰੀ ਵਿਚ ਕੈਪਟਨ ਕੈਮਬਲ ਫਤਹਿਗੜ੍ਹ ਰਿਹਾ। ਠੀਕ ਇਸ ਸਮੇਂ ਦਲੀਪ ਸਿੰਘ ਵੱਲੋਂ ਆਪਣੇ ਪੁਰਖਿਆਂ ਦਾ ਧਰਮ ਤਿਆਗਣ ਦਾ ਇਰਾਦਾ ਪ੍ਰਗਟ ਕਰਾਇਆ ਜਾਂਦਾ ਹੈ।[੧੧] ਸੀਤਲ ਨੇ ਅੰਗਰੇਜ਼ਾਂ ਵੱਲੋਂ ਮਹਾਰਾਜਾ ਦਲੀਪ ਸਿੰਘ ਨੂੰ ਯੋਜਨਾਬੱਧ ਢੰਗ ਨਾਲ ਈਸਾਈ ਬਣਾਉਣ ਦੀ ਪ੍ਰਕਿਰਿਆ ਨੂੰ ਬਾਰੀਕੀ ਨਾਲ ਪੇਸ਼ ਕੀਤਾ ਹੈ। ਉਹ ਇਸ ਸੰਬੰਧੀ ਕੈਪਟਨ ਕੈਮਬਲ, ਡਾ. ਲਾਗਨ, ਦਲੀਪ ਸਿੰਘ ਦੇ ਈਸਾਈ ਨੌਕਰ ਭਜਨ ਲਾਲ ਅਤੇ ਖੁਦ ਦਲੀਪ ਸਿੰਘ ਦੇ ਲਿਖਤ ਵਿਚਾਰਾਂ ਦੀ ਵਰਤੋਂ ਕਰਦਾ ਹੈ। ਇਸ ਦੀ ਪ੍ਰੋੜਤਾ ਲਾਰਡ ਡਲਹੌਜੀ ਦੀ ੨੪ ਸਤੰਬਰ, ੧੮੫੨ ਈ. ਦੀ ਲਿਖਤ ਤੋਂ ਵੀ ਹੋ ਜਾਂਦਾ ਹੈ। ਇਸ ਲਿਖਤ ਅਨੁਸਾਰ: "ਜੇ ਦਲੀਪ ਸਿੰਘ ਵਲਾਇਤ ਜਾਣਾ ਚਾਹੁੰਦਾ ਹੈ, ਤਾਂ ਜਾਣ ਤੋਂ ਪਹਿਲਾਂ ਚੁੱਪ ਚਾਪ ਉਸ ਨੂੰ ਈਸਾਈ ਬਣਾ ਲਿਆ ਜਾਵੇ, ਪਰ ਨਾਮ ਦਲੀਪ ਸਿੰਘ ਹੀ ਰਹੇ।"[੧੨] ਇਸ ਯੋਜਨਾ ਦੇ ਤਹਿਤ ਦਲੀਪ ਸਿੰਘ ਦੇ ਮਨ ਵਿਚ ਹਿੰਦੂ ਅਤੇ ਸਿੱਖ ਧਰਮ ਵਿਚ ਅਜਿਹੀ ਬੇਵਿਸ਼ਵਾਸੀ ਪੈਦਾ ਕਰ ਦਿੱਤੀ ਗਈ ਕਿ ਉਹ ਕੇਵਲ ਤੇ ਕੇਵਲ ਈਸਾਈ ਮਤ ਨੂੰ ਹੀ ਦੁਨੀਆ ਦਾ ਸਭ ਤੋਂ ਚੰਗਾ ਧਰਮ ਸਮਝਣ ਲੱਗਾ। ਇਸ ਯੋਜਨਾ ਦੀ ਪੂਰਤੀ ੮ ਮਾਰਚ, ੧੮੫੩ ਈ. ਨੂੰ ਹੁੰਦੀ ਹੈ ਜਦੋਂ ਮਹਾਰਾਜਾ ਦਲੀਪ ਸਿੰਘ ਨੂੰ 'ਬੈਪਤਿਸਮਾ' ਦੇ ਕੇ ਈਸਾਈ ਬਣਾ ਲਿਆ ਜਾਂਦਾ ਹੈ। ਉਸ ਦੇ ਲੰਮੇ ਕੇਸ ਕਤਲ ਕਰ ਦਿੱਤੇ ਜਾਂਦੇ ਹਨ। ਉਸ ਸਮੇਂ ਉਸ ਦੀ ਉਮਰ ਕੇਵਲ ਚੌਦਾਂ ਸਾਲ ਛੇ ਮਹੀਨੇ ਤੇ ਚਾਰ ਦਿਨ ਦੀ ਸੀ। ਇਸ ਨਾਵਲ ਵਿਚ ਈਸਾਈ ਮਤ ਦੇ ਪ੍ਰਚਾਰ ਦੇ ਸੰਦਰਭ ਵਿਚ ਅੰਗਰੇਜ਼ਾਂ ਦੀ ਸੱਭਿਆਚਾਰਕ ਨੀਤੀ ਦੇ ਇਸ ਪਹਿਲੂ ਦੀ ਪੇਸ਼ਕਾਰੀ ਇਸ ਰਚਨਾ ਨੂੰ ਮਹਾਰਾਣੀ ਜਿੰਦਾਂ ਨਾਵਲ ਨਾਲੋਂ ਨਿਖੇੜਦੀ ਹੈ।

ਮਹਾਰਾਜਾ ਦਲੀਪ ਸਿੰਘ ਨਾਵਲ ਵਿਚ ਬਾਲਕ ਮਹਾਰਾਜੇ ਨੂੰ ਈਸਾਈ ਬਣਾਉਣ ਤੋਂ ਬਾਅਦ ਵੀ ਅੰਗਰੇਜ਼ ਅਧਿਕਾਰੀ ਸੰਤੁਸ਼ਟ ਨਹੀਂ ਹੁੰਦੇ। ਉਹ ਦਲੀਪ ਸਿੰਘ ਨੂੰ ਭਾਰਤ ਤੋਂ ਬਹੁਤ ਦੂਰ ਭੇਜ ਦੇਣਾ ਚਾਹੁੰਦੇ ਸਨ, ਜਿੱਥੋਂ ਉਸ ਦੀ ਹਵਾ ਵੀ ਪੰਜਾਬ ਦੇ ਸਿੱਖਾਂ ਤਕ ਨਾ ਪਹੁੰਚ ਸਕੇ। ਇਸ ਮਨਸੂਬੇ ਦੀ ਪੂਰਤੀ ਲਈ ਵੀ ਟੇਢਾ ਢੰਗ ਇਸਤੇਮਾਲ ਕੀਤਾ ਗਿਆ। ਲਾਗਨ ਨੇ ਮਹਾਰਾਜੇ ਦੇ ਦਿਲ ਵਿਚ ਵਲਾਇਤ ਵੇਖਣ ਦੀ ਚਾਅ ਪੈਦਾ ਕਰ ਦਿੱਤੀ। ਇਸ ਚਾਅ ਦੀ ਪੂਰਤੀ ਲਈ ਲਾਗਨ ਨੇ ਮਹਾਰਾਜੇ ਵੱਲੋਂ ਸਰਕਾਰ ਨੂੰ ਚਿੱਠੀਆਂ ਲਿਖੀਆਂ।[੧੩] ਇਸ ਸਭ ਕੁਝ ਵਿਚ ਲਾਗਨ ਨੇ ਇਉਂ ਪ੍ਰਗਟ ਕੀਤਾ ਜਿਵੇਂ ਸਰਕਾਰ ਨੇ ਵਲਾਇਤ ਜਾਣ ਦੀ ਆਗਿਆ ਦੇ ਕੇ ਮਹਾਰਾਜੇ ਦੇ ਸਿਰ ਬੜਾ ਅਹਿਸਾਨ ਕੀਤਾ ਹੋਵੇ। ਇਸ ਪ੍ਰਕਾਰ ਮਹਾਰਾਜਾ ਕਿਸੇ ਯਾਤਰਾ ਲਈ ਵਲਾਇਤ ਜਾ ਰਿਹਾ ਹੋਵੇ। ਇੱਥੇ ਵੀ ਇਉਂ ਜ਼ਾਹਰ ਕੀਤਾ ਗਿਆ ਜਿਵੇਂ ਮਹਾਰਾਜਾ ਦਲੀਪ ਸਿੰਘ ੧੯ ਅਪ੍ਰੈਲ, ੧੮੫੪ ਈ. ਨੂੰ ਡਾਕਟਰ ਲਾਗਨ, ਲੇਡੀ ਲਾਗਨ ਤੇ ਕੁਝ ਨੌਕਰਾਂ ਸਮੇਤ ਵਲਾਇਤ ਜਾਣ ਵਾਸਤੇ ਕਲਕੱਤੇ ਤੋਂ ਜਹਾਜ਼ੇ ਚੜ੍ਹ ਜਾਂਦਾ ਹੈ।[੧੪]

ਬੇਸ਼ਕ ਮਹਾਰਾਜਾ ਦਲੀਪ ਸਿੰਘ ਅੰਗਰੇਜ਼ਾਂ ਦੀ ਯੋਜਨਾ ਅਧੀਨ ਈਸਾਈ ਮਤ ਧਾਰਨ ਕਰਕੇ ਇੰਗਲੈਂਡ ਪਹੁੰਚ ਜਾਂਦਾ ਹੈ। ਪਰੰਤੂ, ਉਹ ਆਪਣੇ ਦੇਸੀ ਸੱਭਿਆਚਾਰ

ਦੇ ਕੁਝ ਚਿੰਨ੍ਹਾਂ ਨੂੰ ਉੱਥੇ ਵੀ ਕਾਇਮ ਰੱਖਦਾ ਹੈ। ਇਨ੍ਹਾਂ ਚਿੰਨ੍ਹਾਂ ਵਿਚ ਸਿਰ ਉੱਪਰ ਪੱਗ ਅਤੇ ਮਹਾਰਾਜਿਆਂ ਵਾਲੀ ਦੇਸੀ ਪੁਸ਼ਾਕ ਸ਼ਾਮਲ ਸੀ। ਲਾਰਡ ਡਲਹੌਜ਼ੀ ਨੂੰ ਉਸ ਦੀ ਪੱਗ ਬਹੁਤ ਚੁੱਭਦੀ ਸੀ। ਇਸ ਦੇ ਨਾਲ ਹੀ ਇੰਗਲੈਂਡ ਵਿਖੇ ਮਹਾਰਾਜਾ ਦਲੀਪ ਸਿੰਘ ਦਾ ਮਲਕਾ ਵਿਕਟੋਰੀਆ ਅਤੇ ਸ਼ਹਿਜ਼ਾਦਿਆਂ ਨਾਲ ਮੇਲ ਬਹੁਤ ਵਧ ਗਿਆ। ਮਲਕਾ ਵੱਲੋਂ ਉਸ ਨੂੰ ਕਈ ਵਾਰ ਰਾਜ ਮਹਿਲ ਵਿਚ ਪ੍ਰੀਤੀ ਭੋਜਨ ਦਿੱਤਾ ਜਾਂਦਾ ਹੈ। ਲਾਰਡ ਡਲਹੌਜ਼ੀ ਤੋਂ ਤਖ਼ਤੋਂ ਲੱਥੇ ਮਹਾਰਾਜੇ ਦਾ ਏਨਾ ਆਦਰ ਜਰਿਆ ਨਹੀਂ ਸੀ ਜਾਂਦਾ। ਉਹ ਇਸ ਪ੍ਰਤੀ ਆਪਣੇ ਸਾੜੇ ਦਾ ਇਜ਼ਹਾਰ ੨੨ ਅਕਤੂਬਰ, ੧੮੫੪ ਈ. ਦੀ ਚਿੱਠੀ ਵਿਚ ਵੀ ਕਰਦਾ ਹੈ।[੧੫] ਇਸ ਤੋਂ ਇਲਾਵਾ ਉਸ ਨੂੰ ਦਲੀਪ ਸਿੰਘ ਦਾ ਬਾਜ਼ਾਂ ਦਾ ਸ਼ਿਕਾਰ ਖੇਡਣ ਦਾ ਸ਼ੌਕ ਵੀ ਨਹੀਂ ਭਾਉਂਦਾ। ਉਹ ਇਸ ਵਿੱਚੋਂ ਸਿੱਖੀ ਸੰਸਕਾਰ ਨੂੰ ਵੇਖਦਾ ਹੋਇਆ ਲਿਖਦਾ ਹੈ: "ਉਸਦਾ (ਮਹਾਰਾਜੇ ਦਾ) ਬਾਜ਼ਾਂ ਨਾਲ ਸ਼ਿਕਾਰ ਖਿਹਡਣ ਦਾ ਸ਼ੌਕ ਨਿਰੋਲ ਸਿੱਖੀ ਸੁਭਾਅ ਹੈ। ਸਿੱਖ ਬਾਜ਼ ਬਹੁਤ ਰੱਖਦੇ ਹਨ।"[੧੬] ਸਪੱਸ਼ਟ ਹੈ ਕਿ ਅੰਗਰੇਜ਼ ਹਾਕਮ ਮਹਾਰਾਜੇ ਦੇ ਵਿਅਕਤਿਤਵ ਵਿੱਚੋਂ ਆਪਣੇ ਸੱਭਿਆਚਾਰਾਂ ਦੇ ਸਰੋਕਾਰਾਂ ਨੂੰ ਪੂਰੀ ਤਰ੍ਹਾਂ ਖ਼ਤਮ ਕਰਨਾ ਚਾਹੁੰਦੇ ਸਨ।

੪ ਸਤੰਬਰ, ੧੮੫੪ ਈ. ਨੂੰ ਮਹਾਰਾਜੇ ਦੀ ਉਮਰ ਸੋਲਾਂ ਸਾਲ ਦੀ ਹੋ ਜਾਂਦੀ ਹੈ। ਭਰੋਵਾਲ ਦੇ ਸੁਲ੍ਹਾਨਾਮੇ ਅਨੁਸਾਰ ਬਾਲਗ ਹੋ ਜਾਣ ਦੀ ਸੂਰਤ ਵਿਚ ਉਸ ਨੂੰ ਆਪਣੇ ਰਾਜ-ਪ੍ਰਬੰਧ ਨੂੰ ਖ਼ੁਦ ਚਲਾਉਣ ਦਾ ਹੱਕ ਹਾਸਲ ਹੋ ਜਾਣਾ ਸੀ। ਉਸ ਨੇ ਇਸ ਹੱਕ ਨੂੰ ਪ੍ਰਾਪਤ ਕਰਨ ਲਈ ਲਾਰਡ ਡਲਹੌਜ਼ੀ ਨੂੰ ਚਿੱਠੀ ਲਿਖੀ ਅਤੇ ਵਾਪਸ ਭਾਰਤ ਪਰਤਣ ਦੀ ਆਗਿਆ ਮੰਗੀ। ਉਹ ਕੇਵਲ ਦੋ ਸਾਲ ਵਾਸਤੇ ਹੀ ਵਲਾਇਤ ਗਿਆ ਸੀ। ਦਲੀਪ ਸਿੰਘ ਦੀਆਂ ਉਪਰੋਕਤ ਦੋਵੇਂ ਮੰਗਾਂ ਨੂੰ ਠੁਕਰਾ ਦਿੱਤਾ ਗਿਆ। ਇਸ ਦੇ ਉੱਤਰ ਵਿਚ ਉਸ ਨੂੰ ਕੇਵਲ ਯੂਰਪ ਦੇ ਕੁਝ ਮੁਲਕਾਂ ਦੀ ਸੈਰ ਕਰਨ ਦੀ ਆਗਿਆ ਹੀ ਦਿੱਤੀ ਗਈ।[੧੭] ਇਸ ਤੋਂ ਅੰਗਰੇਜ਼ੀ ਸਾਮਰਾਜ ਦਾ ਚਾਲਬਾਜ਼ ਚਰਿੱਤਰ ਉਘੜਦਾ ਹੈ।

ਇਸ ਨਾਵਲ ਵਿਚ ਬਾਲਕ ਹੋਏ ਜਲਾਵਤਨ ਮਹਾਰਾਜਾ ਦਲੀਪ ਸਿੰਘ ਵੱਲੋਂ ਆਪਣੇ ਹੱਕ ਨੂੰ ਮੁੜ ਹਾਸਲ ਕਰਨ ਲਈ ਅਸਫਲ ਕੋਸ਼ਿਸ਼ਾਂ ਦਾ ਬਿਰਤਾਂਤ ਵੀ ਪੇਸ਼ ਕੀਤਾ ਗਿਆ ਹੈ। ਉਹ ਇਸ ਸੰਬੰਧੀ ਈਸਟ ਇੰਡੀਆ ਕੰਪਨੀ ਦੇ ਕੋਰਟ ਆਫ ਡਾਇਰੈਕਟਰ ਨਾਲ ਚਿੱਠੀ ਪੱਤਰ ਵੀ ਕਰਦਾ ਹੈ। ਇਸ ਅਰਸੇ ਦੌਰਾਨ ਭਾਰਤ ਵਿਚ ਹੋਏ ੧੮੫੭ ਈ. ਦੇ ਗ਼ਦਰ ਦੌਰਾਨ ਬਲਵਈਆਂ ਵੱਲੋਂ ਦਲੀਪ ਸਿੰਘ ਦਾ ਫਤਹਿਗੜ੍ਹ ਵਾਲਾ ਘਰ ਸਾੜ ਦਿੱਤਾ ਜਾਂਦਾ ਅਤੇ ਸਾਮਾਨ ਲੁੱਟ ਲਿਆ ਜਾਂਦਾ ਹੈ। ਭਰੋਵਾਲ ਦੇ ਅਹਿਦਨਾਮੇ ਵਿਚ ਲਿਖੀ ਸ਼ਰਤ ਤੋਂ ਲੱਗਭਗ ਤਿੰਨ ਸਾਲ ਪਿੱਛੋਂ ਹੀ ਦਲੀਪ ਸਿੰਘ ਉੱਪਰੋਂ ਕੁਝ ਬੰਦਿਸ਼ਾਂ ਹਟਾਈਆਂ ਗਈਆਂ। ਗਵਰਨਰ ਜਨਰਲ ਦੇ ਹੁਕਮ ਅਨੁਸਾਰ ਉਹ ਹਿੰਦੁਸਤਾਨ ਆ ਕੇ ਉਸ ਦੇ ਵਿਛੋੜੇ ਵਿਚ ਰੋ ਰੋ ਕੇ ਅੰਨ੍ਹੀ ਹੋ ਚੁੱਕੀ ਮਾਂ ਨੂੰ ਤਾਂ ਮਿਲ ਸਕਦਾ ਸੀ, ਪਰ ਪੰਜਾਬ ਵਿਚ ਨਹੀਂ ਸੀ ਜਾ ਸਕਦਾ। ਇਸ ਹੁਕਮ ਦੇ ਫਲਸਰੂਪ ੧੮੬੧ ਵਿਚ ਕਲਕੱਤੇ ਵਿਖੇ ਮਾਂ ਪੁੱਤਰ ਦੀ ਮੁਲਾਕਾਤ ਸੰਭਵ ਬਣਦੀ ਹੈ।

ਨਾਵਲਕਾਰ ਨੇ ਇਸ ਮੁਲਾਕਾਤ ਨੂੰ ਭਾਵਪੂਰਤ ਰੂਪ ਵਿਚ ਚਿਤਰਿਆ ਹੈ। ਜਿਸ ਦਾ ਵਿਸਤ੍ਰਿਤ ਬਿੰਬ ਉਸ ਦੇ ਪਹਿਲੇ ਨਾਵਲ ਮਹਾਰਾਣੀ ਜਿੰਦਾਂ ਵਿਚ ਵੀ ਮਿਲ ਜਾਂਦਾ ਹੈ। ਦਲੀਪ ਸਿੰਘ ਆਪਣੀ ਮਾਂ ਨਾਲ ਹਿੰਦੁਸਤਾਨ ਵਿਚ ਰਹਿਣ ਦੀ ਇੱਛਾ ਪ੍ਰਗਟ ਕਰਦਾ ਹੈ। ਪਰ ਸਰਕਾਰ ਉਸ ਦੀ ਬੇਨਤੀ ਨੂੰ ਪ੍ਰਵਾਨ ਨਹੀਂ ਕਰਦੀ। ਮਜ਼ਬੂਰ ਹੋ ਕੇ ਮਹਾਰਾਜਾ ਆਪਣੀ ਮਾਂ ਸਮੇਤ ਇੰਗਲੈਂਡ ਵਾਪਸ ਆ ਜਾਂਦਾ ਹੈ।[੧੮] ਮਾਂ ਦੀ ਸੰਗਤ ਵਿਚ ਆਪਣੀ ਸੰਸਕ੍ਰਿਤੀ ਦੇ ਦੱਬੇ ਹੋਏ ਪਹਿਲੂ ਮੁੜ ਉਭਰਨ ਲੱਗਦੇ ਹਨ। ਜਿੰਦਾਂ ਦੇ ਅਸਰ ਨਾਲ ਉਸ ਨੇ ਗਿਰਜੇ ਜਾਣਾ ਬੰਦ ਕਰ ਦਿੱਤਾ। ਮਾਂ ਤੋਂ ਪਤਾ ਲੱਗਣ ਦੇ ਬਾਅਦ ਉਸ ਨੇ ਪੰਜਾਬ ਵਿਚ ਰਹਿ ਗਈਆਂ ਆਪਣੀਆਂ ਜਾਇਦਾਦਾਂ ਬਾਰੇ ਲਿਖਣਾ ਸ਼ੁਰੂ ਕਰ ਦਿੱਤਾ। ਇਸ ਤੋਂ ਲਾਗਨ ਆਦਿ ਕਰਮਚਾਰੀ ਏਨੇ ਚਿੜ੍ਹ ਗਏ ਕਿ ਉਨ੍ਹਾਂ ਨੇ ਮਾਂ ਪੁੱਤ ਨੂੰ ਵਿਛੋੜ ਕੇ ਵੱਖਰੇ-ਵੱਖਰੇ ਘਰਾਂ ਵਿਚ ਰਹਿਣ ਲਈ ਮਜ਼ਬੂਰ ਕਰ ਦਿੱਤਾ। ਇਸ ਨਾਲ ਮਾਂ ਦਾ ਦੁੱਖ ਹੋਰ ਵਧ ਜਾਂਦਾ ਹੈ। ਇਸ ਦੁੱਖਮਈ ਹਾਲਤ ਵਿਚ ਪਹਿਲੀ ਅਗਸਤ, ੧੮੬੩ ਈ. ਨੂੰ ਮਹਾਰਾਣੀ ਜਿੰਦਾਂ ਦੀ ਮੌਤ ਹੋ ਜਾਂਦੀ ਹੈ। ਦਲੀਪ ਸਿੰਘ ਨੇ ਆਪਣੀ ਮਾਂ ਦਾ ਸਸਕਾਰ ਲਾਹੌਰ ਵਿਖੇ ਸ਼ੇਰ-ਏ-ਪੰਜਾਬ ਦੀ ਸਮਾਧ ਕੋਲ ਹੋਣ ਦੀ ਆਖ਼ਰੀ ਵਸੀਅਤ ਨੂੰ ਪੂਰਿਆਂ ਕਰਨ ਲਈ ਕਈ ਵਾਰ ਸਰਕਾਰ ਨੂੰ ਲਿਖਿਆ। ਛੇ ਮਹੀਨਿਆਂ ਪਿੱਛੋਂ ਮਹਾਰਾਜੇ ਨੂੰ ਏਨੀ ਹੀ ਆਗਿਆ ਮਿਲੀ ਕਿ ਉਹ ਆਪਣੀ ਮਾਂ ਦਾ ਸਸਕਾਰ ਭਾਰਤ ਵਿਖੇ ਨਰਬਦਾ ਦਰਿਆ ਦੇ ਕੰਢੇ ਉੱਪਰ ਕਰ ਸਕਦਾ ਹੈ। ਨਾਵਲਕਾਰ ਨੇ ਇਸ ਸਥਿਤੀ ਦੀ ਕਰੁਣਾ ਅਤੇ ਭਾਵੁਕਤਾ ਨੂੰ ਬੜੀ ਖ਼ੂਬੀ ਨਾਲ ਚਿਤਰਿਆ ਹੈ। ਨਾਵਲ ਦੇ ਨਿਮਨ-ਲਿਖਤ ਵੇਰਵੇ ਇਸ ਦਾ ਪ੍ਰਮਾਣ ਪ੍ਰਸਤੁਤ ਕਰਦੇ ਹਨ:

ਭਰੇ ਦਿਲ ਨਾਲ ਦਲੀਪ ਸਿੰਘ ਦੁਖੀਆ ਮਾਂ ਦੀ ਅਰਥੀ ਲੈ ਕੇ ਭਾਰਤ ਪੁੱਜਾ। ਬੰਬਈ ਦੇ ਨੇੜੇ ਨਰਬਦਾ ਨਦੀ ਦੇ ਕੰਢੇ ਮਹਾਰਾਣੀ ਜਿੰਦਾਂ ਦਾ ਸਸਕਾਰ ਕੀਤਾ ਗਿਆ। ਦਲੀਪ ਸਿੰਘ ਨੂੰ ਭਾਰਤ ਵਿਚ ਵਧੇਰੇ ਚਿਰ ਠਹਿਰਨ ਦੀ ਆਗਿਆ ਨਹੀਂ ਸੀ। ਉਹ ਛੇਤੀ ਵਾਪਸ ਪਰਤ ਜਾਣ ਵਾਸਤੇ ਮਜ਼ਬੂਰ ਸੀ। ਜਿੰਦਾਂ ਦੇ ਸਿਵੇ ਦੇ ਅੰਗਿਆਰ ਅਜੇ ਠੰਢੇ ਵੀ ਨਹੀਂ ਸਨ ਹੋਏ, ਜਾਂ ਦਲੀਪ ਸਿੰਘ ਉਨ੍ਹਾਂ ਨੂੰ ਨਦੀ ਨਰਬਦਾ ਦੀਆਂ ਲਹਿਰਾਂ ਦੀ ਭੇਟ ਕਰਕੇ ਵਲਾਇਤ ਨੂੰ ਤੁਰ ਪਿਆ।[੧੯]

ਮਹਾਰਾਜਾ ਦਲੀਪ ਸਿੰਘ ਨਾਵਲ ਵਿਚ ਨਾਇਕ ਦੇ ਜੀਵਨਮੂਲਕ ਪ੍ਰਸੰਗ ਵਿਚ ਮਿਸ ਬੰਬਾ ਮੂਲਰ ਨਾਲ ਉਸ ਦੇ ਵਿਆਹ ਅਤੇ ਪਰਵਾਰਕ ਜੀਵਨ ਦਾ ਉਲੇਖ ਵੀ ਕੀਤਾ ਗਿਆ ਹੈ। "ਅੰਗਰੇਜ਼ੀ ਸਰਕਾਰ ਉਸ ਦੀ ਪੈਨਸ਼ਨ ਦਾ ਠੀਕ ਤਰ੍ਹਾਂ ਹਿਸਾਬ ਨਹੀਂ ਦਿੰਦੀ। ਉਹ ਇਸ ਲਈ ਟਾਈਮਜ਼ ਅਖ਼ਬਾਰ ਵਿਚ ਚਿੱਠੀਆਂ ਵੀ ਲਿਖਦਾ ਹੈ। ਨਾਵਲ ਵਿਚ ਮਹਾਰਾਜਾ ਦਲੀਪ ਸਿੰਘ ਵੱਲੋਂ ਟਾਈਮਜ਼ ਅਖ਼ਬਾਰ ਦੇ ਐਡੀਟਰ ਨੂੰ ਅਤੇ ਇਸ ਦੇ ਪ੍ਰਤਿਉੱਤਰ ਵਿਚ ਐਡੀਟਰ ਦੁਆਰਾ ਲਿਖੇ ਗਏ ਲੇਖਾਂ ਦਾ ਵਿਸਤ੍ਰਿਤ ਵੇਰਵਾ ਦਿੱਤਾ ਗਿਆ ਹੈ।"[੨੦] ਇਹ ਪੱਤਰ ਅਤੇ ਪ੍ਰਤਿਉੱਤਰ ਟਾਈਮਜ਼ ਅਖ਼ਬਾਰ ਵਿਚ ਪ੍ਰਕਾਸ਼ਿਤ ਹੋਏ। ਮਹਾਰਾਜਾ ਦਲੀਪ ਸਿੰਘ ਦੁਆਰਾ ਲਿਖੇ ਗਏ ਪੱਤਰਾਂ ਵਿਚ ਉਸ ਸਾਰੇ ਇਤਿਹਾਸ ਨੂੰ ਪੁਨਰ-ਸਿਰਜਤ ਕੀਤਾ ਗਿਆ ਹੈ ਜਿਸ ਵਿਚ

ਸਿੱਖ ਰਾਜ ਨੂੰ ਅੰਗਰੇਜ਼ੀ ਰਾਜ ਵਿਚ ਮਿਲਾਉਣ ਲਈ ਵਰਤੇ ਗਏ ਹੱਥ-ਕੰਡੇ ਅਤੇ ਧੋਖੇ ਦਾ ਜ਼ਿਕਰ ਕੀਤਾ ਗਿਆ ਹੈ। ਮਹਾਰਾਜਾ ਦਲੀਪ ਸਿੰਘ ਇਸ ਪ੍ਰਸੰਗ ਵਿਚ ਆਪਣੇ ਨਾਲ ਹੋਈਆਂ ਜ਼ਿਆਦਤੀਆਂ ਨੂੰ ਇਨਸਾਫ-ਪਸੰਦ ਸਮਝੀ ਜਾਂਦੀ ਅੰਗਰੇਜ਼ੀ ਕੌਮ ਦੇ ਸਨਮੁਖ ਪ੍ਰਸਤੁਤ ਕਰਦਾ ਹੈ। ਇਸ ਪ੍ਰਸਤੁਤੀ ਵਿਚ ਉਹ ਕੀਤੇ ਗਏ ਵਾਅਦਿਆਂ ਅਨੁਸਾਰ ਆਪਣੇ ਹੱਕ ਦੀ ਪੁਨਰ ਬਹਾਲੀ ਲਈ ਵੀ ਕਹਿੰਦਾ ਹੈ। ਇਸ ਦੇ ਪ੍ਰਤਿਉੱਤਰ ਵਿਚ ਟਾਈਮਜ਼ ਅਖ਼ਬਾਰ ਦੇ ਐਡੀਟਰ ਵੱਲੋਂ ਲਿਖੇ ਗਏ ਲੇਖਾਂ ਵਿਚ ਮਹਾਰਾਜੇ ਦੁਆਰਾ ਪੇਸ਼ ਕੀਤੇ ਗਏ ਤੱਥਾਂ ਨੂੰ ਝੁਠਲਾ ਕੇ ਉਸ ਦਾ ਵੱਧ ਤੋਂ ਵੱਧ ਨਿਰਾਦਰ ਕੀਤਾ ਗਿਆ। ਇਸ ਚਿੱਠੀ-ਪੱਤਰ ਵਿੱਚੋਂ ਜਿੱਥੇ ਮਹਾਰਾਜਾ ਦਲੀਪ ਸਿੰਘ ਦਾ ਦੁਖਾਂਤਕ ਨਾਇਕ ਵਾਲਾ ਚਰਿੱਤਰ ਉਘੜਦਾ ਹੈ, ਉੱਥੇ ਅੰਗਰੇਜ਼ੀ ਸਰਕਾਰ ਦਾ ਅਨਿਆਇ ਪੂਰਵਕ ਕਿਰਦਾਰ ਵੀ ਸਾਹਮਣੇ ਆਉਂਦਾ ਹੈ। ਇਸ ਬੇਇਨਸਾਫ਼ੀ ਤੋਂ ਮਹਾਰਾਜਾ ਅੰਗਰੇਜ਼ੀ ਸਰਕਾਰ ਨਾਲ ਨਾਰਾਜ਼ ਹੋ ਜਾਂਦਾ ਹੈ। ਉਹ ਵਲਾਇਤ ਵਾਲੀ ਜਾਇਦਾਦ ਵੇਚ ਕੇ ਬਾਲ ਬੱਚੇ ਸਮੇਤ ਭਾਰਤ ਜਾ ਵੱਸਣ ਦੀ ਸੋਚਣ ਲੱਗਦਾ ਹੈ। ਉਹ ਇਸ ਸੰਬੰਧੀ ੧੫ ਸਤੰਬਰ, ੧੮੮੨ ਈ. ਨੂੰ ਲਾਰਡ ਹਾਰਡਿੰਗਟਨ ਨੂੰ ਚਿੱਠੀ ਲਿਖ ਕੇ ਪੁੱਛਦਾ ਹੈ। ਇਸ ਦੇ ਉੱਤਰ ਵਿਚ ਉਸ ਨੂੰ ਹਿੰਦੁਸਤਾਨ ਜਾਣ ਦੀ ਆਗਿਆ ਤਾਂ ਮਿਲ ਗਈ ਪਰ ਉਹ ਪੰਜਾਬ ਵਿਚ ਨਹੀਂ ਸੀ ਜਾ ਸਕਦਾ। ਉਸ ਦਾ ਅੰਗਰੇਜ਼ੀ ਸਰਕਾਰ ਅਤੇ ਈਸਾਈਅਤ ਤੋਂ ਮਨ ਪੂਰੀ ਤਰ੍ਹਾਂ ਖੱਟਾ ਹੋ ਚੁੱਕਾ ਸੀ। ਉਸ ਦੇ ਅੰਦਰ ਆਪਣੇ ਧਰਮ ਅਤੇ ਦੇਸ਼ ਪ੍ਰੇਮ ਦੇ ਭਾਵ ਜਾਗ੍ਰਿਤ ਹੋਣ ਲੱਗੇ। ਇਸ ਪ੍ਰਸੰਗ ਵਿਚ ਉਸ ਦੁਆਰਾ ਲਿਖੇ ਉਨ੍ਹਾਂ ਪੱਤਰਾਂ ਦਾ ਹਵਾਲਾ ਵੀ ਦਿੱਤਾ ਗਿਆ ਹੈ ਜੋ ਉਸ ਨੇ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਐਮਾ ਵਿਚ ਵਸਦੇ ਆਪਣੀ ਮਾਂ ਦੇ ਭੂਆ ਦੇ ਪੁੱਤਰ ਸੰਤ ਸਿੰਘ ਨੂੰ ਲਿਖੇ।[੨੧] ਇਨ੍ਹਾਂ ਪੱਤਰਾਂ ਵਿਚ ਮਹਾਰਾਜਾ ਸ੍ਰੀ ਅੰਮ੍ਰਿਤਸਰ ਪਹੁੰਚ ਕੇ ਸ੍ਰੀ ਅਕਾਲ ਤਖਤ ਤੋਂ ਅੰਮ੍ਰਿਤ ਛਕਣ ਅਤੇ ਆਪਣੀ ਕੌਮ ਕੋਲ ਆਪਣੇ ਕੀਤੇ ਦੀ ਮਾਫੀ ਮੰਗਣ ਦਾ ਪ੍ਰਗਟਾਵਾ ਕਰਦਾ ਹੈ। ਇਸ ਪੱਖ ਤੋਂ ਉਸ ਦੀ ਪੰਜਾਬੀਆਂ ਦੇ ਨਾਂ ਲਿਖੀ ਖੁੱਲ੍ਹੀ ਚਿੱਠੀ ਦਾ ਉਲੇਖ ਵੀ ਕੀਤਾ ਗਿਆ ਹੈ।[੨੨] ਅੰਗਰੇਜ਼ੀ ਸਰਕਾਰ ਇਨ੍ਹਾਂ ਪੱਤਰਾਂ ਵਿਚ ਲਿਖੇ ਵਿਚਾਰਾਂ ਹੇਠ ਛੁਪੇ ਵਿਦਰੋਹ ਦੇ ਭਾਵ ਨੂੰ ਭਾਂਪਦੀ ਸੀ। ਇਸ ਲਈ ਦੇਸ਼ ਪਹੁੰਚਣ ਲਈ ਤੁਰੇ ਮਹਾਰਾਜੇ ਨੂੰ ਅਪਰੈਲ ੧੮੮੬ ਈ. ਵਿਚ ਲਾਰਡ ਡਫਰਿਨ ਦੇ ਹੁਕਮ ਨਾਲ ਅਦਨ ਵਿਖੇ ਗ੍ਰਿਫਤਾਰ ਕਰ ਲਿਆ। ਉਹ ਇਸ ਸਿਲਸਿਲੇ ਵਿਚ ਇੰਗਲੈਂਡ ਦੀ ਮਲਕਾ ਅਤੇ ਹਿੰਦ ਦੇ ਵਾਇਸਰਾਏ ਨੂੰ ਤਾਰਾਂ ਦਿੰਦਾ ਹੈ ਪਰ ਕਿਤੇ ਵੀ ਉਸ ਦੀ ਫਰਿਆਦ ਸੁਣੀ ਨਹੀਂ ਜਾਂਦੀ। ਅਨਦ ਦੇ ਪ੍ਰਸੰਗ ਵਿਚ ਇਕ ਮਹੱਤਵਪੂਰਨ ਵੇਰਵਾ ਇਹ ਹੈ ਕਿ ਇੱਥੇ ਮਹਾਰਾਜਾ ਨੇ ਟਿਕੀ ਹੋਈ ਸਿੱਖ ਫ਼ੌਜ ਦੇ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਛਕ ਕੇ ਮੁੜ ਆਪਣੇ ਪੁਰਖਿਆਂ ਦੇ ਧਰਮ ਨੂੰ ਧਾਰਨ ਕਰ ਲਿਆ ਸੀ। ਇਸ ਦੇ ਪਰਿਮਾਣ ਹਿੱਤ ਮਹਾਰਾਜੇ ਦੀ ਇਕ ਚਿੱਠੀ ਦਾ ਹਵਾਲਾ ਦਿੱਤਾ ਗਿਆ ਹੈ।[੨੩] ਇਸ ਸੰਬੰਧੀ ਡਾ. ਬਲਕਾਰ ਸਿੰਘ ਦਾ ਮਤ ਹੈ:

ਅੰਗਰੇਜ਼ਾਂ ਵੱਲੋਂ ਦਲੀਪ ਸਿੰਘ ਦੇ ਸੱਭਿਆਚਾਰਕ ਅਵਚੇਤਨ ਦੇ ਰੂਪਾਂਤਰਣ

ਹਿੱਤ ਵਰਤੀਆਂ ਵਿਉਂਤਾਂ ਦਲੀਪ ਸਿੰਘ ਦੇ ਨਿੱਜੀ ਅਵਚੇਤਨ ਵਿਚ ਕੁਝ ਕੁ ਸਮੇਂ ਲਈ ਬਦਲਾਵ ਲੈ ਆਉਂਦੀਆਂ ਹਨ ਪਰ ਉਸ ਦੇ ਸਮੂਹਕ ਅਵਚੇਤਨ ਵਿਚ ਅਨੇਕਾਂ ਪੀੜ੍ਹੀਆਂ, ਜਾਤੀਆਂ, ਨਸਲਾਂ ਦੇ ਹੱਡੀਂ-ਹੰਢਾਏ ਅਨੁਭਵਾਂ ਵਿਚ ਰੂਪਾਂਤਰਣ ਘੱਟ ਵਾਪਰਦਾ ਹੈ। ਇਹੀ ਵਜ੍ਹਾ ਹੈ ਕਿ ਦਲੀਪ ਸਿੰਘ ਦੁਬਾਰਾ ਅੰਮ੍ਰਿਤ ਛਕ ਕੇ ਪੰਜਾਬੀ ਸੱਭਿਆਚਾਰ ਦੀ ਤਰਜ਼-ਏ-ਜ਼ਿੰਦਗੀ ਜਿਊਣ ਦਾ ਇੱਛੁਕ ਹੈ। ਪੰਜਾਬੀ ਕੌਮ, ਸੱਭਿਆਚਾਰ ਪ੍ਰਤਿ ਬੇਹੱਦ ਲਗਾਉ ਅਤੇ ਅੰਗਰੇਜ਼ ਹਕੂਮਤ ਪ੍ਰਤਿ ਨਫ਼ਰਤ ਉਸ ਦੀ ਮਾਨਸਿਕਤਾ ਨੂੰ ਖੰਡਤ ਤੇ ਭਾਵਨਾਵਾਂ ਨੂੰ ਜ਼ਖ਼ਮੀ ਕਰ ਦਿੰਦੀ ਹੈ।[੨੪]

ਇਸ ਨਾਲ ਮਹਾਰਾਜੇ ਤੇ ਅੰਗਰੇਜ਼ੀ ਸਰਕਾਰ ਵਿਚ ਵਿਰੋਧ ਹੋਰ ਤਿੱਖਾ ਹੋ ਜਾਂਦਾ ਹੈ। ਮਹਾਰਾਜਾ ਅਤੇ ਉਸ ਦੇ ਪਰਵਾਰ ਨੂੰ ਵਾਪਸ ਇੰਗਲੈਂਡ ਜਾਣਾ ਪਿਆ। ਉਸ ਨੇ ਰੋਸ ਵਿਚ ਸਰਕਾਰ ਤੋਂ ਪੈਨਸ਼ਨ ਲੈਣੀ ਬੰਦ ਕਰ ਦਿੱਤੀ ਅਤੇ ਆਪਣੇ ਨਾਲ ਹੋਈਆਂ ਜ਼ਿਆਦਤੀਆਂ ਬਾਰੇ ਖੁੱਲ੍ਹਮ ਖੁੱਲ੍ਹਾ ਬੋਲਣ ਲੱਗਾ। ਇਨ੍ਹਾਂ ਵੇਰਵਿਆਂ ਦੇ ਪ੍ਰਸੰਗ ਵਿਚ ਮਹਾਰਾਜੇ ਦਾ ਵਿਦਰੋਹੀ ਨਾਇਕ ਵਾਲਾ ਚਰਿੱਤਰ ਰੂਪਮਾਨ ਹੁੰਦਾ ਹੈ। ਇਸ ਬਾਰੇ ਡਾ. ਬਲਕਾਰ ਸਿੰਘ ਲਿਖਦਾ ਹੈ:

ਅੰਗਰੇਜ਼ ਕੌਮ ਪ੍ਰਤਿ ਦਲੀਪ ਸਿੰਘ ਦੀਆਂ ਬਾਗ਼ੀ ਅਤੇ ਵਿਰੋਧੀ ਭਾਵਨਾਵਾਂ ਦਾ ਚੇਤਨ ਰੂਪ ਵਿਚ ਉਜਾਗਰ ਹੋਣ ਦਾ ਬੁਨਿਆਦੀ ਆਧਾਰ ਸਿੱਖ ਰਾਜ ਦੀ ਹਕੂਮਤ ਦੇ ਗੁਆਚਣ ਦੇ ਵਿਗੋਚੇ ਵਿੱਚੋਂ ਉਪਜੀ ਇਕ ਰਾਜਸੀ ਕਿੜ ਹੈ। ਦਲੀਪ ਸਿੰਘ ਦਾ ਵਰਤਮਾਨ ਸਮਾਂ ਇਕ ਗ਼ੁਲਾਮ ਇਨਸਾਨ ਵਾਲਾ ਹੈ, ਇਸ ਗ਼ੁਲਾਮੀ ਤੋਂ ਛੁਟਕਾਰਾ ਉਸ ਨੂੰ ਨਜ਼ਰ ਨਹੀਂ ਆਉਂਦਾ। ਜਿਸ ਕਰਕੇ ਉਸ ਦੀ ਚੇਤਨਾ ਭਵਿੱਖ-ਮੁਖੀ ਲੋਚਾ ਦੀ ਹੋਣ ਦੀ ਬਜਾਏ ਅਤੀਤ ਮੁਖੀ ਹੈ।[੨੫]

ਮਹਾਰਾਜਾ ਦਲੀਪ ਸਿੰਘ ਉਕਤ ਵਿਦਰੋਹ ਭਾਵ ਦੇ ਤਹਿਤ ਅੰਗਰੇਜ਼ੀ ਕੌਮ ਨਾਲ ਨਫ਼ਰਤ ਕਰਨ ਲਗਦਾ ਹੈ। ਉਸ ਦਾ ਇਹ ਵਿਦਰੋਹ ਭਾਵ ਉਸ ਸਮੇਂ ਹੋਰ ਪ੍ਰਤੱਖ ਬਣਦਾ ਹੈ ਜਦੋਂ ਉਹ ਪੈਰਿਸ ਅਤੇ ਮਾਸਕੋ ਜਾ ਕੇ ਉੱਥੋਂ ਦੀਆਂ ਸਰਕਾਰਾਂ ਦੀ ਸੈਨਿਕ ਸਹਾਇਤਾ ਨਾਲ ਆਪਣੇ ਰਾਜ ਨੂੰ ਮੁੜ ਪ੍ਰਾਪਤ ਕਰਨ ਲਈ ਉਪਰਾਲੇ ਕਰਦਾ ਦਿਖਾਇਆ ਗਿਆ ਹੈ।[੨੬] ਇਨ੍ਹਾਂ ਉਪਰਾਲਿਆਂ ਵਿਚ ਉਸ ਨੂੰ ਸਫ਼ਲਤਾ ਨਹੀਂ ਮਿਲਦੀ। ਉਸ ਦੇ ਹੱਥ ਖੱਜਲ ਖੁਆਰੀ ਅਤੇ ਨਿਰਾਸ਼ਾ ਹੀ ਲੱਗਦੀ ਹੈ। ਇਸ ਪ੍ਰਸੰਗ ਵਿਚ ਡਾ. ਧਨਵੰਤ ਕੌਰ ਲਿਖਦੀ ਹੈ:

ਲੇਖਕ (ਸੀਤਲ) ਦੀ ਦਿਲਚਸਪੀ ਦਲੀਪ ਸਿੰਘ ਦੀ ਆਂਤਰਿਕ ਵੇਦਨਾ, ਉਸ ਦੇ ਮਨਸੂਬਿਆਂ ਦੇ ਅਧੂਰੇਪਨ ਦੀ ਹਿਰਦੈਵੇਧਕ ਤ੍ਰਾਸਦੀ ਨੂੰ ਚਿਤਰਨ ਵਿਚ ਹੈ। ਅੰਗਰੇਜ਼ ਨੀਤੀ ਦੇ ਤਹਿਤ ਉਸ ਦੇ ਪਾਲਣ-ਪੋਸ਼ਣ ਤਹਿਤ ਭਾਵੇਂ ਉਸ ਨੂੰ ਸਮਾਜਿਕ ਸੱਭਿਆਚਾਰਕ ਜੀਵਨ ਤੋਂ ਦੂਰ ਰੱਖਿਆ ਜਾਂਦਾ ਹੈ ਪਰ ਉਸ ਦੇ ਅਵਚੇਤਨ ਵਿਚ ਦਮਿਤ ਜੀਵਨ ਮੁੱਲ ਅੰਗਰੇਜ਼ਾਂ ਵਿਰੁੱਧ ਵਿਦਰੋਹ ਦੀ ਹਾਮੀ ਭਰਦੇ ਹਨ। ਉਸ ਦਾ ਇਹ ਬਾਗੀਪੁਣਾ ਅਨੰਤ ਸੀਮਾਵਾਂ ਕਾਰਨ ਜਿੱਤ ਹਾਸਲ ਕਰਨੋਂ ਅਸਮਰਥ ਹੈ ਪਰ ਉਸ ਦੇ ਵਿਵਹਾਰ ਦਾ ਅਸਾਵਾਂਪਨ ਇਸ ਗੱਲ ਦਾ ਲਖਾਇਕ ਜ਼ਰੂਰ ਹੈ ਕਿ ਉਸ ਦਾ

ਲਗਾਓ ਆਪਣੀ ਜਨਮਭੂਮੀ, ਆਪਣੀ ਪੰਜਾਬੀਅਤ ਨਾਲ ਹੈ।[੨੭]

ਮਹਾਰਾਜਾ ਦਲੀਪ ਸਿੰਘ ਦੀ ਪਤਨੀ ਦੀ ਮੌਤ ਨਾਲ ਉਸ ਦਾ ਹੌਸਲਾ ਹੋਰ ਟੁੱਟ ਜਾਂਦਾ ਹੈ। ਇਨ੍ਹਾਂ ਪਰਿਸਥਿਤੀਆਂ ਵਿਚ ਵੱਖ-ਵੱਖ ਦੇਸ਼ਾਂ ਵਿਚ ਸਹਾਇਤਾ ਲਈ ਰੁਲ ਰਹੇ ਮਹਾਰਾਜੇ ਦਾ ਦੁਖਾਂਤਕ ਨਾਇਕਤਵ ਉਘੜਵੇਂ ਰੂਪ ਵਿਚ ਸਾਕਾਰ ਹੁੰਦਾ ਹੈ। ਉਸ ਦੇ ਛੋਟੇ ਪੁੱਤਰ ਸ਼ਾਹਜ਼ਾਦਾ ਐਡਵਰਡ ਦੀ ਬੇਵਕਤ ਮੌਤ ਉਸ ਦੇ ਦੁੱਖਾਂ ਵਿਚ ਹੋਰ ਵਾਧਾ ਕਰ ਦਿੰਦੀ ਹੈ। ਘੋਰ ਨਿਰਾਸ਼ਾ ਦੀ ਸਥਿਤੀ ਵਿਚ ਉਹ ਦੁਬਾਰਾ ਪੈਰਿਸ ਆ ਜਾਂਦਾ ਹੈ ਕਿਉਂਕਿ ਉਹ ਇੰਗਲੈਂਡ ਵਿਚ ਮਰਨਾ ਨਹੀਂ ਸੀ ਚਾਹੁੰਦਾ।[੨੮] ਇੱਥੇ ਮਹਾਰਾਜੇ ਦੀ ਸਿਹਤ ਦਿਨੋਂ ਦਿਨ ਵਿਗੜਦੀ ਜਾਂਦੀ ਹੈ। ਉਸ ਦਾ ਸਰੀਰ ਪਹਿਲਾਂ ਲਕਵੇ ਅਤੇ ਬਾਅਦ ਵਿਚ ਤਪਦਿਕ ਦੀ ਬਿਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਸਥਿਤੀ ਵਿਚ ੨੩ ਅਕਤੂਬਰ, ੧੮੯੩ ਈ. ਨੂੰ ਮਹਾਰਾਜਾ ਦਲੀਪ ਸਿੰਘ ਨੇ ਆਪਣੇ ਪ੍ਰਾਣ ਤਿਆਗੇ।[੨੯] ਇਸ ਪ੍ਰਕਾਰ ਮਹਾਰਾਣੀ ਜਿੰਦਾਂ ਨਾਵਲ ਦੀ ਤਰ੍ਹਾਂ ਮਹਾਰਾਜਾ ਦਲੀਪ ਸਿੰਘ ਨਾਵਲ ਵੀ ਇਤਿਹਾਸਿਕ ਦੁਖਾਂਤ ਦੇ ਰੂਪ ਵਿਚ ਮੁੱਕਦਾ ਹੈ। ਇਸ ਇਤਿਹਾਸਿਕ ਦੁਖਾਂਤ ਤੋਂ ਇਤਿਹਾਸ ਦੇ ਇਕ ਮਹੱਤਵਪੂਰਨ ਕਾਂਡ ਉੱਪਰ ਆਲੋਚਨਾਤਮਕ ਪੁਨਰ ਝਾਤ ਪਾਉਣ ਦਾ ਮੌਕਾ ਮਿਲਦਾ ਹੈ।

ਸੀਤਲ ਦੇ ਦੋਵਾਂ ਇਤਿਹਾਸਿਕ ਨਾਵਲਾਂ ਦੀ ਸਾਂਝੀ ਖ਼ੂਬੀ ਇਹ ਹੈ ਕਿ ਇਨ੍ਹਾਂ ਵਿਚ ਇਤਿਹਾਸਕ ਤੱਥਾਂ ਅਤੇ ਕਾਲ-ਕ੍ਰਮਤਾ ਦਾ ਬਹੁਤ ਖ਼ਿਆਲ ਰੱਖਿਆ ਗਿਆ ਹੈ। ਇਨ੍ਹਾਂ ਇਤਿਹਾਸਿਕ ਨਾਵਲਾਂ ਦੀ ਸਮੱਗਰੀ ਦਾ ਵੱਡਾ ਭਾਗ ਇਨ੍ਹਾਂ ਤੋਂ ਪਹਿਲਾਂ ਪ੍ਰਕਾਸ਼ਿਤ ਹੋਈਆਂ ਉਸ ਦੀਆਂ ਪੁਸਤਕਾਂ-ਸਿੱਖ ਰਾਜ ਕਿਵੇਂ ਗਿਆ (੧੯੪੪ ਈ.) ਅਤੇ ਦੁਖੀਏ ਮਾਂ ਪੁੱਤ (੧੯੪੬ ਈ.) ਵਿਚ ਅੰਕਿਤ ਹੈ। ਲੇਖਕ ਨੇ ਇਨ੍ਹਾਂ ਨਾਵਲਾਂ ਵਿਚ ਸਮੱਗਰੀ ਦੇ ਪ੍ਰਮਾਣੀਕਰਨ ਲਈ ਵਿਭਿੰਨ ਇਤਿਹਾਸਿਕ ਸ੍ਰੋਤਾਂ ਤੋਂ ਸਹਾਇਤਾ ਲਈ ਹੈ। ਉਸ ਦੁਆਰਾ ਇਨ੍ਹਾਂ ਵਿਚ ਵਰਤੇ ਗਏ ਸਰੋਤਾਂ ਦਾ ਵਿਸਥਾਰ-ਪੂਰਵਕ ਵੇਰਵਾ ਉਸ ਦੀ ਪੁਸਤਕ ਸਿੱਖ ਰਾਜ ਕਿਵੇਂ ਗਿਆ ਵਿਚ ਮਿਲਦਾ ਹੈ।[੩੦] ਇਨ੍ਹਾਂ ਸਰੋਤਾਂ ਵਿਚ ਦੇਸੀ ਅਤੇ ਬਦੇਸੀ ਦੋਵੇਂ ਕਿਸਮ ਦੇ ਲੇਖਕ ਵੀ ਸ਼ਾਮਲ ਹਨ। ਇਨ੍ਹਾਂ ਰਚਨਾਵਾਂ ਵਿਚਲੀ ਇਤਿਹਾਸਿਕਤਾ ਏਨੀ ਪ੍ਰਬਲ ਅਤੇ ਪ੍ਰਮਾਣਿਕ ਹੈ ਕਿ ਇਨ੍ਹਾਂ ਦੇ ਬਿਰਤਾਂਤ ਵਿਚ ਗਲਪੀ ਤੱਤ ਦਾ ਘੱਟ ਤੋਂ ਘੱਟ ਸਮਾਵੇਸ਼ ਹੋਇਆ ਹੈ। ਦੂਜੇ ਨਾਵਲ ਵਿਚ ਇਤਿਹਾਸਿਕਤਾ ਵਾਲਾ ਪਹਿਲੂ ਪਹਿਲੇ ਨਾਵਲ ਨਾਲੋਂ ਵੀ ਵਧੇਰੇ ਜ਼ੋਰਦਾਰ ਹੈ।

**ਹਵਾਲੇ ਟਿੱਪਣੀਆਂ**


੧. ਸੋਹਣ ਸਿੰਘ ਸੀਤਲ, *ਮੇਰੀ ਸਾਹਿਤਿਕ ਸ੍ਵੈਜੀਵਨੀ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਫਾ ੫੪.

੨. ਮਹਾਰਾਜਾ ਦਲੀਪ ਸਿੰਘ, *ਸਫਾ ੫.*

੩. ਉਹੀ, *ਸਫੇ* ੧੧-੧੨.

੪. ਉਹੀ, *ਸਫਾ ੧੬.*

੫. ਉਹੀ, *ਸਫੇ ੨੪-੨੬.*

੬. ਉਹੀ, *ਸਫਾ ੨੮.*

੭. ਉਹੀ, *ਸਫਾ ੩੧.*

੮. ਉਹੀ, *ਸਫਾ ੩੨.*
੯. ਉਹੀ, *ਸਫਾ ੩੮.*
੧੦. ਉਹੀ, *ਸਫੇ ੩੮-੪੦.*
੧੧. ਉਹੀ, *ਸਫਾ ੪੩.*
੧੨. ਉਹੀ, *ਸਫਾ ੪੯.*
੧੩. ਉਹੀ, *ਸਫਾ ੫੦.*
੧੪. ਉਹੀ, *ਸਫਾ ੫੩.*
੧੫. *"ਇਹ ਚੰਗੀ ਗੱਲ ਹੈ ਕਿ ਮਹਾਰਾਜੇ ਤੇ ਸ਼ਾਹੀ ਘਰਾਣੇ ਦਾ ਮੇਲ ਮਿਲਾਪ ਔਸਬਰਨ ਮਹਿਲ ਵਿਚ ਕਿਸੇ ਚੰਗੇ ਸਮੇਂ ਹੋਇਆ। ਪਰ ਮੈਨੂੰ ਡਰ ਹੈ, ਕਿ ਨਿਤ ਵਧਦਾ ਰਸੂਖ਼ ਉਹਦੀ ਆਉਣ ਵਾਲੀ ਜ਼ਿੰਦਗੀ ਵਾਸਤੇ ਲਾਭਦਾਇਕ ਨਹੀਂ ਹੋਵੇਗਾ। ਉਹ ਵਲਾਇਤ ਵਿਚ ਹੀ ਰਹੇ ਤੇ ਓਥੇ ਹੀ ਮਰ ਜਾਏ, ਤਾਂ ਸਭ ਠੀਕ ਹੈ, ਪਰ ਜੇ ਉਹਨੇ ਹਿੰਦੁਸਤਾਨ ਵਾਪਸ ਆਉਣਾ ਹੈ, ਤਾਂ ਜਿਸਦਾ ਵਲਾਇਤ ਵਿਚ ਐਨਾ ਆਦਰ ਕੀਤਾ ਜਾਂਦਾ ਹੈ, ਜੋ ਓਥੇ ਮਲਕਾਂ ਤੇ ਸ਼ਾਹਜ਼ਾਦਿਆਂ ਦੇ ਨਾਲ ਬਹਿ ਕੇ ਭੋਜਨ ਛਕਦਾ ਹੈ, ਉਹ ਏਥੇ ਆਪਣੀ ਪਦਵੀ ਤੇ ਸ਼ਾਨ ਵਿਚ ਤਬਦੀਲੀ ਵੇਖ ਕੇ ਨਿਰਾਸ ਹੋਵੇਗਾ। ਕਿਉਂਕਿ ਹਿੰਦੁਸਤਾਨ ਵਿਚ ਜਦੋਂ ਉਸਨੂੰ ਵਾਇਸਰਾਏ ਦੀ ਮੁਲਾਕਾਤ ਵਾਸਤੇ ਹਾਜ਼ਰ ਹੋਣਾ ਪਵੇਗਾ, ਤਾਂ ਉਸਨੂੰ ਵਾਇਸਰਾਏ ਦੀ ਦਲੀਜ਼ ਉਤੇ ਜੁੱਤੀ ਉਤਾਰਨੀ ਪਵੇ ਗੀ, ਤੇ ਇਹ ਕੁਛ ਜ਼ਰੂਰੀ ਕਰਨਾ ਪਵੇਗਾ, ਤਾਂ ਉਹ ਇਸ ਕੰਮ ਨੂੰ ਪਸੰਦ ਨਹੀ ਕਰੇਗਾ।"-ਉਹੀ, ਸਫਾ ੫੬-੫੭.*
*੧੬. ਉਹੀ, ਸਫਾ ੫੭.*
੧੭. ਉਹੀ, *ਸਫਾ ੫੮.*
੧੮. ਉਹੀ, *ਸਫਾ ੬੪.*
੧੯. ਉਹੀ, *ਸਫਾ ੬੫.*
੨੦. ਉਹੀ, *ਸਫੇ ੬੭-੮੦.*
੨੧. ਉਹੀ, *ਸਫੇ ੮੧-੮੨.*
੨੨. *ਇਨ੍ਹਾਂ ਚਿੱਠੀਆਂ ਦਾ ਵੇਰਵਾ ਡਾ. ਗੰਡਾ ਸਿੰਘ ਰਚਿਤ ਪੁਸਤਕ ਸਿੱਖ ਇਤਿਹਾਸਕ ਬਾਰੇ ਵਿਚ ਪੰਨੇ ੧੨੯-੩੧ ਉੱਤੇ ਮਿਲਦਾ ਹੈ।*
੨੩. ਮਹਾਰਾਜਾ ਦਲੀਪ ਸਿੰਘ, ਸਫਾ ੯੫.
੨੪. ਸੋਹਣ ਸਿੰਘ ਸੀਤਲ ਦੇ ਨਾਵਲਾਂ ਦਾ ਨਾਵਲੀ ਅਵਚੇਤਨ, *ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, ੨੦੦੬, ਸਫਾ ੫੪.*
੨੫. ਉਹੀ, *ਸਫਾ ੫੩.*
੨੬. ਮਹਾਰਾਜਾ ਦਲੀਪ ਸਿੰਘ, *ਸਫਾ ੮੭.*
੨੭. ਪੰਜਾਬੀ ਨਾਵਲਕਾਰ ਸੰਦਰਭ ਕੋਸ਼ (ੳ ਤੋਂ ਗ), *ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੯੯, ਪੰਨੇ ੧੩੯-੪੦.*
੨੮. ਮਹਾਰਾਜਾ ਦਲੀਪ ਸਿੰਘ, *ਸਫਾ ੧੦੧.*
੨੯. ਉਹੀ, *ਸਫਾ ੧੦੫.*
੩੦. *ਸਫੇ ੧੦-੧੧.*

■

# ਗਿਆਨੀ ਲਾਲ ਸਿੰਘ: ਭਾਸ਼ਾ ਵਿਭਾਗ ਪੰਜਾਬ ਅਤੇ ਪੰਜਾਬੀ ਭਾਸ਼ਾ

*-ਡਾ. ਭਗਵੰਤ ਸਿੰਘ**

ਗਿਆਨੀ ਲਾਲ ਸਿੰਘ ਅਤੇ ਭਾਸ਼ਾ ਵਿਭਾਗ ਪੰਜਾਬ ਇਕ ਦੂਸਰੇ ਦੇ ਪੂਰਕ ਹਨ। ਗਿਆਨੀ ਲਾਲ ਸਿੰਘ ਤੋਂ ਬਿਨਾ ਭਾਸ਼ਾ ਵਿਭਾਗ ਪੰਜਾਬ ਦਾ ਕਿਆਸ ਨਹੀਂ ਕੀਤਾ ਜਾ ਸਕਦਾ। ੧੮ ਜਨਵਰੀ, ੧੯੧੬ ਈ. ਵਿਚ ਪਿੰਡ ਦੌਧਰ ਦੇ ਜੰਮਪਲ, ਪਿੰਡ ਦੇ ਸਕੂਲਾਂ ਤੋਂ ਮੁੱਢਲੀ ਸਿੱਖਿਆ ਗ੍ਰਹਿਣ ਕਰ ਕੇ ਮੋਗਾ ਤੋਂ ਬੀ.ਏ. ਅਤੇ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਐਮ. ਏ. ਰਾਜਨੀਤੀ ਵਿਗਿਆਨ ਦੀ ਡਿਗਰੀ ਹਾਸਲ ਕੀਤੀ। ਗਿਆਨੀ ਦੀ ਪੜ੍ਹਾਈ ਯੂਨੀਵਰਸਿਟੀ ਵਿੱਚੋਂ ਪਹਿਲੇ ਦਰਜੇ ਵਿਚ ਪਾਸ ਕੀਤੀ। ਧਰਮ ਅਧਿਐਨ ਦਾ ਡਿਪਲੋਮਾ ਵੀ ਫਸਟ ਕਲਾਸ ਵਿਚ ਪਾਸ ਕੀਤਾ। ਬਾਅਦ ਵਿਚ ਸੋਲਨ ਯੂਨੀਵਰਸਿਟੀ ਤੋਂ ਐਮ. ਏ. ਪੰਜਾਬੀ ਵੀ ਫਸਟ ਕਲਾਸ ਵਿਚ ਪਾਸ ਕੀਤੀ। ਉੱਚ ਯੋਗਤਾਵਾਂ ਹੋਣ ਦੇ ਬਾਵਜੂਦ ਉਹ ਆਪਣੇ ਨਾਂ ਨਾਲ ਹਮੇਸ਼ਾ 'ਗਿਆਨੀ' ਲਗਾ ਕੇ ਖੁਸ਼ ਹੁੰਦੇ ਸਨ। ਇਹ ਉਨ੍ਹਾਂ ਦੀ ਭਾਰਤੀ ਦਰਸ਼ਨ ਅਤੇ ਗੁਰਮਤਿ ਪਰੰਪਰਾ ਵਿਚ ਗਿਆਨੀ ਦੇ ਰੁਤਬੇ ਪ੍ਰਤੀ ਆਸਥਾ ਦੀ ਸਪੱਸ਼ਟ ਗਵਾਹੀ ਹੈ। ਲਾਹੌਰ ਅਤੇ ਸ੍ਰੀ ਅੰਮ੍ਰਿਤਸਰ ਵਿਖੇ ਪੜ੍ਹਾਈ, ਰੁਜ਼ਗਾਰ ਅਤੇ ਅਧਿਆਪਨ ਕਾਰਜਾਂ ਸਮੇਂ ਉਨ੍ਹਾਂ ਦਾ ਮੇਲ ਉੱਚ ਅਕਾਲੀ ਲੀਡਰਾਂ- ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਗਿਆਨੀ ਸ਼ੇਰ ਸਿੰਘ, ਸਿੱਖ ਵਿਦਵਾਨਾਂ- ਪ੍ਰਿੰ. ਗੰਗਾ ਸਿੰਘ, ਪ੍ਰਿੰ. ਨਿਰੰਜਨ ਸਿੰਘ, ਭਾਈ ਜੋਧ ਸਿੰਘ, ਡਾ. ਤਾਰਨ ਸਿੰਘ ਆਦਿ ਨਾਲ ਹੋਇਆ। ਉਨ੍ਹਾਂ ਦੇ ਪ੍ਰੈੱਸ ਨਾਲ ਬਹੁਤ ਨਿਕਟ ਸੰਬੰਧ ਸਨ। ਉਨ੍ਹਾਂ ਨੇ ਛਾਪਾਖਾਨੇ ਅਤੇ ਅਖ਼ਬਾਰ- ਨਵੀਸੀ ਦੇ ਬਹੁਤ ਸਾਰੇ ਨੁਕਤਿਆਂ ਨੂੰ ਲਾਹੌਰ ਤੇ ਸ੍ਰੀ ਅੰਮ੍ਰਿਤਸਰ ਵਿਖੇ ਹੀ ਘੋਖਿਆ ਤੇ ਆਪਣੇ ਮਨ ਵਿਚ ਵਸਾਇਆ।

ਇਸ ਸਮੇਂ ਅਜ਼ਾਦੀ ਲਹਿਰ ਦੇ ਪ੍ਰਭਾਵ ਕਾਰਨ ਲੋਕਾਂ ਦੀ ਸੋਚ ਬਦਲ ਰਹੀ ਸੀ, ਲੋਕਾਂ ਦਾ ਨਜ਼ਰੀਆ ਬਦਲ ਰਿਹਾ ਸੀ। ਵਿਦੇਸ਼ੀ ਸਾਮਰਾਜੀ ਹਿੰਦੁਸਤਾਨ ਤੋਂ ਆਪਣਾ ਰਾਜ ਭਾਗ ਛੱਡਣ ਦੀ ਤਿਆਰੀ ਵਿਚ ਸਨ ਅਤੇ ਦੇਸੀ ਸਰਮਾਇਦਾਰੀ ਰਾਜ ਸੱਤਾ ਪ੍ਰਾਪਤ ਕਰਨ ਦੀ ਤਿਆਰੀ ਕਰ ਰਹੀ ਸੀ। ਇਸ ਸਮੇਂ ਹੀ ਧਾਰਮਿਕ ਕੱਟੜਪੁਣਾ ਵੀ ਪਨਪ ਰਿਹਾ ਸੀ ਅਤੇ ਲੋਕਾਂ ਵਿਚ ਧਰਮ ਦੇ ਨਾਂ 'ਤੇ ਵੰਡੀਆਂ ਪਾਉਣ ਦੀ ਸਾਮਰਾਜੀ ਤਾਕਤ ਦੀ ਗੰਦੀ ਖੇਡ ਦਾ ਤਾਣਾ-ਬਾਣਾ ਬੁਣਿਆ ਜਾ ਰਿਹਾ ਸੀ। ਗਿਆਨੀ ਜੀ ਨੇ ਲੋਕ ਚੇਤਨਾ ਵਿਚ ਆ ਰਹੇ ਨਵੇਂ ਰੁਝਾਨਾਂ ਨੂੰ ਆਪਣੀ ਤੀਖਣ ਬੁੱਧ

*ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਮੋ: +੯੧੯੮੧੪੮-੫੧੫੦੦

ਰਾਹੀਂ ਨਿਰਖਿਆ ਪਰਖਿਆ।

ਗਿਆਨੀ ਜੀ ੧੯੪੮ ਈ. ਵਿਚ ਪੈਪਸੂ ਸਿੱਖਿਆ ਵਿਭਾਗ ਦੇ ਪੰਜਾਬੀ ਸੈੱਲ 'ਚ ਸਹਾਇਕ ਓ. ਐਸ. ਡੀ. ਨਿਯੁਕਤ ਹੋਏ। ਇਸ ਤੋਂ ਬਾਅਦ ਇਹ ਮਹਿਕਮਾ ਪੰਜਾਬੀ ਬਣ ਗਿਆ। ਗਿਆਨੀ ਜੀ ਓ. ਐਸ. ਡੀ. ਅਤੇ ਫਿਰ ਸਹਾਇਕ ਡਾਇਰੈਕਟਰ ਬਣ ਗਏ। ਇਹ ਤੱਥ ਵੀ ਬਹੁਤ ਰੌਚਕ ਹੈ ਕਿ ਗਿਆਨੀ ਜੀ ਦੀ ਇੱਕੋ ਸਮੇਂ ਮਹਿਕਮੇ ਦੀਆਂ ਦੋ ਪੋਸਟਾਂ ਲਈ ਚੋਣ ਹੋਈ ਸੀ। ੧੯੫੬ ਵਿਚ ਗਿਆਨੀ ਜੀ ਮਹਿਕਮਾ ਪੰਜਾਬੀ ਵਿਚ ਪੰਜਾਬੀ ਦੀਆਂ ਵਿਕਾਸ ਸਕੀਮਾਂ ਦੇ ਇੰਚਾਰਜ ਅਧਿਕਾਰੀ ਸਨ। ਉਸ ਸਮੇਂ ਮਹਿਕਮੇ ਵਿਚ ਡਾ. ਜੀਤ ਸਿੰਘ ਸੀਤਲ ਕੋਸ਼ਕਾਰੀ ਭਾਗ ਅਤੇ ਸ. ਜੋਗਿੰਦਰ ਸਿੰਘ ਛਪਾਈ ਭਾਗ ਦੇ ਇੰਚਾਰਜ ਸਨ। ਇਸ ਤ੍ਰੈਮੂਰਤੀ ਨੇ ਵਿਭਾਗ ਦਾ ਬੁਨਿਆਦੀ ਢਾਂਚਾ ਉਸਾਰਿਆ। ਮਾਰਚ ੧੯੫੦ ਈ. ਵਿਚ 'ਪੰਜਾਬੀ ਦੁਨੀਆ' ਅਰੰਭ ਹੋਇਆ ਜਿਸ ਨੇ ਪੰਜਾਬੀ ਸਾਹਿਤਕ ਪੱਤਰਕਾਰੀ ਅਤੇ ਖੋਜ ਵਿਚ ਬਹੁਤ ਵੱਡਾ ਯੋਗਦਾਨ ਪਾਇਆ। ਪੰਜਾਬੀ ਭਾਸ਼ਾ, ਸਾਹਿਤ ਅਤੇ ਇਤਿਹਾਸ ਸਬੰਧੀ ਅਕਾਦਮਿਕ ਖੋਜ ਵਿਚ 'ਪੰਜਾਬੀ ਦੁਨੀਆ' ਦੀ ਮੁੱਖ ਭੂਮਿਕਾ ਰਹੀ ਹੈ।

ਗਿਆਨੀ ਲਾਲ ਸਿੰਘ ਸੰਘਰਸ਼ਸ਼ੀਲ ਅਤੇ ਦ੍ਰਿੜ੍ਹ ਸੰਕਲਪ ਦੇ ਮਾਲਕ ਸਨ। ਪੰਜਾਬੀ ਭਾਸ਼ਾ ਨੂੰ ਬਣਦਾ ਰੁਤਬਾ ਦਿਵਾਉਣ ਲਈ ਉਨ੍ਹਾਂ ਨੂੰ ਵਿਰੋਧੀ ਤਾਕਤਾਂ ਨਾਲ ਜੂਝਣਾ ਪਿਆ ਅਤੇ ਆਪਣੀ ਸਿਦਕਦਿਲੀ ਨਾਲ ਉਨ੍ਹਾਂ ਨੇ ਵਿਜੈ ਪ੍ਰਾਪਤ ਕੀਤੀ। ਗਿਆਨੀ ਜੀ ੫ ਸਤੰਬਰ, ੧੯੫੯ ਨੂੰ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਬਣੇ ਅਤੇ ਉਨ੍ਹਾਂ ਨੇ ਆਪਣੀ ਪੂਰੀ ਤਾਕਤ ਪੰਜਾਬ ਬਾਰੇ ਪੰਜਾਬੀ ਦੇ ਅਣਛਪੇ ਸਾਹਿਤ ਨੂੰ ਉਜਾਗਰ ਕਰਨ 'ਤੇ ਲਗਾ ਦਿੱਤੀ। ਉਨ੍ਹਾਂ ਨੇ ਪੰਜਾਬੀ ਦੇ ਵਿਕਾਸ ਸਬੰਧੀ ਨਵੀਆਂ ਸਕੀਮਾਂ ਤਿਆਰ ਕੀਤੀਆਂ ਅਤੇ ਭਾਸ਼ਾ ਵਿਭਾਗ ਪੰਜਾਬ ਜੋ ਕੋਸ਼ਕਾਰੀ ਰਸਾਲਾ ਭਾਗ ਅਤੇ ਲੇਖਕਾਂ ਦੇ ਸਨਮਾਨ ਤਕ ਸੀਮਤ ਸੀ, ਲਈ ਅਨੇਕਾਂ ਨਵੇਂ ਭਾਗ ਬਣਾ ਕੇ ਨਵੀਆਂ ਅਸਾਮੀਆਂ ਦੀ ਰਚਨਾ ਕਰਾਈ ਅਤੇ ਸਟਾਫ਼ ਤੈਨਾਤ ਕੀਤਾ। ਪੰਜਾਬੀ ਵਿਸ਼ਵ ਕੋਸ਼, ਪੰਜਾਬ ਦਾ ਭਾਸ਼ਾਈ ਤੇ ਸੱਭਿਆਚਾਰਕ ਸਰਵੇਖਣ, ਸਾਹਿਤਕਾਰਾਂ ਦੇ ਸਨਮਾਨ, ਵਿਸ਼ਵ ਕਲਾਸਿਕੀ ਸਾਹਿਤ ਦਾ ਅਨੁਵਾਦ, ਸਾਹਿਤਕਾਰਾਂ ਅਤੇ ਸਾਹਿਤ ਸਭਾਵਾਂ ਨੂੰ ਭਾਸ਼ਾ ਵਿਭਾਗ ਪੰਜਾਬ ਨਾਲ ਜੋੜਨ ਲਈ ਸਾਹਿਤ ਸਭਾਵਾਂ ਨੂੰ ਗ੍ਰਾਂਟਾਂ ਦੇਣਾ, ਪੰਜਾਬੀ ਨੂੰ ਸਰਕਾਰੀ ਪੱਧਰ 'ਤੇ ਲਾਗੂ ਕਰਨ ਲਈ ਵਿਭਿੰਨ ਵਿਸ਼ਿਆਂ ਦੀਆਂ ਸ਼ਬਦਾਵਲੀਆਂ ਤਿਆਰ ਕਰਾਈਆਂ। ਪੰਜਾਬੀ ਦੇ ਪ੍ਰਚਾਰ ਪ੍ਰਸਾਰ ਲਈ ਜ਼ਿਲ੍ਹਾ ਪੱਧਰ 'ਤੇ ਭਾਸ਼ਾ ਵਿਭਾਗ ਪੰਜਾਬ ਦੇ ਦਫ਼ਤਰ ਖੋਲੇ ਅਤੇ ਅਸਾਮੀਆਂ ਕਾਇਮ ਕਰਾ ਕੇ ਮੁਲਾਜ਼ਮ ਤੈਨਾਤ ਕਰਾਏ। ਪੰਜਾਬੀ ਟਾਈਪ ਸ਼ਾਰਟਹੈਂਡ ਦੇ ਕੋਰਸ ਚਾਲੂ ਕਰਾਏ। ਪੰਜਾਬੀ ਲਈ ਸਰੋਤ ਭਾਸ਼ਾਵਾਂ ਦੇ ਤੌਰ 'ਤੇ ਹਿੰਦੀ, ਸੰਸਕ੍ਰਿਤ ਅਤੇ ਉਰਦੂ ਭਾਸ਼ਾਵਾਂ ਦੇ ਵਿਕਾਸ ਲਈ ਵਿਭਾਗ ਕਾਇਮ ਕਰਾਏ। ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਲਈ ਪੰਜਾਬੀ ਭਾਸ਼ਾ ਦਾ ਗਿਆਨ

ਹੋਣਾ ਜ਼ਰੂਰੀ ਕਰਾਰ ਦਿਵਾਇਆ ਅਤੇ ਪੰਜਾਬੀ ਪ੍ਰਬੋਧ ਪ੍ਰੀਖਿਆ ਨੂੰ ਪ੍ਰਭਾਵਸ਼ਾਲੀ ਬਣਾਇਆ। ਇਹ ਤੱਥ ਵੀ ਧਿਆਨਯੋਗ ਹੈ ਕਿ ਪੈਪਸੂ ਦੇ ਤਤਕਾਲੀਨ ਮੁੱਖ ਮੰਤਰੀ ਸ. ਗਿਆਨ ਸਿੰਘ ਰਾੜੇਵਾਲਾ ਨੇ ਵੀ ਮੁੱਖ ਮੰਤਰੀ ਹੁੰਦਿਆਂ ੧੯੫੦ ਈ. ਵਿਚ ਵਿਭਾਗ ਵੱਲੋਂ ਲਈ ਜਾਂਦੀ ਪੰਜਾਬੀ ਦੀ ਪ੍ਰੀਖਿਆ ਪਾਸ ਕੀਤੀ ਸੀ। ਨਿਰਸੰਦੇਹ ਉਸ ਸਮੇਂ ਗਿਆਨੀ ਜੀ ਭਾਸ਼ਾ ਵਿਭਾਗ ਦੇ ਡਾਇਰੈਕਟਰ ਨਹੀਂ ਸਨ। ਪਰ ਉਹ ਮਹਿਕਮਾ ਪੰਜਾਬੀ ਵਿਚ ਪ੍ਰਭਾਵਸ਼ਾਲੀ ਅਹੁਦਾ ਜ਼ਰੂਰ ਰੱਖਦੇ ਸਨ।

ਉਪਰੋਕਤ ਸਕੀਮਾਂ ਦੇ ਸਦਕਾ ਵਿਭਾਗ ਵੱਲੋਂ ਬਹੁਤ ਵਡਮੁੱਲਾ ਕਾਰਜ ਕੀਤਾ ਗਿਆ। ਨਵੀਆਂ ਪੁਸਤਕਾਂ ਤਿਆਰ ਹੋਈਆਂ ਤੇ ਛਾਪੀਆਂ ਗਈਆਂ। ਇਸ ਤੋਂ ਵੀ ਮਹੱਤਵਪੂਰਨ ਕਦਮ ਜੋ ਗਿਆਨੀ ਜੀ ਨੇ ਚੁੱਕਿਆ, ਉਹ ਪਹਿਲਾਂ ਛਾਪੀਆਂ ਪੁਸਤਕਾਂ ਦੀ ਪੁਨਰ-ਪ੍ਰਕਾਸ਼ਨਾ ਦਾ ਕਾਰਜ ਸੀ। ਇਸ ਸਕੀਮ ਅਧੀਨ ਉਨ੍ਹਾਂ ਪੰਜਾਬੀ ਭਾਸ਼ਾ ਦੇ ਬੁਨਿਆਦੀ ਸਰੋਤਾਂ ਦੀ ਮੁੜ ਛਪਾਈ ਕਰਾ ਕੇ ਆਪਣੀ ਦੂਰਦ੍ਰਿਸ਼ਟੀ ਦਾ ਪਰਿਚੈ ਹੀ ਨਹੀਂ ਦਿੱਤਾ, ਸਗੋਂ ਨਵੀਆਂ ਪੈੜਾਂ ਵੀ ਪਾਈਆਂ। ਉਨ੍ਹਾਂ ਨੇ ਪੰਜਾਬੀ ਡਿਕਸ਼ਨਰੀ, ਪੰਜਾਬੀ ਕੋਸ਼, ਮਈਆ ਸਿੰਘ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਫਰੀਦਕੋਟੀ ਟੀਕਾ, ਪੰਜਾਬੀ ਕੋਸ਼, ਮੁਲਤਾਨੀ ਗਲਾਸਰੀ, ਵੈਸਟਰਨ ਪੰਜਾਬੀ ਐਂਡ ਇੰਗਲਿਸ਼ ਡਿਕਸ਼ਨਰੀ, ਇਸੇ ਤਰ੍ਹਾਂ ਸਿੱਖ ਇਤਿਹਾਸ ਦੀਆਂ ਬੁਨਿਆਦੀ ਪੁਸਤਕਾਂ-- ਤਵਾਰੀਖ਼ ਗੁਰੂ ਖਾਲਸਾ, ਗੁਰਪ੍ਰਤਾਪ ਸੂਰਜ ਗ੍ਰੰਥ, ਵਿਸ਼ਵ ਪ੍ਰਸਿੱਧ ਸਾਹਿਤ ਦੇ ਅਨੁਵਾਦਤ ਰੂਪ ਜਿਵੇਂ-- ਮਹਾਂਭਾਰਤ, ਮਨੂ ਸਮ੍ਰਿਤੀ, ਹਿੰਦੂ ਮਿਥਿਹਾਸ ਕੋਸ਼, ਚਾਣਕਯ ਨੀਤੀ, ਉਰਦੂ ਫ਼ਾਰਸੀ ਤੋਂ ਦੀਵਾਨਿ ਦਾਗ, ਦੀਵਾਨਿ ਗ਼ਾਲਿਬ, ਕਲਾਮੇ-ਜ਼ਫ਼ਰ, ਅਲਹਿੰਦ, ਦੀਵਾਨਿ ਕੁਸਤਾ, ਸ਼ਹੀਦਾਨਿ ਵਫਾ, ਇਸ ਤਰ੍ਹਾਂ ਹੀ ਸਿੱਖ ਰਾਜ ਨਾਲ ਸੰਬੰਧਿਤ ਦਸਤਾਵੇਜ਼ ਰਿਕਾਰਡ ਆਫ਼ਿਸ 'ਚੋਂ ਪ੍ਰਾਪਤ ਕਰ ਕੇ ਛਾਪੇ ਗਏ। ਅੰਗਰੇਜ਼ ਲੇਖਕਾਂ ਦੀਆਂ ਰਚਨਾਵਾਂ ਜੋ ਸਿੱਖ ਰਾਜ ਤੇ ਧਰਮ ਨਾਲ ਸੰਬੰਧਿਤ ਸਨ ਜਿਵੇਂ-- Sir John login and Dalip Singh, Lady logins Recaollection, Punjab casltes, A Glossory of the Tribes and castes of Punjab and N.W.F.P. Vol I, II, III, Narrative of the second sikh war, Barracks And Batllefields in india, Sikh Wars and Mutiny, Through the sikh war, The Punjab in Peace and War, British Relations with the cis Satluj States, The Legends of Punjab Vol, I, II, III ਆਦਿ ਅਨੇਕਾਂ ਦਸਤਾਵੇਜ਼ ਪ੍ਰਾਪਤ ਕਰ ਕੇ ਛਪਵਾਏ ਗਏ। ਇਸ ਪ੍ਰਕਾਰ ਪੰਜਾਬ ਦੇ ਇਤਿਹਾਸ ਨੂੰ ਸੰਭਾਲਿਆ ਗਿਆ।

ਗਿਆਨੀ ਜੀ ਦੀ ਇਕ ਹੋਰ ਵੱਡੀ ਦੇਣ ਹੈ ਕਿ ਉਨ੍ਹਾਂ ਨੇ ਛਪਾਈ ਵਿਚ ਬਹੁਤ ਵੱਡੀਆਂ ਤਬਦੀਲੀਆਂ ਲਿਆਂਦੀਆਂ। ਇਸ ਦੀ ਉਘੜਵੀਂ ਮਿਸਾਲ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਦੀ ਪੁਨਰ ਪ੍ਰਕਾਸ਼ਨਾ ਹੈ। ਪਟਿਆਲਾ ਦਰਬਾਰ ਵੱਲੋਂ ਚਾਰ

ਜਿਲਦਾਂ ਵਿਚ ਛਾਪੇ ਗਏ ਮਹਾਨ ਕੋਸ਼ ਨੂੰ ਇੱਕ ਜਿਲਦ ਵਿਚ ਛਾਪ ਕੇ ਆਮ ਪਾਠਕਾਂ ਦੇ ਹੱਥਾਂ ਵਿਚ ਪਹੁੰਚਾਇਆ। ਪਹਿਲਾਂ ਛਪਿਆ ਕੋਸ਼ ਜੋ ਦੋ ਕਾਲਮੀ ਸੀ, ਨੂੰ ਚਾਰ ਕਾਲਮੀ ਬਣਾਇਆ ਤੇ ਇਸ ਤਰ੍ਹਾਂ ਇਕ ਪੰਨੇ ਉੱਪਰ ਚਾਰ ਪੰਨਿਆਂ ਦਾ ਮੈਟਰ ਆ ਗਿਆ। ਇਹ ਮੂਲ ਮਹਾਨ ਕੋਸ਼ ਦਾ ਅਕਸੀ ਉਤਾਰਾ ਸੀ। ਜਿਸ ਨੂੰ ਵਿਭਾਗ ਦੇ ਸਟਾਫ਼ ਨੇ ਬਹੁਤ ਮਿਹਨਤ ਨਾਲ ਜੋੜਿਆ ਅਤੇ ਵੱਡੀ ਪ੍ਰੈੱਸ ਤੋਂ ਛਪਾਇਆ। ਇਹ ਉਤਾਰਾ ਹੀ ਬਾਅਦ ਦੀਆਂ ਐਡੀਸ਼ਨਾਂ ਵਿਚ ਛਪ ਰਿਹਾ ਹੈ, ਜੋ ਕਿ ਚਾਰ ਕਾਲਮ ਦੀ ਥਾਂ ਤਿੰਨ ਕਾਲਮਾਂ ਵਿਚ ਹੈ। ਅੱਜ ਤਕ ਮਹਾਨ ਕੋਸ਼ ਦੇ ਅੱਠ ਐਡੀਸ਼ਨ ਛਪ ਚੁੱਕੇ ਹਨ। ਮਹਾਨ ਕੋਸ਼ ਦੀ ਪਹਿਲੀ ਐਡੀਸ਼ਨ ਦੇ ੩੩੩੮ ਪੰਨੇ ਅਤੇ ਚਾਰ ਜਿਲਦਾਂ ਸਨ, ਜਿਸ ਨੂੰ ਦੂਸਰੀ ਐਡੀਸ਼ਨ ਵਿਚ ਗਿਆਨੀ ਜੀ ਰਹਿਨੁਮਾਈ ਹੇਠ ੯੩੫ ਪੰਨਿਆਂ ਵਿਚ ਸਮੋ ਕੇ ਖੋਜਾਰਥੀਆਂ ਅਤੇ ਆਮ ਪਾਠਕਾਂ ਦੇ ਹੱਥਾਂ ਵਿਚ ਸਸਤੇ ਰੇਟ 'ਤੇ ਪਹੁੰਚਾਇਆ। ਇਹ ਸਾਡੀ ਧਰੋਹਰ ਨੂੰ ਸੰਭਾਲਣ ਅਤੇ ਪ੍ਰਸਾਰਨ ਹਿੱਤ ਚੁੱਕਿਆ ਗਿਆ ਵੱਡਾ ਕਦਮ ਸੀ। ਇਹ ਛਪਾਈ ਤਕਨੀਕ ਵਿਚ ਵੀ ਨਵੀਂ ਪੇਸ਼ਕਦਮੀ ਸੀ। ਉਸ ਸਮੇਂ ਪੰਜਾਬ ਵਿਚ ਫ਼ੋਟੋ ਪ੍ਰਿੰਟਿੰਗ ਤਕਨੀਕ ਇਤਨੀ ਵਿਕਸਿਤ ਨਹੀਂ ਹੋਈ ਸੀ।

ਪੰਜਾਬ ਦੇ ਭੂਗੋਲ, ਇਤਿਹਾਸ, ਮਿਥਿਹਾਸ, ਲੋਕ ਤੱਥ, ਭਾਸ਼ਾ ਲਿਪੀ, ਸਾਹਿਤ, ਸੱਭਿਆਚਾਰ, ਸੂਖਮ ਕਲਾਵਾਂ ਆਦਿ ਸਭ ਪੱਖਾਂ ਨੂੰ ਬਾਹਰ ਮੁਖੀ ਦ੍ਰਿਸ਼ਟੀ ਤੋਂ ਪ੍ਰਸਤੁਤ ਕਰਦੀ ਡਾ. ਐਮ. ਐਸ ਰੰਧਾਵਾ ਦੀ ਸੰਪਾਦਨਾ ਵਿਚ ਤਿਆਰ ਕੀਤੀ ਅਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਛਾਪੀ 'ਪੰਜਾਬ' ਪੁਸਤਕ ਵੀ ਗਿਆਨੀ ਲਾਲ ਸਿੰਘ ਜੀ ਦੀ ਪੰਜਾਬੀਆਂ ਨੂੰ ਬਹੁਤ ਵੱਡੀ ਦੇਣ ਹੈ। ਪੰਜਾਬੀ ਸਾਹਿਤਕਾਰਾਂ ਦੇ ਰੰਗਦਾਰ ਚਿੱਤਰ ਵਿਭਾਗ ਦੇ ਚਿੱਤਰਕਾਰ ਸ. ਤਰਲੋਕ ਸਿੰਘ ਤੋਂ ਤਿਆਰ ਕਰਵਾਉਣ ਉਪਰੰਤ ਵੱਖੋ-ਵੱਖ ਸਾਈਜ਼ ਅਤੇ ਵੱਡੀ ਗਿਣਤੀ ਵਿਚ ਛਪਵਾ ਕੇ ਮੁਫਤ ਵੰਡੇ। ਇਹ ਚਿੱਤਰ ਅੱਜ ਵੀ ਲਾਇਬ੍ਰੇਰੀਆਂ, ਦਫ਼ਤਰਾਂ ਅਤੇ ਪੰਜਾਬੀ ਪਾਠਕਾਂ ਦੇ ਘਰਾਂ ਵਿਚ ਵੇਖਣ ਨੂੰ ਮਿਲਦੇ ਹਨ। ਪੰਜਾਬੀ ਸ਼ਬਦ-ਜੋੜਾਂ ਦੇ ਪ੍ਰਵਾਨਿਤ ਰੂਪ ਬਣਾਉਣ ਲਈ ਵੀ ਗਿਆਨੀ ਜੀ ਦੀ ਬਹੁਤ ਵੱਡੀ ਦੇਣ ਹੈ। ਉਹ ਸ਼ਬਦ-ਜੋੜ ਕਮੇਟੀਆਂ ਵਿਚ ਵੀ ਮੈਂਬਰ ਰਹੇ ਹਨ। ਗਿਆਨੀ ਲਾਲ ਸਿੰਘ ਦੇ ਕਾਰਜਾਂ ਸਦਕਾ ਸਰਕਾਰ ਨੇ ਉਨ੍ਹਾਂ ਨੂੰ ਵਿਭਾਗ ਦਾ ਡਾਇਰੈਕਟਰ ਜਨਰਲ ਬਣਾਇਆ। ਪੰਜਾਬੀ ਸੂਬਾ ਬਣਨ ਉਪਰੰਤ ਆਪਣੇ ਪ੍ਰਭਾਵ ਸਦਕਾ ਹੀ ਤਤਕਾਲੀਨ ਮੁੱਖ ਮੰਤਰੀ ਸ. ਲਛਮਣ ਸਿੰਘ ਦੀ ਸਰਕਾਰ ਨੇ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦਿੱਤਾ। ਗਿਆਨੀ ਜੀ ਆਪਣੇ ਕਾਜ ਸਬੰਧੀ ਪੂਰੀ ਤਰ੍ਹਾਂ ਸਪੱਸ਼ਟ ਅਤੇ ਦ੍ਰਿੜ੍ਹ ਸੰਕਲਪ ਹੁੰਦੇ ਸਨ। ਜਿਸ ਕਾਰਜ ਨੂੰ ਕਰਨ ਦਾ ਉਹ ਤਹੱਈਆ ਕਰ ਲੈਂਦੇ ਉਸ ਨੂੰ ਸਿਰੇ ਚਾੜ੍ਹ ਕੇ ਹੀ ਸਾਹ ਲੈਂਦੇ ਸਨ। ਗਿਆਨੀ ਜੀ ਨੇ ਭਾਸ਼ਾ ਵਿਭਾਗ ਲਈ ਅਨੇਕਾਂ ਸਕੀਮਾਂ ਆਪਣੇ ਪ੍ਰਭਾਵ ਨਾਲ ਚਾਲੂ ਕਰਵਾ ਕੇ ਵਿਭਾਗ ਦੇ ਗੌਰਵ ਵਿਚ ਵਾਧਾ ਕੀਤਾ।

ਉਨ੍ਹਾਂ ਨੇ ਭਾਸ਼ਾ ਵਿਭਾਗ ਅਤੇ ਪੰਜਾਬੀ ਭਾਸ਼ਾ ਬਾਰੇ ਕੋਈ ਸਮਝੌਤਾ ਨਹੀਂ

ਕੀਤਾ, ਸਗੋਂ ਡਟਵੀਂ ਟੱਕਰ ਦਿੱਤੀ। ਪੰਜਾਬੀ ਭਾਸ਼ਾ ਦੀ ਲਿਪੀ ਬਾਰੇ ਉੱਠੇ ਮਸਲੇ ਸਮੇਂ ਆਪ ਪੰਜਾਬੀ ਪਿਆਰਿਆਂ ਨਾਲ ਡਟ ਕੇ ਖੜ੍ਹੇ ਸਨ। ਇਸ ਪ੍ਰਕਾਰ ਹੀ ਜਦੋਂ ਭਾਸ਼ਾ ਵਿਭਾਗ ਦੀਆਂ ਕੁਝ ਸਕੀਮਾਂ ਵਿਭਾਗ ਤੋਂ ਲੈ ਕੇ ਹੋਰ ਅਦਾਰਿਆਂ ਨੂੰ ਦੇਣ ਦੀ ਯੋਜਨਾਬੰਦੀ ਕੀਤੀ ਤਾਂ ਗਿਆਨੀ ਜੀ ਨੇ ਸਾਹਿਤਕਾਰਾਂ, ਬੁੱਧੀਜੀਵੀਆਂ ਅਤੇ ਪੰਜਾਬੀ ਹਿਤੈਸ਼ੀਆਂ ਦੇ ਸਹਿਯੋਗ ਨਾਲ ਸਰਕਾਰ ਨੂੰ ਕਾਇਲ ਕਰ ਕੇ ਫੈਸਲਾ ਬਦਲਵਾਇਆ।

ਪੰਜਾਬ ਦੇ ਭਾਸ਼ਾਈ ਅਤੇ ਸੱਭਿਆਚਾਰਕ ਸਰਵੇਖਣ ਦੇ ਅੰਤਰਗਤ ਪੰਜਾਬੀ ਭਾਸ਼ਾ ਤੇ ਸੱਭਿਆਚਾਰਾਂ ਦੇ ਬਦਲਦੇ ਸਰੂਪਾਂ ਦੀ ਨਿਸ਼ਾਨਦੇਹੀ ਕੀਤੀ ਅਤੇ ਪੰਜਾਬ ਦੇ ਪ੍ਰਮੁੱਖ ਸ਼ਹਿਰਾਂ ਕਸਬਿਆਂ ਦੇ ਸਰਵੇ ਕਰਾਏ ਗਏ। ਇਹ ਗਿਆਨੀ ਜੀ ਦੇ ਅਹਿਦ ਦਾ ਹੀ ਸਮਾਂ ਸੀ, ਜਦੋਂ ਭਾਸ਼ਾ ਵਿਭਾਗ ਵਿਚ 'ਪੰਜਾਬੀ ਭਾਸ਼ਾ ਪ੍ਰਯੋਗਸ਼ਾਲਾ' ਕਾਇਮ ਕਰਨ ਦੀ ਯੋਜਨਾ ਉਲੀਕੀ ਸੀ। ਇਹ ਬਹੁਤ ਦੂਰ-ਦ੍ਰਿਸ਼ਟੀ ਦਾ ਸੰਕਲਪ ਸੀ।

ਗਿਆਨੀ ਜੀ ਜਦੋਂ ਭਾਸ਼ਾ ਵਿਭਾਗ ਤੋਂ ਸੇਵਾ-ਮੁਕਤ ਹੋਏ ਤਾਂ ਉਨ੍ਹਾਂ ਨੂੰ ਪੰਜਾਬ ਸਰਕਾਰ ਨੇ ਪੰਜਾਬ ਲੋਕ ਸੇਵਾ ਕਮਿਸ਼ਨ ਦਾ ਮੈਂਬਰ ਤੇ ਫਿਰ ਚੇਅਰਮੈਨ ਬਣਾ ਦਿੱਤਾ। ਗਿਆਨੀ ਜੀ ਪੰਜਾਬੀ ਭਾਸ਼ਾ ਸਬੰਧੀ ਅਨੇਕਾਂ ਸੰਸਥਾਵਾਂ ਦੇ ਸਰਪ੍ਰਸਤ, ਪ੍ਰਧਾਨ ਤੇ ਮੈਂਬਰ ਦੇ ਤੌਰ 'ਤੇ ਜੁੜੇ ਰਹੇ ਸਨ। ਉਹ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ, ਪੰਜਾਬੀ ਸਾਹਿਤ ਸਮੀਖਿਆ ਬੋਰਡ ਦੇ ਚੇਅਰਮੈਨ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਿੰਡੀਕੇਟ ਦੇ ਮੈਂਬਰ ਰਹੇ। ਉਨ੍ਹਾਂ ਨੇ ਹਰ ਥਾਂ ਆਪਣੀ ਛਾਪ ਛੱਡੀ। ਅਜਿਹੇ ਦਾਨਿਸ਼ਵਰ ਅਤੇ ਅਦੁੱਤੀ ਸ਼ਖ਼ਸੀਅਤ ਦੇ ਮਾਲਕ ਗਿਆਨੀ ਜੀ ੧੭ ਮਈ, ੧੯੯੬ ਈ. ਵਿਚ ਸਦੀਵੀ ਵਿਛੋੜਾ ਦੇ ਗਏ, ਪਰ ਉਨ੍ਹਾਂ ਦੇ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਤੇ ਪੰਜਾਬ ਦੀ ਇਤਿਹਾਸਕਾਰੀ ਨੂੰ ਦੇਣ ਭਵਿੱਖ ਵਿਚ ਬਰਕਰਾਰ ਰਹੇਗੀ, ਸਗੋਂ ਉਸ ਦੀ ਆਭਾ ਹੋਰ ਵੀ ਚਮਕੇਗੀ।

■

## ਪਿੰਡ ਜਗਦੇਵ ਕਲਾਂ ਵਿਖੇ ਗੁਰਮਤਿ ਸਮਾਗਮ

ਭਾਈ ਮਨਦੀਪ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਧਰਮ ਪ੍ਰਚਾਰ ਕਮੇਟੀ (ਸ਼੍ਰੋ.ਗੁ.ਪ੍ਰ. ਕਮੇਟੀ) ਵੱਲੋਂ ਪਿੰਡ ਜਗਦੇਵ ਕਲਾਂ, ਤਹਿਸੀਲ ਅਜਨਾਲਾ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ੧੪ ਤੋਂ ੧੭ ਮਈ, ੨੦੧੬ ਤਕ ਗੁਰਮਤਿ ਸਮਾਗਮ ਕਰਵਾਏ ਗਏ, ਇਸ ਤਹਿਤ ੧੮ ਮਈ ਨੂੰ ਹੋਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ਕੁੱਲ ੭੦ ਪ੍ਰਾਣੀਆਂ ਨੇ ਅੰਮ੍ਰਿਤ-ਪਾਨ ਕੀਤਾ। ਇਸ ਮੌਕੇ ਮੁੱਖ ਪ੍ਰਬੰਧਕ ਭਾਈ ਜਗਬੀਰ ਸਿੰਘ ਨੇ ਪਹੁੰਚੀਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ।

*ਗਾਗਰ 'ਚ ਸਾਗਰ-- ੬੪*

# ਸਾਵਣਿ ਮਹੀਨੇ ਰਾਹੀਂ ਗੁਰ ਉਪਦੇਸ਼

*-ਡਾ. ਇੰਦਰਜੀਤ ਸਿੰਘ ਗੋਗੋਆਣੀ**

*ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥*
*ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥ (ਪੰਨਾ ੧੩੪)*

ਭਾਰਤੀ ਛੇ ਰੁੱਤਾਂ ਅਨੁਸਾਰ ਸਾਵਣ ਦਾ ਮਹੀਨਾ ਵਰਖਾ ਰੁੱਤ ਦਾ ਮਹੀਨਾ ਹੈ। ਜੇਠ-ਹਾੜ ਦੀ ਅਤਿਅੰਤ ਗਰਮੀ ਤੋਂ ਬਾਅਦ ਇਹ ਮਹੀਨਾ ਗਰਮੀ ਤੋਂ ਰਾਹਤ ਦਿੰਦਾ ਹੈ। ਸਾਵਣ ਦਾ ਮਹੀਨਾ ਖੇਤੀ ਪ੍ਰਧਾਨ ਦੇਸ਼ ਦੀ ਆਰਥਿਕਤਾ ਦਾ ਆਧਾਰ ਵੀ ਹੈ। ਵਰਖਾ ਰੁੱਤ ਪ੍ਰਥਾਇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਮਕਲੀ ਰੁਤੀ ਸਲੋਕ ਵਿਚ ਇਉਂ ਫੁਰਮਾਇਆ ਹੈ:

*ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ॥*
*ਘਣ ਉਨਵਿ ਵੁਠੇ ਜਲ ਥਲ ਪੂਰਿਆ ਮਕਰੰਦ ਜੀਉ॥ (ਪੰਨਾ ੯੨੮)*

ਭਾਵ, ਹੇ ਸਖੀਏ! ਵਰਖਾ ਰੁੱਤ (ਰੁਤਿ ਬਰਸੁ) ਬੜੀ ਸੁਖਦਾਈ ਹੁੰਦੀ ਹੈ ਤੇ ਸਾਵਣ ਭਾਦਰੋਂ ਦੇ ਮਹੀਨਿਆਂ ਵਿਚ ਅਨੰਦ ਬਣਦਾ ਹੈ। ਬੱਦਲ ਨੀਵੇਂ ਹੋ ਕੇ (ਘਣ ਉਨਵਿ) ਵਰ੍ਹਦੇ ਹਨ ਤੇ ਹਰ ਥਾਂ ਸੁਗੰਧੀ ਭਰਿਆ ਪਾਣੀ ਭਰ ਜਾਂਦਾ ਹੈ। ਅੱਗੇ ਸਮੁੱਚੇ ਸ਼ਬਦ ਦਾ ਭਾਵ ਅਰਥ ਹੈ ਜਿਨ੍ਹਾਂ ਦੇ ਹਿਰਦੇ ਪ੍ਰਭੂ ਨਾਮ ਦੇ ਖਜ਼ਾਨਿਆਂ ਨਾਲ ਭਰ ਜਾਂਦੇ ਹਨ, ਉਨ੍ਹਾਂ ਦੀਆਂ ਕੁਲਾਂ ਤਰ ਜਾਂਦੀਆਂ ਹਨ।

ਹੁਣ 'ਸਾਵਣਿ' ਮਹੀਨੇ ਦੇ ਨਾਮਕਰਨ ਬਾਰੇ ਜਾਣੀਏ ਤਾਂ 'ਮਹਾਨ ਕੋਸ਼' ਅਨੁਸਾਰ ਸ਼੍ਰਾਵਣ-ਸਉਣ ਦੀ ਪੂਰਨਮਾਸ਼ੀ ਅਤੇ 'ਸੰਖਿਆ ਕੋਸ਼' ਅਨੁਸਾਰ ਸਤਾਈ ਨਛੱਤਰਾਂ ਵਿੱਚੋਂ ਪੰਜੀਵਾਂ ਨਛੱਤਰ ਸ਼੍ਰਵਣ ਹੈ। 'ਸ੍ਰੀ ਗੁਰੂ ਗ੍ਰੰਥ ਕੋਸ਼' (ਕ੍ਰਿਤ ਗਿ: ਹਜਾਰਾ ਸਿੰਘ ਜੀ) ਅਨੁਸਾਰ ਸਾਵਣ- ਸੰਸਕ੍ਰਿਤ ਸ਼੍ਰਾਵਣ, ਪੰਜਾਬੀ ਸਾਵਣ, ਸਉਣ, ਬਰਸਾਤ ਦਾ ਪਹਿਲਾ ਮਹੀਨਾ। ਇਸ ਲਈ ਸ਼੍ਰਾਵਣ ਤੋਂ ਸਾਵਣ ਸ਼ਬਦ ਹੋਂਦ ਵਿਚ ਆਇਆ। 'ਸਮ ਅਰਥ ਕੋਸ਼' (ਕ੍ਰਿਤ ਗਿ: ਕਿਰਪਾਲ ਸਿੰਘ ਜੀ) ਵਿਚ ਸਾਵਣ ਦੇ ਸਮਾਨਅਰਥੀ ਸ਼ਬਦ-- ਸਉਣ, ਸੌਣ, ਸ਼੍ਰਾਵਣ, ਸ੍ਰਾਵਣਿਕ, ਨਭ, ਨਭਸ ਆਦਿ ਹਨ। 'ਮਹਾਨ ਕੋਸ਼' ਵਿਚ 'ਨਭ' ਤੋਂ ਭਾਵ ਸਾਉਣ ਦਾ ਮਹੀਨਾ, ਜਲ, ਬੱਦਲ, ਵਰਖਾ, ਮੀਂਹ ਆਦਿ ਹੈ।

ਗੁਰਬਾਣੀ ਵਿਚ ਸਾਵਣਿ (ਸਾਵਣ) ਮਹੀਨੇ ਪ੍ਰਥਾਇ ਬਹੁਤ ਪ੍ਰਕਰਣ ਹਨ, ਜਿਨ੍ਹਾਂ ਵਿਚ ਵਿਜੋਗ ਤੇ ਸੰਜੋਗ ਦੋਹਾਂ ਦਾ ਚਿਤਰਣ ਹੈ ਪਰ ਤੱਤਸਾਰ ਵਜੋਂ ਸੁੱਖ ਪ੍ਰਭੂ ਦੇ ਸੰਜੋਗ ਵਿਚ ਹੈ। ਗੁਰੂ ਨਾਨਕ ਪਾਤਸ਼ਾਹ ਜੀ ਨੇ 'ਮਲਾਰ ਕੀ ਵਾਰ' ਵਿਚ ਸੰਸਾਰੀ

*ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ। ਮੋ: +੯੧੯੮੧੫੯-੮੫੫੫੯

ਪ੍ਰਕਰਣ ਦੇ ਕੇ ਨਿਰੰਕਾਰੀ ਚਿਤਰਣ ਕੀਤਾ ਹੈ। ਇਕ ਪਾਸੇ ਸਾਵਣ ਮਹੀਨੇ ਦੀ ਬਰਖਾ ਤੇ ਦੂਜਾ ਗੁਰੂ ਦਰ ਤੋਂ ਨਾਮ ਦੀ ਵਰਖਾ ਹੁੰਦੀ ਹੈ ਪਰ ਗੁਰਮੁਖ ਤੇ ਮਨਮੁਖ ਉੱਪਰ ਪ੍ਰਭਾਵ ਵੱਖਰਾ ਹੈ ਜਿਵੇਂ:

*ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ॥*
*ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ॥* (ਪੰਨਾ ੧੨੭੯)

ਭਾਵ ਹੇ ਨਾਨਕ! ਜਦ ਸਾਵਣ ਮਹੀਨੇ ਮੀਂਹ ਵਰ੍ਹਦਾ ਤਾਂ ਚਾਰ ਧਿਰਾਂ ਨੂੰ ਚਾਅ ਹੁੰਦਾ ਹੈ, ਸੱਪਾਂ ਨੂੰ, ਹਿਰਨਾਂ ਨੂੰ, ਮੱਛੀਆਂ ਨੂੰ ਤੇ ਰਸੀਆਂ ਨੂੰ ਭਾਵ ਜਿਨ੍ਹਾਂ ਦੇ ਘਰ ਰਸ ਮਾਣਨ ਲਈ ਧਨ ਪਦਾਰਥ ਹੋਣ। ਦੂਜੇ ਪਾਸੇ ਚਾਰ ਧਿਰਾਂ ਨੂੰ ਸਾਵਣ ਦੀ ਬਰਸਾਤ ਨਾਲ ਵਿਛੋੜਾ ਵੀ ਪੈਂਦਾ ਹੈ:

*ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ॥*
*ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ॥* (ਪੰਨਾ ੧੨੭੯)

ਭਾਵ ਹੇ ਨਾਨਕ! ਸਾਵਣ ਦੀ ਬਰਖਾ ਨਾਲ ਚਾਰ ਧਿਰਾਂ ਨੂੰ ਵਿਛੋੜਾ ਹੈ, ਜਿਵੇਂ ਗਾਈਪੁਤਾ (ਬਲਦਾਂ ਨੂੰ ਹਲੀਂ ਜੁੜਨਾ ਪੈਂਦਾ ਹੈ), ਨਿਰਧਨਾਂ (ਗਰੀਬਾਂ ਦੀ ਮਜ਼ਦੂਰੀ ਰੁਕਦੀ ਹੈ) ਪੰਥੀ (ਰਾਹੀਆਂ ਨੂੰ) ਅਤੇ ਚਾਕਰ (ਨੌਕਰਾਂ ਨੂੰ)।

ਬਾਰਹਮਾਹਾ ਤੁਖਾਰੀ ਵਿਚ ਗੁਰੂ ਨਾਨਕ ਪਾਤਸ਼ਾਹ ਫੁਰਮਾਉਂਦੇ ਹਨ:

*ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥* (ਪੰਨਾ ੧੧੦੮)

ਭਾਵ ਹੇ ਮਨਾ! ਸਾਵਣ ਮਹੀਨੇ ਵਿਚ ਬੱਦਲ ਵਰ੍ਹ ਰਹੇ ਹਨ; ਤੂੰ ਵੀ ਰਸ ਭਰਪੂਰ ਹੈਂ। ਇਸ ਮਹੀਨੇ ਅੰਤ ਸੰਦੇਸ਼ ਹੈ:

*ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ॥* (ਪੰਨਾ ੧੧੦੮)

ਭਾਵ ਹੇ ਨਾਨਕ! ਉਹ ਭਾਗਾਂ ਵਾਲੀ ਸੋਹਾਗਣ ਹੈ ਜੋ ਪ੍ਰਭੂ ਦੀ ਯਾਦ ਵਿਚ ਲੀਨ ਰਹਿੰਦੀ ਹੈ। ਇਸੇ ਸੰਦਰਭ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸਲੋਕ ਹੈ:

*ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ॥*
*ਨਾਨਕ ਸੁਖਿ ਸਵਨੁ ਸੋਹਾਗਣੀ ਜਿਨ੍ ਸਹ ਨਾਲਿ ਪਿਆਰੁ॥* (ਪੰਨਾ ੧੨੮੦)

ਸਾਵਣ ਦੇ ਮਹੀਨੇ ਬੱਦਲ ਬਰਸਦੇ ਹਨ ਤੇ ਉਹ ਜੀਵ ਇਸਤਰੀਆਂ ਸੁਖੀ ਹਨ ਜੋ ਪ੍ਰਭੂ ਪਤੀ ਦੇ ਪਿਆਰ ਵਿਚ ਜਿਉਂਦੀਆਂ ਹਨ।

ਸਾਵਣ ਦੇ ਮਹੀਨੇ ਸਬੰਧੀ ਸਾਡੇ ਸਮਾਜ ਵਿਚ ਅਨੇਕਾਂ ਭਰਮ ਵੀ ਹਨ ਕਿ ਇਸ ਮਹੀਨੇ ਦਿਨ ਵੇਲੇ ਸੁੱਤਿਆਂ ਸਰੀਰ ਸੋਂ ਜਾਂਦਾ ਹੈ। ਇਹ ਬਰਸਾਤੀ ਰੁੱਤ ਦੇ ਪ੍ਰਭਾਵ ਪ੍ਰਤੀ ਵਿਚਾਰ ਹਨ। ਇਸੇ ਤਰ੍ਹਾਂ ਇਸ ਮਹੀਨੇ ਨੂੰਹ ਤੇ ਸੱਸ ਦਾ ਇਕੱਠੇ ਰਹਿਣਾ ਅਸ਼ੁੱਭ ਮੰਨਿਆ ਗਿਆ ਹੈ। ਕਾਰਨ ਵੀ ਸਪੱਸ਼ਟ ਹੈ ਕਿ 'ਪੰਜਾਬੀ ਸੱਭਿਆਚਾਰ ਵਿਚ ਇਸ ਮਹੀਨੇ ਤੀਆਂ ਦਾ ਤਿਉਹਾਰ ਹੋਣ ਕਰਕੇ ਪੇਕੇ ਆ ਕੇ ਸਹੇਲੀਆਂ ਮਿਲ ਲੈਂਦੀਆਂ ਸਨ। ਇਸੇ ਤਰ੍ਹਾਂ ਕਈ ਫਿਰਕਿਆਂ 'ਚ ਇਸ ਮਹੀਨੇ 'ਪੁੱਤਰ ਦਾ ਇਕਾਦਸ਼ੀ

ਵਰਤ' ਪੁੱਤਰ ਪ੍ਰਾਪਤੀ ਲਈ ਰੱਖਣ ਦਾ ਵਿਸ਼ਵਾਸ ਹੈ ਅਤੇ ਕੁਝ ਕ੍ਰਿਸ਼ਨ ਪੂਜਾ ਲਈ 'ਕਾਮਕਾ ਇਕਾਦਸ਼ੀ ਦਾ ਵਰਤ' ਰੱਖਦੇ ਹਨ। ਜੀਵ-ਜੰਤੂਆਂ ਨਾਲ ਵੀ ਲੋਕ-ਵਿਸ਼ਵਾਸ ਜੁੜੇ ਹਨ ਕਿ ਸਾਵਣ ਮਹੀਨੇ ਸੂਈ ਘੋੜੀ ਅਸ਼ੁੱਭ ਤੇ ਭਾਦਰੋਂ ਦੇ ਮਹੀਨੇ ਗਾਂ ਅਸ਼ੁਭ ਹੁੰਦੀ। ਲੋਕ ਮੁਹਾਵਰਾ ਹੈ:

*ਸਾਵਣ ਘੋੜੀ, ਭਾਦੋਂ ਗਾਂ, ਉਜੜੇ ਘਰ ਜਾਂ ਉਜੜੇ ਗਿਰਾਂ।*

ਜੇਕਰ ਸਉਣ ਮਹੀਨੇ ਬਰਸਾਤ ਨਾ ਹੋਵੇ ਤਾਂ ਲੋਕ-ਵਿਚਾਰਾਂ ਵਿਚ ਗੁੱਡੀ ਫੂਕਣ ਜਾਂ ਗੋਹਾ ਹੋਲੀ ਖੇਡਣ ਦਾ ਭਰਮ ਹੈ ਕਿ ਇਸ ਤਰ੍ਹਾਂ ਕੀਤਿਆਂ ਮੀਂਹ ਪੈ ਜਾਂਦਾ ਹੈ। ਲੋਕਾਂ ਨੂੰ ਵਿਗਿਆਨਕ ਨਜ਼ਰੀਏ ਤੋਂ ਇਹ ਭਰਮ ਤਿਆਗਣੇ ਚਾਹੀਦੇ ਹਨ। ਉਂਜ ਸਿੱਖ ਸੱਭਿਆਚਾਰ ਵਿਚ ਅਜਿਹੀਆਂ ਗੱਲਾਂ ਨੂੰ ਕੋਈ ਮਾਨਤਾ ਨਹੀਂ ਹੈ।

ਸ੍ਰੀ ਗੁਰੂ ਅਮਰਦਾਸ ਜੀ ਰਚਿਤ ਇਹ ਸਲੋਕ ਸਭਨਾ ਨੂੰ ਜਾਗ੍ਰਿਤ ਕਰਦਾ ਹੈ:

*ਸਾਵਣਿ ਸਰਸੀ ਕਾਮਣੀ ਗੁਰ ਸਬਦੀ ਵੀਚਾਰਿ॥*
*ਨਾਨਕ ਸਦਾ ਸੁਹਾਗਣੀ ਗੁਰ ਕੈ ਹੇਤਿ ਅਪਾਰਿ॥* *(ਪੰਨਾ ੧੨੮੫)*

ਜਿਵੇਂ ਸਾਵਣ ਮਹੀਨੇ ਵਰਖਾ ਨਾਲ ਬਨਸਪਤੀ ਹਰੀ ਭਰੀ ਹੁੰਦੀ ਹੈ ਤਿਵੇਂ ਸਤਿਗੁਰੂ ਦੇ ਸ਼ਬਦ ਰਾਹੀਂ ਜੀਵ ਇਸਤਰੀ (ਨਾਮ ਦੀ ਵਰਖਾ ਨਾਲ) ਰਸ ਭਰਪੂਰ ਹੋ ਜਾਂਦੀ ਹੈ। ਹੇ ਨਾਨਕ! ਸਤਿਗੁਰੂ ਨਾਲ ਪ੍ਰੇਮ ਕੀਤਿਆਂ ਜੀਵ ਇਸਤਰੀ ਸੁਹਾਗਵਤੀ ਰਹਿੰਦੀ ਹੈ।

ਇਸੇ ਤਰ੍ਹਾਂ ਸਾਵਣ ਮਹੀਨੇ ਪ੍ਰਥਾਇ ਜੋ ਪੰਚਮ ਪਾਤਸ਼ਾਹ ਜੀ ਦਾ ਬਾਰਹ ਮਾਹਾ ਮਾਂਝ ਵਿਚ ਉਪਦੇਸ਼ ਹੈ ਕਿ ਸਾਵਣ ਵਿਚ ਉਹ ਜੀਵ ਇਸਤਰੀ ਰਸ ਭਰਪੂਰ ਜੀਵਨ ਜਿਊਂਦੀ ਹੈ, ਜਿਸ ਦਾ ਪ੍ਰੇਮ ਪ੍ਰਭੂ ਦੇ ਸੋਹਣੇ ਚਰਨਾਂ ਨਾਲ ਬਣ ਜਾਂਦਾ ਹੈ। ਉਸ ਦਾ ਮਨ ਤੇ ਤਨ ਪ੍ਰਭੂ ਪ੍ਰੇਮ ਦੇ ਰੰਗ ਵਿਚ ਰੰਗਿਆ ਜਾਂਦਾ ਹੈ ਤੇ ਉਸ ਲਈ ਨਾਮ ਹੀ ਜੀਵਨ ਦਾ ਆਸਰਾ ਬਣ ਜਾਂਦਾ ਹੈ। ਅੰਤ ਸਾਵਣ ਮਹੀਨੇ ਦਾ ਤੱਤਸਾਰ ਹੈ:

*ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥* *(ਪੰਨਾ ੧੩੪)*

ਭਾਵ ਸਾਵਣ ਦਾ ਮਹੀਨਾ ਉਨ੍ਹਾਂ ਭਾਗਾਂ ਵਾਲੀਆਂ ਲਈ ਠੰਢ ਵਰਤਾਉਣ ਵਾਲਾ ਹੈ; ਜਿਨ੍ਹਾਂ ਨੇ ਹਿਰਦੇ ਵਿਚ ਪ੍ਰਭੂ ਦਾ ਨਾਮ ਰੂਪੀ ਹਾਰ ਪਰੋਇਆ ਹੋਇਆ ਹੈ।

■

*ਗੁਰਮਤਿ ਸਾਹਿਤ ਦੇ ਰੂ-ਬਰੂ-- ੩*

# ਸਦਾ ਵਿਗਾਸ

*-ਡਾ. ਰਣਜੀਤ ਕੌਰ ਪੰਨਵਾਂ**

ਡਾ. ਜਸਵੰਤ ਸਿੰਘ ਨੇਕੀ (੧੯੨੫-੨੦੧੫) ਕਿਸੇ ਪਛਾਣ ਦੇ ਮੁਥਾਜ ਨਹੀਂ ਹਨ। ਆਪ ਧਰਮ, ਸਾਹਿਤ ਅਤੇ ਮੈਡੀਕਲ ਖੇਤਰ ਦੀ ਨਾਮਵਰ ਸ਼ਖ਼ਸੀਅਤ ਹਨ। ਵਿੱਦਿਅਕ ਖੇਤਰ ਵਿਚ ਉਨ੍ਹਾਂ ਨੇ ਸਿਖਰਲੇ ਪੱਧਰ ਦੀ ਪ੍ਰਾਪਤੀ ਹਾਸਲ ਕੀਤੀ। ਆਪ ਨੇ ਮਨੋਵਿਗਿਆਨ ਅਤੇ ਮਨੋਚਿਕਿਤਸਾ ਦੇ ਖੇਤਰ ਵਿਚ ਪ੍ਰਬੀਨਤਾ ਪ੍ਰਾਪਤ ਕਰ ਕੇ ਆਪਣੇ ਕਿੱਤੇ ਵਿਚ ਕੌਮਾਂਤਰੀ ਪੱਧਰ 'ਤੇ ਪ੍ਰਸਿੱਧੀ ਹਾਸਲ ਕੀਤੀ। ਆਪ ਵਿਸ਼ਵ ਪ੍ਰਸਿੱਧ ਮਨੋਚਿਕਿਤਸਕ, ਪ੍ਰਬੀਨ ਸਿੱਖਿਆ-ਸ਼ਾਸਤਰੀ, ਸੁਘੜ-ਸਿਆਣੇ ਧਰਮ-ਚਿੰਤਕ, ਫ਼ਿਲਾਸਫ਼ਰ, ਵਿਲੱਖਣ ਕਿਰਦਾਰ ਵਾਲੇ ਕਵੀ ਵਜੋਂ ਵਿਖਿਆਤ ਹੁੰਦੇ ਹਨ। ਸਿੱਖ ਧਰਮ ਦੇ ਮੁੱਢਲੇ ਸਿਧਾਂਤਾਂ ਦੀ ਤਾਰਕਿਕ ਵਿਆਖਿਆ ਕਰਨ ਵਾਲੇ ਪ੍ਰਸਿੱਧ ਵਿਦਵਾਨਾਂ ਵਿਚ ਆਪ ਮੂਹਰਲੀ ਥਾਂ 'ਤੇ ਹਨ। ਆਪ ਜੀ ਨੇ ਤਿੰਨ ਦਰਜਨ ਤੋਂ ਵਧੇਰੇ ਪੁਸਤਕਾਂ ਲਿਖੀਆਂ ਹਨ।

ਡਾ. ਸਾਹਿਬ ਦੀ 'ਸਦਾ ਵਿਗਾਸ' ਪੁਸਤਕ ਅਧਿਆਤਮਿਕ ਅਨੁਭਵ ਅਤੇ ਗਿਆਨ ਦਾ ਅਸਗਾਹ ਸਾਗਰ ਹੈ। ਇਸ ਪੁਸਤਕ ਨੂੰ ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ ਨੇ ਪਹਿਲੀ ਵਾਰ ੨੦੦੭ ਵਿਚ ISBN ੮੧-੭੨੦੫-੩੯੦-੮ ਤਹਿਤ ਪ੍ਰਕਾਸ਼ਤ ਕੀਤਾ। ਇਸ ਦੇ ੨੪੮ ਪੰਨੇ ਹਨ ਅਤੇ ੨੨੫ ਰੁਪਏ ਇਸਦੀ ਕੀਮਤ ਹੈ। ਪੁਸਤਕ ਦੇ ਸਿਰਲੇਖ ਤੋਂ ਸਪੱਸ਼ਟ ਹੈ ਕਿ 'ਸਦਾ ਖੇੜਾ'। ਲੇਖਕ ਅਨੁਸਾਰ, "ਸਦਾ ਵਿਗਾਸ ਦੀ ਅਧਿਆਤਮਕ ਅਵਸਥਾ ਇਕ ਅਵਿਰਲ ਤੇ ਅਮੁੱਕ ਅਵਸਥਾ ਹੁੰਦੀ ਹੈ। ਤਦ ਇਉਂ ਲੱਗਦਾ ਹੈ, ਜਿਵੇਂ ਮਹਾਂ-ਬ੍ਰਹਿਮੰਡ ਦਾ ਸਮਸਤ ਖੇੜਾ ਆਤਮਾ ਅੰਦਰ ਆਣ ਸਿਮਟਿਆ ਹੈ। ਐਸੇ ਆਤਮਿਕ ਖੇੜੇ ਅੰਦਰ ਧਾਰਮਿਕ ਫੁੱਲ ਵੀ ਖਿੜਦੇ ਹਨ, ਗਿਆਨ ਦੇ ਫੁੱਲ ਵੀ ਮਹਿਕਦੇ ਹਨ।"

ਲੇਖਕ ਨੇ ਇਸ ਪੁਸਤਕ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ- ਸਿਧਾਂਤ, ਅਭਿਆਸ ਅਤੇ ਜੁਗਤਿ। ਸਿਧਾਂਤ ਭਾਗ ਵਿਚ ਅੱਠ ਲੇਖ ਹਨ। ਪਹਿਲੇ ਲੇਖ **ਜਗਿਆਸਾ: ਜੀਵਨ-ਮਨੋਰਥ ਦੀ ਭਾਲ** ਵਿਚ ਜਗਿਆਸਾ ਨੂੰ ਸਦਾ ਜਗਾਈ ਰੱਖਣ ਦਾ ਸੰਦੇਸ਼ ਦਿੱਤਾ ਹੈ ਕਿ ਇਹ ਜਗਿਆਸਾ ਹੀ ਅਧਿਆਤਮਕ ਪੰਧ ਦਾ ਦੀਪਕ ਹੈ। ਇਸ ਦੇ ਆਸਰੇ ਹੀ ਠੀਕ ਸੇਧ ਲੱਭ ਸਕਦੀ ਹੈ।

ਦੂਜੇ ਲੇਖ **ਮਾਨੁਖ ਕੀ ਜਾਤਿ: ਇਕ ਤੁਲਨਾਤਮਿਕ ਪਰਿਪੇਖ** ਵਿਚ ਦੂਜੇ ਧਰਮਾਂ, ਫ਼ਿਲਾਸਫ਼ੀਆਂ ਅਨੁਸਾਰ ਮਨੁੱਖ ਕੀ ਹੈ, ਮਨੁੱਖ ਦਾ ਖਾਸਾ, ਮਨੁੱਖ ਤੇ ਕੁਦਰਤ, ਮਨੁੱਖ ਤੇ ਸਮਾਜ, ਮਨੁੱਖ ਤੇ ਕਰਤਾਰ ਦਾ ਸੰਬੰਧ, ਏਕ ਤੇ ਅਨੇਕ ਦਾ ਸੰਬੰਧ, ਵਿਅਕਤੀਗਤ ਮਨੁੱਖ ਦੀ ਫ਼ਿਤਰਤ ਬਾਰੇ ਤੁਲਨਾਤਮਿਕ ਵਿਧੀ ਰਾਹੀਂ ਵਿਸਤ੍ਰਿਤ ਵੇਰਵੇ ਦਿੱਤੇ ਗਏ ਹਨ। ਤੀਜੇ ਲੇਖ **ਕਾਲ ਅਤੇ ਅਉਸਰ ਦਾ ਸੰਕਲਪ** ਵਿਚ 'ਸਮੇਂ' ਤੋਂ ਪੂਰਵ 'ਹੋਂਦ' ਕਿਵੇਂ ਸੀ, ਬ੍ਰਹਮ ਦੇ ਦੋ ਰੂਪ, ਅਉਸਰ, ਕਾਇਰੌਸ ਅਤੇ ਕਰੋਨੌਸ ਉਪ-ਭਾਗ ਵਿਚ ਯੂਨਾਨੀ ਪੁਰਾਣ ਦੇ ਸਮੇਂ ਦੇ ਰੂਪਾਂ

**ਰਿਸਰਚ ਸਕਾਲਰ, ਸਿੱਖ ਇਤਿਹਾਸ ਰਿਸਰਚ ਬੋਰਡ, ਸ੍ਰੀ ਅੰਮ੍ਰਿਤਸਰ।*

ਦਾ ਸੰਕਲਪ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਮੌਤ ਦਾ ਜਨਮ ਤੇ ਜਨਮ ਦੀ ਭਟਕਣ, ਮਨੁੱਖਾ ਜਨਮ, ਇਕ ਅਉਸਰ', ਗੁਰੂ ਇਕ 'ਅਉਸਰ' ਗੁਰ-ਇਤਿਹਾਸ ਵਿਚ 'ਅਉਸਰ' (ਸਿਰਜਣਾ ਦਾ ਪ੍ਰਾਥਮਿਕ ਛਿਨ) ਦਾ ਤੁਲਨਾਤਮਿਕ ਵਿਧੀ ਦੁਆਰਾ ਵਰਣਨ ਕੀਤਾ ਹੈ।

ਚੌਥੇ **ਪਾਰਗਮਤਾ ਦਾ ਦੀਦਾਰ** ਲੇਖ ਵਿਚ ਸਾਇੰਸ ਦੀ ਪਾਰਗਮਤਾ, ਪਾਰਗਮਤਾ ਦਾ ਅਰਬਦ ਨਰਬਦ, ਸਮੇਂ ਦੀ ਪਾਰਗਮਤਾ, ਸਥਾਨ ਦਾ ਪਾਰਗਮਨ, ਹਉਂ ਦੀ ਪਾਰਗਮਤਾ, ਚੇਤਨਾ ਦੀ ਪਾਰਗਮਤਾ ਦਾ ਬਾਖ਼ੂਬੀ ਵਰਣਨ ਸਾਇੰਸ ਅਤੇ ਹੋਰ ਧਰਮਾਂ ਦੇ ਹਵਾਲੇ ਨਾਲ ਦਿੰਦੇ ਹੋਏ ਗੁਰਮਤਿ ਅਨੁਸਾਰ ਪਾਰਗਮਤਾ (ਅਨੁਭਵ-ਅਤੀਤਤਾ) ਕੀ ਹੈ ਦਾ ਵਿਸ਼ਲੇਸ਼ਣ ਪੇਸ਼ ਕੀਤਾ ਹੈ।

ਪੰਜਵੇਂ ਲੇਖ **ਸੁੰਨ ਕਾ ਭੇਉ** ਵਿਚ ਮਹਾਤਮਾ ਬੁੱਧ ਤੋਂ ਲੈ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਅਨੁਸਾਰ ਸੁੰਨ ਦੇ ਸੰਕਲਪ ਦਾ ਵਿਕਾਸ ਸਮਝਾਉਣ ਦਾ ਯਤਨ ਕੀਤਾ ਹੈ। ਛੇਵੇਂ ਲੇਖ **ਸਹਜ ਕਥਾ** ਵਿਚ ਸਹਜ ਸ਼ਬਦ ਦੇ ਸ਼ਾਬਦਿਕ ਅਰਥ ਦੱਸਦੇ ਹੋਏ, ਗੁਰਮਤਿ ਅਨੁਸਾਰ ਸਹਜ ਦੀ ਵਿਆਖਿਆ ਕੀਤੀ ਹੈ। ਸਤਵੇਂ ਲੇਖ **ਤਿੰਨ ਸਾਖੀਆਂ ਨਵ-ਜਨਮ ਦੀਆਂ** ਵਿਚ ਪਹਿਲੀ ਸਾਖੀ ਗੁਰੂ ਨਾਨਕ ਦੇਵ ਜੀ ਦੁਆਰਾ ਪਰਮਾਤਮਾ ਨਾਲ ਇਕਮਿਕ ਹੋਣ ਦੀ **ਵੇਈਂ ਪ੍ਰਵੇਸ਼** ਦੀ ਸਾਖੀ, ਦੂਜੀ ਅੰਮ੍ਰਿਤਸਰ ਦੇ ਉਜਾਗਰ ਹੋਣ ਦੀ ਅਤੇ ਤੀਜੀ ਖ਼ਾਲਸਾ ਸਿਰਜਣਾ ਦੀ ਸਾਖੀ ਦਾ ਪ੍ਰਤੀਕਾਤਮਕ ਵਿਸ਼ਲੇਸ਼ਣ ਦ੍ਰਿਸ਼ਟਮਾਨ ਕੀਤਾ ਹੈ। ਸਿਧਾਂਤ ਭਾਗ ਦੇ ਅੱਠਵੇਂ ਅਤੇ ਅਖੀਰਲੇ ਲੇਖ **ਸਦਾ ਵਿਗਾਸ** ਵਿਚ ਵਿਗਾਸ ਦੇ ਸ਼ਾਬਦਿਕ ਅਰਥ ਦੇ ਕੇ ਵਿਗਾਸ ਤੇ ਖਾਮੋਸ਼ੀ, ਧਿਆਨ ਦੀ ਇਕਾਗਰਤਾ, ਮੁਹੱਬਤ ਦੀ ਕਲਾ, ਖੇੜੇ ਦੀ ਕਰਤਾਰਤਾ ਤੇ ਦਾਤਾਰਤਾ, ਬਨਸਪਤੀ ਇਕ ਪ੍ਰਤੀਕ, ਸਦਾ ਵਿਗਾਸ, ਵਿਗਾਸ ਤੇ ਆਗਿਆ ਪਾਲਣ, ਸਦ ਬਸੰਤ ਉਪ-ਭਾਗਾਂ ਵਿਚ ਵਿਗਾਸ ਦੀ ਵਿਸਮਾਦੀ ਅਵਸਥਾ ਦਾ ਵਿਸਤ੍ਰਿਤ ਵਰਣਨ ਪੇਸ਼ ਕੀਤਾ ਹੈ।

ਭਾਗ ਦੂਜਾ **ਅਭਿਆਸ** ਵਿਚ ਛੇ ਲੇਖ ਦਰਜ ਹਨ। ਪਹਿਲੇ ਲੇਖ **ਕਿਰਤ ਸੱਭਿਆਚਾਰ** ਵਿਚ ਕਿਰਤ ਦਾ ਵਰਣਨ ਇਤਿਹਾਸਿਕ ਅਤੇ ਸਿਧਾਂਤਕ ਪੱਖ ਤੋਂ ਕੀਤਾ ਹੈ। ਦੂਜੇ ਲੇਖ **ਸ੍ਰਵਣ ਦਾ ਬਿਬੇਕ** ਵੱਧ ਸੁਣਨ ਅਤੇ ਘੱਟ ਬੋਲਣ ਦਾ ਆਦੇਸ਼ ਗੁਰਬਾਣੀ ਦੀ ਰੋਸ਼ਨੀ ਵਿਚ ਦਿੱਤਾ ਹੈ। ਤੀਜੇ ਲੇਖ **ਮੰਨੈ ਮਗੁ ਨ ਚਲੈ ਪੰਥੁ** ਵਿਚ ਜਪੁ ਜੀ ਸਾਹਿਬ ਦੀਆਂ ਚਾਰ ਪਉੜੀਆਂ ਦਾ ਵਿਸ਼ਲੇਸ਼ਣ ਕਰਦੇ ਹੋਏ, ਮਗੁ ਅਤੇ ਪੰਥੁ ਸ਼ਬਦ ਦੀ ਤਾਰਕਿਕ ਵਿਆਖਿਆ ਕੀਤੀ ਹੈ। ਸੱਚੇ ਪੰਥ ਦੇ ਪਾਂਧੀ ਬਣਨ ਲਈ ਸਿੱਖਿਆ ਦਿੱਤੀ ਹੈ। ਚੌਥੇ ਲੇਖ **ਹਾਜ਼ਰ-ਨਾਜ਼ਰਤਾ ਦਾ ਅਭਿਆਸ** ਵਿਚ ਲੇਖਕ ਨੇ ਆਪਣੇ ਨਿੱਜੀ ਅਨੁਭਵ ਦੀਆਂ ਉਦਾਹਰਨਾਂ ਦੇ ਕੇ ਹੀ ਹਾਜ਼ਰ-ਨਾਜ਼ਰਤਾ ਦਾ ਉਲੇਖ ਦਿੱਤਾ ਹੈ। ਹਾਜ਼ਰ-ਨਾਜ਼ਰਤਾ ਦਾ ਵਿਸ਼ਵਾਸ, ਹਾਜ਼ਰ-ਨਾਜ਼ਰਤਾ ਦਾ ਅਭਾਸ, ਹਾਜ਼ਰ-ਨਾਜ਼ਰਤਾ ਦਾ ਪ੍ਰਗਾਸ ਉੱਪ ਭਾਗਾਂ ਵਿਚ ਅਨੁਭਵੀ ਰਹੱਸ ਦੀਆਂ ਗੰਢਾਂ ਨੂੰ ਖੋਲ੍ਹਣ ਦਾ ਯਤਨ ਕੀਤਾ ਹੈ। ਪੰਜਵੇਂ ਲੇਖ **ਸ਼ਬਦ ਸੁਰਤਿ** ਵਿਚ ਵੱਖ-ਵੱਖ ਧਰਮਾਂ ਅਨੁਸਾਰ ਸ਼ਬਦ ਕੀ ਹੈ, ਦਾ ਵਰਣਨ ਕਰਦੇ ਹੋਏ ਗੁਰਮਤਿ ਅਨੁਸਾਰ ਸ਼ਬਦ ਦੀ ਵਿਆਖਿਆ ਕੀਤੀ ਹੈ। ਸ਼ਬਦ ਦੇ ਦੋ ਰੂਪ, ਸੁਰਤਿ, ਸੁਰਤਿ ਦੇ ਦੋ ਰੂਪ ਹਨ, ਸੁਰਤਿ ਸ਼ਬਦਯੋਗ, ਅਪ੍ਰਗਟ ਸ਼ਬਦ ਦਾ ਅੰਦਰੋਂ-ਪ੍ਰਗਟਣਾ, ਸ਼ਬਦ ਤੇ ਜੋਤਿ, ਅਨਹਦ ਸ਼ਬਦ ਉੱਪ-ਭਾਗਾਂ ਵਿਚ ਸ਼ਬਦ ਸੁਰਤਿ ਦੀ ਅਧਿਆਤਮਿਕ ਵਿਆਖਿਆ ਉਦਾਹਰਨਾਂ ਸਹਿਤ ਪੇਸ਼ ਕੀਤੀ ਹੈ। ਛੇਵੇਂ ਲੇਖ **ਘੜੀਐ ਸਬਦੁ**

**ਸਚੀ ਟਕਸਾਲ** ਵਿਚ ਦੂਜੇ ਧਰਮਾਂ 'ਚੋਂ ਮਿਸਾਲਾਂ ਦੇ ਕੇ ਗੁਰਮਤਿ ਅਨੁਸਾਰ ਘਾੜਤ ਘੜਣ ਲਈ ਜ਼ਰੂਰੀ ਤੱਤਾਂ ਬਾਰੇ ਵਰਣਨ ਕੀਤਾ ਹੈ। ਧੀਰਜ, ਮਤਿ, ਵੇਦ, ਭਉ ਤੇ ਭਾਉ, ਤਪ ਆਦਿ ਤੱਤ ਹਨ ਜੋ ਸ਼ਬਦ ਦੀ ਘਾੜਤ ਲਈ ਜ਼ਰੂਰੀ ਹਨ।

ਪੁਸਤਕ ਦੇ ਤੀਜੇ ਭਾਗ **ਜੁਗਤਿ** ਵਿਚ ਪੰਜ ਲੇਖ ਦਰਜ ਹਨ। ਪਹਿਲੇ ਲੇਖ ਵਿਚ ਜੋਤਿ ਤੇ ਜੁਗਤਿ ਦੀ ਪਰੰਪਰਾ ਨੂੰ ਗੁਰਮਤਿ, ਉਦਾਸੀ ਮਤ ਦੇ ਸੰਦਰਭ ਵਿਚ ਬਿਆਨ ਕੀਤਾ ਹੈ। ਦੂਜੇ ਲੇਖ **ਗੁਰਮਤਿ ਸਿੱਧਾਂਤਾਂ ਦਾ ਸੁਨਿਖੜਵਾਂ ਨਿਰਧਾਰਣ: ਵਿਧੀ ਤੇ ਜੁਗਤ** ਵਿਚ ਪਿਛਲਾ ਸਿਧਾਂਤ ਸਾਸ਼ਤਰੀ ਪਰਿਪੇਖ-ਵਿਆਖਿਆਕਾਰੀ ਯਤਨ, ਸੰਸਥਾਗਤ ਸੰਪ੍ਰਦਾਈ ਯਤਨ, ਸਿੰਘ ਸਭਾਈ ਯਤਨ, ਆਧਾਰਭੂਤ ਧਾਰਨਾਵਾਂ, ਸਿਧਾਂਤ ਸ੍ਰੋਤ, ਸਿਧਾਂਤ ਨਿਰਧਾਰਨਾ ਦੀ ਵਿਧੀ, ਸਿੱਧਾਂਤਕ ਪੂਰਵ-ਧਾਰਨਾ ਦਾ ਮਸਲਾ, ਤੁਲਨਾਤਮਿਕ ਨਿਰਧਾਰਨ ਉੱਪ-ਭਾਗਾਂ ਵਿਚ ਗੁਰਮਤਿ ਸਿਧਾਂਤਾਂ ਦਾ ਵਰਣਨ ਬੜੇ ਵਿਵੇਕਪੂਰਨ ਢੰਗ ਨਾਲ ਕੀਤਾ ਗਿਆ ਹੈ। ਤੀਜਾ ਲੇਖ **ਸੁਗਿਆਨਕ ਗੁਰਮਤਿ ਮੀਮਾਂਸਾ** ਵਿਚ ਆਧੁਨਿਕ ਵਿਦਿਆ ਪ੍ਰਣਾਲੀ, ਨਵ-ਆਧੁਨਿਕ ਅਕਾਦਮਿਕ ਪ੍ਰਣਾਲੀ, ਗੁਰਮਤਿ ਦੀ ਅਕਾਦਮਿਕ ਪ੍ਰਣਾਲੀ, ਗੁਰਮਤਿ ਮੀਮਾਂਸਾ ਬਾਰੇ ਵੀਚਾਰ ਅੰਕਿਤ ਕੀਤੇ ਹਨ। ਲੇਖਕ ਅਨੁਸਾਰ ਗੁਰਮਤਿ ਦੀ ਅਕਾਦਮਿਕ ਪ੍ਰਣਾਲੀ ਲਈ ਬੜਾ ਕੰਮ ਕਰਨ ਗੋਚਰਾ ਪਿਆ ਹੈ, ਉਹ ਹੈ ਗੁਰਮਤਿ ਮੀਮਾਂਸਾ ਦੇ ਸਿੱਧਾਤਾਂ ਦਾ ਸੁਗਿਆਨਿਕ ਪੱਧਰ 'ਤੇ ਨਿਰਣਾ ਕਰਨਾ। ਚੌਥੇ ਲੇਖ **ਨਾਨਕ-ਜੀਵਨ ਤੇ ਸਿੱਖਿਆ ਦੇ ਸ੍ਰੋਤ** ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਸਮੱਗਰੀ ਜੁਟਾਉਂਦੇ ਸ੍ਰੋਤਾਂ ਦਾ ਵਰਣਨ ਕੀਤਾ ਗਿਆ ਹੈ- ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ ਜੀ, ਦਸਮ ਗ੍ਰੰਥ ਸਾਹਿਬ, ਜਨਮ ਸਾਖੀ ਪਰੰਪਰਾ, ਮਹਿਮਾ ਪ੍ਰਕਾਸ਼ (ਵਾਰਤਕ) ਮਹਿਮਾ ਪ੍ਰਕਾਸ਼ (ਕਾਵਿ), ਪਰਚੀ ਪਰੰਪਰਾ, ਪੰਥ ਪ੍ਰਕਾਸ਼, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਗੁਰਪ੍ਰਣਾਲੀ ਪਰੰਪਰਾ, ਬੰਸਾਵਲੀਨਾਮਾ, ਗੁਰਬਿਲਾਸ ਪਰੰਪਰਾ, ਫ਼ਾਰਸੀ ਸ੍ਰੋਤ, ਸੰਸਕ੍ਰਿਤ ਸ੍ਰੋਤ ਆਦਿ ਦੇ ਸੰਖਿਪਤ ਵੇਰਵੇ ਦਿੱਤੇ ਹਨ। ਲੇਖ ਅਨੁਸਾਰ ਜੋ ਸ੍ਰੋਤ ਉਪਲਬਧ ਹਨ, ਉਹ ਸ੍ਰੋਤ ਇਤਿਹਾਸਿਕ ਘੱਟ ਹਨ ਤੇ ਸ਼ਰਧਾਲੂ ਸਾਖੀ ਬ੍ਰਿਤਾਂਤ ਵਧੇਰੇ ਹਨ। ਪੰਜਵੇਂ ਲੇਖ **ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥** ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਰਚਿਤ ਸਲੋਕ ਵਿਚਲੀ ਸੰਬਾਦੀ ਸੁਰ ਦਾ ਵਿਸ਼ਲੇਸ਼ਣ ਕੀਤਾ ਹੈ। ਵਿਚਾਰਧੀਨ ਸਲੋਕ ਦੀ ਮੂਲ ਧਾਰਾ ਦੀ ਪ੍ਰਾਪਤੀ ਲਈ ਪ੍ਰੇਮ, ਖੇਲਣ, ਚਾਉ, ਸਿਰ ਧਰਿ ਤਲੀ ਦੀ ਭਾਵਨਾ ਦਾ ਹੋਣਾ ਨਿਹਿਤ ਜ਼ਰੂਰੀ ਹੈ। ਗੁਰੂ ਨਾਨਕ ਦੇਵ ਸਾਹਿਬ ਪ੍ਰਭੂ ਨਾਲ ਪ੍ਰੇਮ-ਖੇਡਣ ਦਾ ਵੱਲ ਸਿਖਾਉਂਦੇ ਹੋਏ ਮੌਤ ਤੋਂ ਬੇਖ਼ੌਫ ਹੋਣ ਦੀ ਜੁਗਤੀ ਦ੍ਰਿੜਾਉਂਦੇ ਹਨ।

ਸਮੁੱਚੇ ਰੂਪ ਵਿਚ ਕਹਿ ਸਕਦੇ ਹਾਂ ਕਿ ਇਸ ਪੁਸਤਕ ਵਿਚ ਅਕਾਦਮਿਕ ਪੱਧਰ ਅਤੇ ਆਮ ਪਾਠਕ ਦੇ ਪੱਧਰ ਦੇ ਅਨੁਭਵੀ ਲੇਖ ਦਰਜ ਹਨ। ਸੁਹਿਰਦ ਲੇਖਕ ਇਸ ਪੁਸਤਕ ਵਿਚ ਨਿੱਜੀ ਜੀਵਨ ਦੇ ਰਹੱਸਵਾਦੀ ਅਨੁਭਵਾਂ ਦਾ ਵਰਣਨ ਕਰ ਕੇ ਜਗਿਆਸੂ ਨੂੰ ਰੱਬ ਵੱਲ ਤੁਰਨ ਦਾ ਰਾਹ ਸੁਝਾਉਂਦਾ ਹਨ।

■

# ਪੁਸਤਕ ਰੀਵਿਊ

ਪੁਸਤਕ : ਭਗਤ ਸਿੰਘ ਦੀ ਨਾਸਤਿਕਤਾ (ਇਕ ਪੜਚੋਲ)
ਲੇਖਕ : ਸ. ਕੰਵਰ ਅਜੀਤ ਸਿੰਘ
ਪ੍ਰਕਾਸ਼ਕ : ਗੁਰਮਤਿ ਵਿਚਾਰ ਕੇਂਦਰ, ਸਿਉਨਾ ਰੋਡ, ਪਟਿਆਲਾ।
ਪੰਨੇ : ੨੧੨
ਕੀਮਤ : ੨੯੦ ਰੁਪਏ (ਵਿਦਿਆਰਥੀਆਂ/ਪ੍ਰਚਾਰਕਾਂ ਲਈ: ੧੦੦ ਰੁਪਏ)

ਸ. ਕੰਵਰ ਅਜੀਤ ਸਿੰਘ ਜੀ ਗੁਰਮਤਿ ਦੇ ਸਮਰਪਿਤ ਲੇਖਕ ਹਨ। ਇਨ੍ਹਾਂ ਦੀਆਂ ਹੁਣ ਤਕ ਇਕ ਦਰਜਨ ਪੁਸਤਕਾਂ ਤੇ ਅਨੇਕਾਂ ਟ੍ਰੈਕਟ ਪ੍ਰਕਾਸ਼ਤ ਹੋ ਚੁੱਕੇ ਹਨ। ਸ੍ਰੀ ਦਸਮ ਗ੍ਰੰਥ ਸਬੰਧੀ ਵੀ ਆਪ ਨੇ ਨਿੱਠ ਕੇ ਕਾਰਜ ਕੀਤਾ ਹੈ। ਵਿਚਾਰ ਅਧੀਨ ਪੁਸਤਕ ਸ. ਭਗਤ ਸਿੰਘ ਦੀ ਨਾਸਤਿਕਤਾ (ਇਕ ਪੜਚੋਲ) ਵਿਚ ਕੁਲ ੨੮ ਲੇਖ ਹਨ। ਇਨ੍ਹਾਂ ਵਿਚ 'ਧਰਮ ਕੀ ਹੈ' ਤੋਂ ਲੈ ਕੇ ਧਰਮ ਸਬੰਧੀ ਨਾਸਤਿਕ ਵਾਦੀਆਂ ਦੇ ਉੱਤਰ ਹਨ। ਵਿਸ਼ੇਸ਼ ਕਰਕੇ ਸਮਾਜਵਾਦ ਦਾ ਧਾਰਮਿਕ ਤੇ ਮਨੋਵਿਗਿਆਨਕ ਪੱਖ, ਗ਼ਦਰ ਲਹਿਰ ਦਾ ਪਿਛੋਕੜ, ਨਾਸਤਿਕਵਾਦੀ ਕੂੜ ਪ੍ਰਚਾਰ, ਨਾਸਤਿਕਵਾਦੀਆਂ ਦਾ ਅਹੰਕਾਰੀ ਫ਼ਲਸਫ਼ਾ, ਗੁਰੂ ਨਾਨਕ ਦੇਵ ਜੀ ਦਾ ਸਮਾਜਵਾਦ ਬਨਾਮ ਨਾਸਤਿਕੀ ਸਮਾਜਵਾਦ, ਭਾਈ ਰਣਧੀਰ ਸਿੰਘ ਜੀ ਦੀ ਭਗਤ ਸਿੰਘ ਨਾਲ ਮੁਲਾਕਾਤ, ਦੇਸ਼ ਭਗਤੀ, ਕਿਰਤੀ ਸਮਾਜ, ਸਮਾਜਵਾਦੀ ਨਾਸਤਿਕਾਂ ਨੂੰ ਸਵਾਲ, ਨਾਸਤਿਕਾਂ ਦੀਆਂ ਸਿੱਖੀ ਬਾਰੇ ਕੁਤਰਕਾਂ ਅਤੇ 'ਮੈਂ ਨਾਸਤਿਕ ਕਿਉਂ ਹਾਂ' ਸਬੰਧੀ ਪ੍ਰਸ਼ਨਾਂ ਦੇ ਉੱਤਰ ਬਹੁਤ ਹੀ ਦਲੀਲਪੂਰਕ ਹਨ। ਇਹ ਉੱਤਰ ਬਹੁਤ ਸਾਰੇ ਸ਼ੰਕਾਵਾਦੀਆਂ ਤੇ ਨੀਮ ਨਾਸਤਿਕਤਾ ਦੇ ਪ੍ਰਭਾਵ ਹੇਠ ਦੁਬਿਧਾਵਾਦੀ ਸੋਚਾਂ ਨੂੰ ਸਪੱਸ਼ਟ ਕਰਦੇ ਹਨ। ਇਹ ਪੁਸਤਕ ਸਾਡੇ ਸਿੱਖ ਪ੍ਰਚਾਰਕਾਂ, ਕਥਾ-ਵਾਚਕਾਂ, ਢਾਡੀਆਂ, ਕਵੀਸ਼ਰਾਂ ਤੇ ਲੇਖਕਾਂ ਲਈ ਪੜ੍ਹਨੀ ਜ਼ਰੂਰੀ ਹੈ; ਉਸ ਦਾ ਮੁੱਖ ਕਾਰਨ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਮਹਾਨ ਆਸਤਿਕਵਾਦੀਆਂ ਦੇ ਵਾਰਸ ਹਾਂ। ਉਧਰ ਸਾਡੀ ਨਵੀਂ ਪੀੜ੍ਹੀ ਲਈ ਨਾਸਤਿਕਵਾਦ ਦੀ ਪ੍ਰੇਰਨਾ ਵਾਲਾ ਸਾਹਿਤ ਥੋਪਿਆ ਜਾ ਰਿਹਾ ਹੈ। ਗੁਰਮਤਿ ਵੀ ਤਾਂ ਵਿਗਿਆਨਕ ਸੋਚ ਦੀ ਅਲੰਬਰਦਾਰ ਹੈ। ਸਾਡਾ ਸਹੀ ਪ੍ਰਚਾਰ ਹੀ ਸਹੀ ਦਿਸ਼ਾ ਪ੍ਰਦਾਨ ਕਰੇਗਾ। ਦੂਜੇ ਪਾਸੇ ਸਾਡੇ ਕੁਝ ਲੇਖਕ/ਪ੍ਰਚਾਰਕ ਵੀ ਨਾਸਤਿਕਵਾਦੀ ਦੌੜ ਵਿਚ ਸ਼ਾਮਲ ਹੋ ਗਏ ਹਨ ਜੋ ਅੰਮ੍ਰਿਤ ਵੇਲਾ, ਨਿੱਤਨੇਮ, ਅੰਮ੍ਰਿਤ ਸੰਚਾਰ ਦੀਆਂ ਬਾਣੀਆਂ, ਨਾਮ-ਸਿਮਰਨ ਤੇ ਰੂਹਾਨੀਅਤ ਦੇ ਵਿਸ਼ਿਆਂ ਉੱਪਰ ਹਲਕੇ ਪੱਧਰ ਦੀ ਤਰਕ ਕਰ ਰਹੇ ਹਨ। ਇਹ ਸਿੱਖੀ ਸਿਧਾਂਤਾਂ, ਮਰਯਾਦਾ ਤੇ ਮਹਾਨ ਪਰੰਪਰਾਵਾਂ ਨੂੰ ਵੀ ਢਾਅ ਲਾਈ ਜਾ ਰਹੇ ਹਨ। ਸਮਕਾਲੀ ਸਥਿਤੀਆਂ ਵਿਚ ਲੋੜ ਹੈ ਕਿ ਇਸ ਤਰ੍ਹਾਂ ਦਾ ਗੁਰਮਤਿ ਸਾਹਿਤ ਪੇਸ਼ ਕੀਤਾ ਜਾਵੇ ਜੋ ਸਾਡੇ ਵਿਚ ਗੁਰੂ ਦੇ ਸਿੱਖ ਹੋਣ ਦਾ ਸਵੈਮਾਣ ਪੈਦਾ ਕਰੇ।

*-ਰੀਵਿਊਕਾਰ*

*ਡਾ. ਇੰਦਰਜੀਤ ਸਿੰਘ ਗੋਗੋਆਣੀ*
ਮੋ: +੯੧੯੯੧੫੯-੮੫੫੫੯

# ਮੈਂ ਨਹੀਂ ਕੇਸ ਕਟਾਉਣੇ

*-ਸ. ਬਲਬੀਰ ਸਿੰਘ ਬੇਲੀ**

*ਜਕਰੀਆ ਖਾਂ ਨੂੰ ਸਿੰਘ ਆਖਦਾ,*
*ਰੀਤ ਮੁੱਢ ਤੋਂ ਚੱਲੀ।*
*ਜਾਨ ਤੋਂ ਕੇਸ ਪਿਆਰੇ ਰੱਖੇ,*
*ਲੱਖ ਮੁਸੀਬਤ ਝੱਲੀ।*
*ਵੇਖ ਪਰਖ ਕੇ ਮੈਨੂੰ,*
*ਮੈਂ ਤਾਂ ਸਿਦਕ ਨਿਭਾਵਾਂਗਾ।*
*ਮੈਂ ਨਹੀਂ ਕੇਸ ਕਟਾਉਣੇ,*
*ਧੜ ਤੋਂ ਸੀਸ ਕਟਾਵਾਂਗਾ।*

*ਕੀ ਆਖਦੈਂ ਧਰਮ ਬਦਲ ਦੇ,*
*ਜੇਕਰ ਜਾਨ ਬਚਾਉਣੀ।*
*ਪੁੱਛਾਂ ਤੈਨੂੰ ਈਨ ਹੈ ਮੰਨ ਕੇ,*
*ਕੀ ਫਿਰ ਮੌਤ ਨਾ ਆਉਣੀ?*
*ਸਿੱਖੀ ਦੇ ਵਿਚ ਰਹਿ ਕੇ,*
*ਲਾੜੀ ਮੌਤ ਵਿਆਹਵਾਂਗਾ।*
*ਮੈਂ ਨਹੀਂ ਕੇਸ ਕਟਾਉਣੇ . . .*

*ਸੱਚੇ ਨਾਮ ਦਾ ਧਨ ਹੈ ਸੱਚਾ,*
*ਇਸ ਨੇ ਸਾਥ ਨਿਭਾਣਾ।*
*ਜਿਸ ਧਨ ਦਾ ਲਾਲਚ ਦੇਵੇਂ,*
*ਇਸ ਨੇ ਨਾਲ ਨਾ ਜਾਣਾ।*
*ਕੱਚੇ ਧਨ ਦੀ ਖਾਤਰ,*
*ਮੈਂ ਨਾ ਚਿੱਤ ਡੁਲਾਵਾਂਗਾ।*
*ਮੈਂ ਨਹੀਂ ਕੇਸ ਕਟਾਉਣੇ . . .*

*ਕੀ ਤੂੰ ਆਖੇ ਸਣੇ ਕੇਸਾਂ ਦੇ,*
*ਖੋਪਰ ਮੇਰਾ ਲਾਹੁਣਾ।*
*ਕੈਂਚੀ ਕੱਟੇ ਕੇਸ ਨਾ ਮੇਰੇ*
*ਮੈਂ ਵੀ ਇਹੋਂ ਚਾਹੁਣਾ।*
*ਸੁਣ ਕੇ ਫਤਵਾ ਤੇਰਾ,*
*ਮੈਂ ਨਾ ਕਦੇ ਘਬਰਾਵਾਂਗਾ।*
*ਮੈਂ ਨਹੀਂ ਕੇਸ ਕਟਾਉਣੇ . . .*

*ਤਾਰੂ ਸਿੰਘ ਨੇ ਕਹਿੰਦੇ ਮੈਨੂੰ,*
*ਤਾਰਿਆਂ ਵਾਂਗੂ ਚਮਕਾਂਗਾ।*
*ਮੈਂ ਵੀ ਬਾਜ਼ਾਂ ਵਾਲੇ ਦੇ,*
*ਦੁਲਾਰਿਆਂ ਵਾਂਗੂ ਚਮਕਾਂਗਾ।*
*ਮੈਂ ਵੀ ਬਾਜ਼ਾਂ ਵਾਲੇ ਦੇ*
*ਦੁਲਾਰਿਆਂ ਵਾਂਗੂ ਚਮਕਾਂਗਾ।*
*ਖੂਨੀ ਪੰਨਿਆਂ ਉੱਤੇ 'ਬੇਲੀ'*
*ਨਾਮ ਆਪਣਾ ਲਿਖਾਵਾਂਗਾ।*
*ਮੈਂ ਨਹੀਂ ਕੇਸ ਕਟਾਉਣੇ . . .*

**ਗਲੀ ਸਾਲਗ ਰਾਮ ਵਾਲੀ, ਮਹੱਲਾ ਟਾਂਕ-ਕਸ਼ੱਤਰੀ, ਤਰਨ ਤਾਰਨ। ਮੋ: +੯੧੭੬੯੬੩-੫੭੬੪੬*

ਖ਼ਬਰਨਾਮਾ

## ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ 'ਤੇ ਕਿੰਤੂ ਕਰਨਾ ਮੰਦਭਾਗਾ : ਜਥੇ. ਅਵਤਾਰ ਸਿੰਘ

ਸ੍ਰੀ ਅੰਮ੍ਰਿਤਸਰ ੧੪ ਜੂਨ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਬੀਤੇ ਕੱਲ੍ਹ ਟਕਸਾਲ ਨਾਲ ਸੰਬੰਧਿਤ ਕੁਝ ਵਿਦਿਆਰਥੀਆਂ ਵੱਲੋਂ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ 'ਤੇ ਕੀਤੇ ਕਿੰਤੂ-ਪ੍ਰੰਤੂ ਨੂੰ ਸਿੱਖ-ਪੰਥ ਲਈ ਮੰਦਭਾਗਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਬੇਹੱਦ ਸੰਜੀਦਾ ਮਸਲਾ ਹੈ ਅਤੇ ਅਜਿਹੇ ਮਸਲਿਆਂ ਬਾਰੇ ਬੋਲਣ ਤੋਂ ਪਹਿਲਾਂ ਹਰੇਕ ਸਿੱਖ ਜਥੇਬੰਦੀ ਨੂੰ ਕਈ ਵਾਰ ਸੋਚਣਾ ਚਾਹੀਦਾ ਹੈ। ਸ਼੍ਰੋਮਣੀ ਗੁ. ਪ੍ਰ. ਕਮੇਟੀ ਪ੍ਰਧਾਨ ਨੇ ਇਸ ਸਬੰਧੀ ਸਪੱਸ਼ਟ ਕਰਦਿਆਂ ਕਿਹਾ ਕਿ ਇਸ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਨੂੰ ਸਮੁੱਚੇ ਸਿੱਖ ਪੰਥ ਵੱਲੋਂ ਪ੍ਰਵਾਨਿਆ ਜਾ ਚੁੱਕਾ ਹੈ ਅਤੇ ਇਸ ਦਾ ਪਿਛਲੇ ਸੱਤਰ ਸਾਲਾਂ ਤੋਂ ਸੰਗਤਾਂ ਵਿਚ ਵਿਤਰਨ ਹੋ ਰਿਹਾ ਹੈ।

ਜਿਸ ਸਿੱਖ ਜਥੇਬੰਦੀ ਦੇ ਕੁਝ ਲੋਕਾਂ ਵੱਲੋਂ ਇਸ ਦੀ ਮਾਨਤਾ 'ਤੇ ਸ਼ੰਕਾ ਪੈਦਾ ਕੀਤੀ ਗਈ ਹੈ, ਇਤਿਹਾਸ ਗਵਾਹ ਹੈ ਕਿ ਉਸੇ ਸੰਸਥਾ ਦੇ ਰਹਿ ਚੁੱਕੇ ਮੁਖੀਆਂ ਵੱਲੋਂ ਇਸ ਦੀ ਮਾਨਤਾ ਨੂੰ ਸਵੀਕਾਰ ਕਰਦਿਆਂ ਆਪਣੇ ਉਨ੍ਹਾਂ ਵਿਦਿਆਰਥੀਆਂ ਨੂੰ ਇਸ ਸਿੱਖ ਰਹਿਤ ਮਰਯਾਦਾ ਦਾ ਪਾਲਣ ਅਤੇ ਪ੍ਰਚਾਰ ਕਰਨ ਲਈ ਵੀ ਕਿਹਾ ਗਿਆ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੰਥਕ ਪ੍ਰਬੰਧ ਹੇਠ ਗੁਰਦੁਆਰਾ ਸਾਹਿਬਾਨ ਅੰਦਰ ਸੇਵਾ ਨਿਭਾਉਂਦੇ ਰਹੇ। ਉਨ੍ਹਾਂ ਕਿਹਾ ਕਿ ਦਮਦਮੀ ਟਕਸਾਲ ਨਾਲ ਸੰਬੰਧਿਤ ਹੀ ਅਨੇਕਾਂ ਵਿਦਿਆਰਥੀਆਂ ਨੇ ਵੱਡੀਆਂ ਪੰਥਕ ਸੇਵਾਵਾਂ ਨਿਭਾਉਂਦਿਆਂ ਇਸ ਪੰਥਕ ਰਹਿਤ ਮਰਯਾਦਾ ਦੀ ਪਹਿਰੇਦਾਰੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਅੰਦਰ ਪੰਥ ਅਤੇ ਪੰਥਕ ਪਰਿਵਾਰ ਦੇ ਹਰੇਕ ਗੁਰਸਿੱਖ ਮੈਂਬਰ ਲਈ ਗੁਰੂ ਪੰਥ ਵੱਲੋਂ ਕੁਝ ਅਸੂਲ ਨਿਰਧਾਰਤ ਕੀਤੇ ਗਏ ਹਨ, ਜਿਨ੍ਹਾਂ ਦੀ ਪਾਲਣਾ ਕਰਨਾ ਹਰ ਗੁਰਸਿੱਖ ਲਈ ਜ਼ਰੂਰੀ ਹੈ। ਇਹ ਸਿੱਖ ਰਹਿਤ ਮਰਯਾਦਾ ਸੁਯੋਗ ਤੇ ਗੁਰੂ ਬਖਸ਼ਿਸ਼ ਵਾਲੇ ਗੁਰਸਿੱਖਾਂ ਵੱਲੋਂ ਗੁਰਬਾਣੀ ਦੇ ਉਪਦੇਸ਼ ਤੇ ਦਿਸ਼ਾ-ਨਿਰਦੇਸ਼ਾਂ ਹੇਠ ਡੂੰਘੀਆਂ ਵਿਚਾਰਾਂ ਉਪਰੰਤ ਤਿਆਰ ਕੀਤਾ ਗਿਆ ਮਹੱਤਵਪੂਰਨ ਦਸਤਾਵੇਜ਼ ਹੈ। ਸਿੱਖ ਰਹਿਤ ਮਰਯਾਦਾ ਪੰਥਕ ਜੀਵਨ ਜਿਉਣ ਵਾਲਿਆਂ ਲਈ ਵਿਧਾਨ ਹੈ, ਜਿਸ ਨੂੰ ਸਾਡੇ ਪੁਰਖਿਆਂ ਨੇ ਗੁਰੂ ਗ੍ਰੰਥ ਤੇ ਗੁਰੂ ਪੰਥ ਦੇ ਅਦਬ-ਸਤਿਕਾਰ ਤੇ ਮਹਾਨਤਾ ਨੂੰ ਸਵੀਕਾਰਦਿਆਂ ਤਿਆਰ ਕੀਤਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵਿਅਕਤੀਗਤ ਡੇਰੇ, ਟਕਸਾਲ, ਸੰਪਰਦਾ, ਜਥੇਬੰਦੀ ਸਭਾ-ਸੁਸਾਇਟੀ ਆਦਿ ਦੇ ਆਪਣੇ ਨਿੱਜੀ ਅਸੂਲ ਤਾਂ ਹੋ ਸਕਦੇ ਹਨ ਪਰ ਪੰਥਕ ਪਰਿਵਾਰ ਦੇ ਹਰੇਕ ਗੁਰਸਿੱਖ ਮੈਂਬਰ ਵਾਸਤੇ ਜੋ ਅਸੂਲ ਹਨ ਉਹ ਪੰਥ ਪ੍ਰਵਾਨਿਤ ਸਿੱਖ

ਰਹਿਤ ਮਰਯਾਦਾ ਵਿਚ ਅੰਕਿਤ ਹਨ, ਜਿਸ ਨੂੰ ਸਿੱਖ ਕੌਮ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਚਾਰਨ ਦਾ ਫਰਜ਼ ਨਿਭਾਅ ਰਹੀ ਹੈ।

ਉਨ੍ਹਾਂ ਵਿਸ਼ੇਸ਼ ਤੌਰ 'ਤੇ ਉਲੇਖ ਕਰਦਿਆਂ ਕਿਹਾ ਕਿ ਸਿੱਖਾਂ ਦੇ ਸਰਬਉੱਚ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਇਸ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਅਨੁਸਾਰ ਹੀ ਫੈਸਲੇ ਲਏ ਜਾਂਦੇ ਹਨ ਅਤੇ ਪੰਥਕ ਰਹੁ-ਰੀਤਾਂ ਨੂੰ ਨਿਭਾਇਆ ਜਾਂਦਾ ਹੈ। ਸਿੱਖ ਨੂੰ ਪੰਥਕ ਰਹਿਣੀ ਦਾ ਅੰਗ ਬਣਾਉਣ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਇਹੀ ਸਿੱਖ ਰਹਿਤ ਮਰਯਾਦਾ ਦ੍ਰਿੜ੍ਹ ਕਰਵਾਈ ਜਾਂਦੀ ਹੈ। ਇਸ ਲਈ ਸਿੱਖ ਰਹਿਤ ਮਰਯਾਦਾ ਨੂੰ ਚੁਣੌਤੀ ਦੇਣੀ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ ਮਰਯਾਦਾ ਨੂੰ ਚੁਣੌਤੀ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਏਕਤਾ, ਇਕਸੁਰਤਾ ਤੇ ਇਕਸਾਰਤਾ ਦੇ ਮੱਦੇਨਜ਼ਰ ਸਿੱਖ ਰਹਿਤ ਮਰਯਾਦਾ 'ਤੇ ਕਿਸੇ ਨੂੰ ਸਵਾਲੀਆ ਚਿੰਨ੍ਹ ਲਗਾਉਣ ਦਾ ਅਧਿਕਾਰ ਨਹੀਂ ਹੈ ਅਤੇ ਜੋ ਅਜਿਹਾ ਕਰਦੇ ਹਨ ਉਹ ਸਿੱਖ ਪੰਥ ਦੀ ਚੜ੍ਹਦੀ ਕਲਾ ਦੇ ਕਿਸੇ ਤਰ੍ਹਾਂ ਵੀ ਮੁੱਦਈ ਨਹੀਂ ਹੋ ਸਕਦੇ। ਅੱਜ ਸਿੱਖ ਜਥੇਬੰਦੀਆਂ ਅਤੇ ਸੰਪ੍ਰਦਾਵਾਂ ਦੇ ਮੁਖੀਆਂ ਨੂੰ ਇਸ ਪਾਸੇ ਵਿਸ਼ੇਸ਼ ਤਵੱਜੋਂ ਦਿੰਦਿਆਂ ਪੰਥ ਨੂੰ ਨਵੀਂਆਂ ਚੁਣੌਤੀਆਂ ਤੋਂ ਬਚਾਉਣ ਲਈ ਸੁਹਿਰਦ ਭੂਮਿਕਾ ਨਿਭਾਉਣੀ ਚਾਹੀਦੀ ਹੈ ਤਾਂ ਜੋ ਪੰਥ ਵਿਚ ਵੰਡੀਆਂ ਨਾ ਪੈਣ।

## ਜਥੇ. ਅਵਤਾਰ ਸਿੰਘ ਨੇ ਸ. ਵਰਿੰਦਰ ਸਿੰਘ ਨੂੰ ਕੈਲੀਫੋਰਨੀਆ ਵਿਚ ਪਹਿਲਾ ਸਿੱਖ ਪੁਲਿਸ ਅਧਿਕਾਰੀ ਬਣਨ ਲਈ ਵਧਾਈ ਦਿੱਤੀ

ਸ੍ਰੀ ਅੰਮ੍ਰਿਤਸਰ ੧੬ ਜੂਨ : ਜਥੇਦਾਰ ਅਵਤਾਰ ਸਿੰਘ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਮਰੀਕੀ ਸੂਬੇ ਕੈਲੀਫੋਰਨੀਆ ਦੇ ਮੋਡੈਸਟੋ ਸ਼ਹਿਰ 'ਚ ਸ. ਵਰਿੰਦਰ ਸਿੰਘ ਵੱਲੋਂ ਪਹਿਲੇ ਸਿੱਖ ਪੁਲਿਸ ਅਧਿਕਾਰੀ ਵਜੋਂ ਸਹੁੰ ਚੁੱਕਣ 'ਤੇ ਵਧਾਈ ਦਿੰਦਿਆਂ ਕਿਹਾ ਕਿ ਇਸ ਨਿਯੁਕਤੀ ਨਾਲ ਸਿੱਖਾਂ ਦਾ ਸਿਰ ਮਾਣ ਨਾਲ ਉੱਚਾ ਹੋਇਆ ਹੈ।

ਉਨ੍ਹਾਂ ਕਿਹਾ ਕਿ ਸਿੱਖਾਂ ਨੇ ਵਿਸ਼ਵ ਪੱਧਰ 'ਤੇ ਆਪਣੀ ਅਣਥੱਕ ਮਿਹਨਤ ਸਦਕਾ ਪੰਜਾਬ ਅਤੇ ਪੰਜਾਬੀਅਤ ਦਾ ਪੂਰੀ ਦੁਨੀਆ 'ਚ ਨਾਮ ਰੋਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਕੈਲੀਫੋਰਨੀਆ ਦੇ ਮੋਡੈਸਟੋ ਪੁਲਿਸ ਵਿਭਾਗ ਵਿਚ ਅਧਿਕਾਰੀਆਂ ਲਈ ਦਸਤਾਰ ਸਜਾਉਣੀ ਤੇ ਦਾੜੀ ਰੱਖਣੀ ਲਾਜ਼ਮੀ ਨਾ ਹੋਣ ਦੇ ਬਾਵਜੂਦ ਪੁਲਿਸ ਮੁਖੀ ਗੇਲੇਨ ਕੇਰੋਲ ਵੱਲੋਂ ਸ. ਵਰਿੰਦਰ ਸਿੰਘ ਨੂੰ ਦਸਤਾਰ ਤੇ ਦਾੜੀ ਸਮੇਤ ਡਿਊਟੀ 'ਤੇ ਆਉਣ ਦੀ ਆਗਿਆ ਦੇਣੀ ਸ਼ਲਾਘਾਯੋਗ ਫੈਸਲਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਕੈਨੇਡਾ ਦੀ ਨਵੀਂ ਬਣੀ ਟਰੂਡੋ ਸਰਕਾਰ ਨੇ ਸ. ਹਰਜੀਤ ਸਿੰਘ ਸੱਜਣ ਨੂੰ ਰੱਖਿਆ ਮੰਤਰੀ ਬਣਾ ਕੇ ਸਿੱਖਾਂ ਨੂੰ ਬਣਦਾ ਸਤਿਕਾਰ ਦਿੱਤਾ ਸੀ।

ਉਨ੍ਹਾਂ ਕਿਹਾ ਕਿ ਕੈਲੀਫੋਰਨੀਆ ਵਾਂਗ ਹੋਰਨਾਂ ਦੇਸ਼ਾਂ ਨੂੰ ਵੀ ਚਾਹੀਦਾ ਹੈ ਕਿ ਉਹ ਸਿੱਖਾਂ ਦੀ ਪਹਿਚਾਣ ਨੂੰ ਲੈ ਕੇ ਆਪਣੇ ਭੁਲੇਖੇ ਦੂਰ ਕਰਦਿਆਂ ਉਨ੍ਹਾਂ ਨੂੰ ਬਣਦਾ ਰੁਤਬਾ ਦੇਣ।

# ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ

## ਡੇਰਾ ਬਾਬਾ ਨਾਨਕ ਵਿਖੇ ਅੰਮ੍ਰਿਤ-ਸੰਚਾਰ ਸਮਾਗਮ

ਭਾਈ ਗੁਰਵਿੰਦਰ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ ਵਿਖੇ ੧੫ ਅਪ੍ਰੈਲ, ੨੦੧੯ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ਕੁੱਲ ੭੦੦ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕਰ ਕੇ ਗੁਰੂ ਵਾਲੇ ਬਣੇ।

ਅੰਮ੍ਰਿਤ-ਸੰਚਾਰ ਸਮਾਗਮ ਤੋਂ ਪਹਿਲਾਂ ਹਲਕੇ ਦੇ ਵੱਖ-ਵੱਖ ਨਗਰਾਂ ਵਿਚ ਗੁਰਮਤਿ ਦੀਵਾਨ ਸਜਾਏ ਗਏ ਜਿਨ੍ਹਾਂ ਵਿਚ ਭਾਈ ਲਖਬੀਰ ਸਿੰਘ ਤੇੜੀ ਕਵੀਸ਼ਰ, ਭਾਈ ਸ਼ਿਵਤਾਰ ਸਿੰਘ ਪ੍ਰਚਾਰਕ ਅਤੇ ਭਾਈ ਗੁਰਵਿੰਦਰ ਸਿੰਘ ਪ੍ਰਚਾਰਕ ਨੇ ਸੰਗਤਾਂ ਨੂੰ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਲਈ ਪ੍ਰੇਰਿਆ। ਸਮੁੱਚੇ ਸਮਾਗਮ ਦੀ ਸਫਲਤਾ ਲਈ ਜਥੇ. ਅਮਰੀਕ ਸਿੰਘ ਸ਼ਾਹਪੁਰ ਗੁਰਾਇਆ, ਮੈਂਬਰ, ਸ਼੍ਰੋਮਣੀ.ਗੁ.ਪ੍ਰ. ਕਮੇਟੀ ਅਤੇ ਮੈਨੇਜਰ ਗੁ. ਸ੍ਰੀ ਦਰਬਾਰ ਸਾਹਿਬ, ਡੇਰਾ ਬਾਬਾ ਨਾਨਕ ਨੇ ਵਿਸ਼ੇਸ਼ ਸਹਿਯੋਗ ਦਿੱਤਾ।

## ਪਿੰਡ ਚਾਚੋਵਾਲੀ ਵਿਖੇ ਅੰਮ੍ਰਿਤ-ਸੰਚਾਰ

ਭਾਈ ਦਿਲਬਾਗ ਸਿੰਘ ਭੰਗਾਲੀ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਬਾਬਾ ਲੰਗਾਹ ਜੀ, ਪਿੰਡ ਚਾਚੋਵਾਲੀ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ੬ ਮਈ, ੨੦੧੯ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ਕੁੱਲ ੫੦ ਪ੍ਰਾਣੀਆਂ ਨੇ ਅੰਮ੍ਰਿਤ-ਪਾਨ ਕੀਤਾ। ਅੰਮ੍ਰਿਤ-ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਕਕਾਰ ਭੇਟਾ-ਰਹਿਤ ਦਿੱਤੇ ਗਏ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਇਸ ਸਮਾਗਮ ਲਈ ਧਰਮ ਪ੍ਰਚਾਰ ਕਮੇਟੀ ਦਾ ਧੰਨਵਾਦ ਕੀਤਾ ਗਿਆ।

## ਜ਼ਿਲ੍ਹਾ ਸੰਗਰੂਰ ਵਿਖੇ ਅੰਮ੍ਰਿਤ-ਸੰਚਾਰ

ਇੰਚਾਰਜ, ਸਬ-ਆਫ਼ਿਸ (ਧਰਮ ਪ੍ਰਚਾਰ ਕਮੇਟੀ) ਤਖਤ ਸ੍ਰੀ ਦਮਦਮਾ ਸਾਹਿਬ (ਗੁਰੂ ਕਾਂਸ਼ੀ) ਤਲਵੰਡੀ ਸਾਬੋ (ਬਠਿੰਡਾ) ਵੱਲੋਂ ਪੁੱਜੀ ਰਿਪੋਰਟ ਅਨੁਸਾਰ ੯ ਮਈ, ੨੦੧੯ ਨੂੰ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਕੜਿਆਲ, ਜ਼ਿਲ੍ਹਾ ਸੰਗਰੂਰ ਵਿਖੇ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ਕੁੱਲ ੭੦ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-

ਰਹਿਤ ਦਿੱਤੇ ਗਏ।

## ਪਿੰਡ ਬੰਡਾਲਾ ਵਿਖੇ ਅੰਮ੍ਰਿਤ-ਸੰਚਾਰ

ਭਾਈ ਹਰਪ੍ਰੀਤ ਸਿੰਘ ਵਡਾਲਾ ਜੌਹਲ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਪਿੰਡ ਬੰਡਾਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਦੇ ਮੈਂਬਰ ਜਥੇ. ਅਮਰਜੀਤ ਸਿੰਘ ਬੰਡਾਲਾ ਦੇ ਵਿਸ਼ੇਸ਼ ਸਹਿਯੋਗ ਨਾਲ ੩੦ ਮਾਰਚ, ੨੦੧੬ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਕੁੱਲ ੮੭ ਪ੍ਰਾਣੀ ਅੰਮ੍ਰਿਤ-ਪਾਨ ਕਰ ਕੇ ਗੁਰੂ ਵਾਲੇ ਬਣੇ।

## ਧਰਮ ਪ੍ਰਚਾਰ ਕਮੇਟੀ ਵੱਲੋਂ ਅੰਮ੍ਰਿਤ-ਸੰਚਾਰ

ਭਾਈ ਰਾਜਪਾਲ ਸਿੰਘ ਅਤੇ ਭਾਈ ਮੰਗਲ ਸਿੰਘ ਪ੍ਰਚਾਰਕ ਗੁਰਦੁਆਰਾ ਅੰਬ ਸਾਹਿਬ ਮੋਹਾਲੀ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਜਥੇ. ਨਿਰਮੈਲ ਸਿੰਘ ਜੌਲਾਂ ਕਲਾਂ, ਮੈਂਬਰ, ਸ਼੍ਰੋਮਣੀ ਗੁ.ਪ੍ਰ. ਕਮੇਟੀ ਦੇ ਸਹਿਯੋਗ ਨਾਲ ਪਿੰਡ ਜਿਊਲੀ, ਤਹਿਸੀਲ ਡੇਰਾ ਬੱਸੀ, ਮੋਹਾਲੀ ਵਿਖੇ ੧੦ ਅਪ੍ਰੈਲ, ੨੦੧੬ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ਕੁੱਲ ੬੦ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ ਰਹਿਤ ਦਿੱਤੇ ਗਏ।

## ਜ਼ੀਰਕਪੁਰ ਵਿਖੇ ਗੁਰਮਤਿ ਸਮਾਗਮ

ਭਾਈ ਬਲਦੇਵ ਸਿੰਘ ਓਗਰਾ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਜਥੇ. ਨਿਰਮੈਲ ਸਿੰਘ ਜੌਲਾਂ ਕਲਾਂ, ਮੈਂਬਰ, ਸ਼੍ਰੋਮਣੀ ਗੁ.ਪ੍ਰ. ਕਮੇਟੀ ਹਲਕਾ ਡੇਰਾ ਬੱਸੀ ਵੱਲੋਂ ਉਪਰਾਲਾ ਕਰ ਕੇ ਗੁਰਦੁਆਰਾ ਅਕਾਲੀ ਕੌਰ ਸਿੰਘ, ਜ਼ੀਰਕਪੁਰ ਵਿਖੇ ੧੧ ਅਪ੍ਰੈਲ, ੨੦੧੬ ਨੂੰ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ਭਾਈ ਪਰਵਿੰਦਰ ਸਿੰਘ ਅਤੇ ਭਾਈ ਜਸਵੀਰ ਸਿੰਘ ਪ੍ਰਚਾਰਕ ਨੇ ਸੰਗਤਾਂ ਨੂੰ ਗੁਰਬਾਣੀ ਅਤੇ ਗੁਰ-ਇਤਿਹਾਸ ਦੀ ਕਥਾ ਨਾਲ ਨਿਹਾਲ ਕੀਤਾ। ਜਿਸ ਸਮੇਂ ਹੋਏ ਅੰਮ੍ਰਿਤ-ਸੰਚਾਰ ਦੌਰਾਨ ਕੁੱਲ ੨੦ ਪ੍ਰਾਣੀ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ। ਇਸ ਮੌਕੇ ਸ. ਭਜਨ ਸਿੰਘ ਪ੍ਰਧਾਨ, ਸ. ਦਲੀਪ ਸਿੰਘ, ਸ. ਸੁਰਿੰਦਰ ਸਿੰਘ ਧਰਮਗੜ੍ਹ ਅਤੇ ਭਾਈ ਬਲਜੀਤ ਸਿੰਘ ਹੈੱਡ ਗ੍ਰੰਥੀ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ। ■

ਗੋਲਡਨ ਆਫਸੈੱਟ ਪ੍ਰੈੱਸ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਸ. ਦਿਲਜੀਤ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕੀਤਾ। *ਮਿਤੀ 5-7-2016*